@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला


# ਕੌਮੀ ਪਤ੍ਰਿਕਾ

Qaumi Patrika NO.1
Punjabi National Daily
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Wednesday, 4 September 2024
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਬੁੱਧਵਾਰ 4 ਸਤੰਬਰ 2024, 19 ਭਾਦੋਂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 299, qpatrika@gmail.com ਫੋਨ : 9971359517 www.qaumipatrika.org

## ਜੰਮੂ-ਕਸ਼ਮੀਰ 'ਚ ਸੱਤਾ 'ਚ ਆਉਣ 'ਤੇ ਨੈਸ਼ਨਲ ਕਾਨਫਰੰਸ 'ਅਫਸਪਾ' ਹਟਾਉਣ ਨੂੰ ਪਹਿਲ ਦੇਵੇਗੀ : ਉਮਰ ਅਬਦੁੱਲਾ

ਸ਼੍ਰੀਨਗਰ 3 ਸਤੰਬਰ। ਨੈਸਨਲ ਕਾਨਫਰੰਸ ਦੇ ਉਪ ਪ੍ਰਧਾਨ ਉਮਰ ਅਬਦੁੱਲਾ ਨੇ ਸਨੀਵਾਰ ਨੂੰ ਕਿਹਾ ਕਿ ਜੇਕਰ ਉਨ੍ਹਾਂ ਦੀ ਪਾਰਟੀ ਸੱਤਾ ਵਿਚ ਆਉਂਦੀ ਹੈ ਤਾਂ ਉਹ ਜੰਮੂ-ਕਸਮੀਰ ਤੋਂ 'ਅਫਸਪਾ' ਹਟਾਉਣ ਨੂੰ ਪਹਿਲ ਦੇਵੇਗੀ ਅਤੇ ਕਸਮੀਰੀ ਨੌਜਵਾਨਾਂ 'ਤੇ ਹੋ ਰਹੇ 'ਜੁਲਮ' ਨੂੰ ਖਤਮ ਕਰੇਗੀ। ਅਬਦੁੱਲਾ, ਜਦੋਂ ਉਹ 2012 ਵਿਚ ਜੰਮੂ ਅਤੇ ਕਸਮੀਰ ਰਾਜ ਦੇ ਮੁੱਖ ਮੰਤਰੀ ਸਨ, ਨੇ ਵਿਵਾਦਪੂਰਨ ਹਥਿਆਰਬੰਦ ਬਲ (ਵਿਸੇਸ ਸਕਤੀਆਂ) ਐਕਟ (ਅਫਸਪਾ) ਨੂੰ ਹਟਾਉਣ ਦੀ ਵਕਾਲਤ ਕੀਤੀ ਸੀ। ਉਨ੍ਹਾਂ ਨੇ ਇੱਥੋਂ ਤੱਕ ਐਲਾਨ ਕੀਤਾ ਸੀ ਕਿ ਅਫਸਪਾ ਨੂੰ ਉਨ੍ਹਾਂ ਦੇ ਕਾਰਜਕਾਲ ਦੌਰਾਨ ਹਟਾ ਦਿੱਤਾ ਜਾਵੇਗਾ, ਪਰ ਇਸ ਪ੍ਰਸਤਾਵ ਨੂੰ ਫੌਜ ਦੇ ਸਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਪਾਰਟੀ ਵਿਚ ਪ੍ਰਮੁੱਖ ਸਿਆਸੀ ਵਰਕਰਾਂ



ਦਾ ਸਵਾਗਤ ਕਰਦਿਆਂ ਅਬਦੁੱਲਾ ਨੇ ਕਿਹਾ, "ਪਾਰਟੀ (ਨੈਸਨਲ ਕਾਨਫਰੰਸ) ਆਪਣੇ ਚੋਣ ਮਨੋਰਥ ਪੱਤਰ ਵਿਚ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਆਪਣੀ ਅਟੱਲ ਵਚਨਬੱਧਤਾ ਨੂੰ ਦੁਹਰਾਉਂਦੀ ਹੈ। ਜੇਕਰ ਵੋਟਿੰਗ ਹੋਈ ਤਾਂ ਨੈਸਨਲ ਕਾਨਫਰੰਸ ਦੀ ਅਗਵਾਈ ਵਾਲੀ ਸਰਕਾਰ ਅਫਸਪਾ ਨੂੰ ਹਟਾਉਣ ਨੂੰ ਪਹਿਲ ਦੇਵੇਗੀ, ਜਿਸ ਨਾਲ ਸਾਡੇ ਨੌਜਵਾਨਾਂ 'ਤੇ ਹੋ ਰਹੇ ਜੁਲਮ ਨੂੰ ਰੋਕਿਆ ਜਾ ਸਕੇਗਾ। ਪਾਰਟੀ ਦੇ ਮੈਨੀਫੈਸਟੋ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਅਬਦੁੱਲਾ ਨੇ ਕਿਹਾ ਕਿ ਇਹ ਅਸਲ ਵਿਚ ਜੰਮੂ-ਕਸਮੀਰ ਦੇ ਲੋਕਾਂ ਦੀਆਂ ਇੱਛਾਵਾਂ ਨੂੰ ਦਰਸਾਉਂਦਾ ਹੈ। ਇਸੇ ਕਰਕੇ ਭਾਜਪਾ ਨੇ ਇਸ ਨੂੰ ਰੱਦ ਕਰ ਦਿੱਤਾ। ਉਨ੍ਹਾਂ ਚਿਤਾਵਨੀ ਦਿੱਤੀ ਕਿ "ਨੈਸਨਲ ਕਾਨਫਰੰਸ ਅਤੇ ਇਸਦੇ ਸਹਿਯੋਗੀਆਂ ਤੋਂ ਇਲਾਵਾ ਹੋਰਨਾਂ ਪਾਰਟੀਆਂ ਦੇ ਪੱਖ ਵਿਚ ਪਾਈ ਗਈ ਹਰੇਕ ਵੋਟ ਭਾਜਪਾ ਨੂੰ ਹੀ ਮਜਬੂਤ ਕਰੇਗੀ, ਭਾਵੇਂ ਕੋਈ ਵੀ ਪਾਰਟੀ ਚੁਣੀ ਜਾਵੇ।"

## ਕੇਂਦਰ ਹਿੰਦੂਆਂ ਦੀ ਸੁਰੱਖਿਆ ਯਕੀਨੀ ਕਰਨ ਲਈ ਬੰਗਲਾਦੇਸ਼ ਨਾਲ ਕਰੇ ਗੱਲ : ਆਰ.ਐੱਸ.ਐੱਸ.

ਪਲੱਕੜ 3 ਸਤੰਬਰ। ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਦੇ ਰਾਸ਼ਟਰੀ ਕੋਆਰਡੀਨੇਟਰ ਸੰਮੇਲਨ ਨੇ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਤੋਂ ਹਿੰਦੂਆਂ ਅਤੇ ਹੋਰ ਘੱਟ ਗਿਣਤੀ ਭਾਈਚਾਰਿਆਂ ਦੀ ਸੁਰੱਖਿਆ ਯਕੀਨੀ ਕਰਨ ਲਈ ਬੰਗਲਾਦੇਸ਼ ਸਰਕਾਰ ਨਾਲ ਗੱਲਬਾਤ ਕਰਨ ਦੀ ਅਪੀਲ ਕੀਤੀ ਹੈ। ਆਰ.ਐੱਸ.ਐੱਸ. ਦੇ ਅਖਿਲ ਭਾਰਤੀ ਪ੍ਰਚਾਰ ਮੁਖੀ ਸੁਨੀਲ ਆਂਬੇਕਰ ਨੇ ਪੱਤਰਕਾਰ ਸੰਮੇਲਨ 'ਚ ਕਿਹਾ ਕਿ ਸੋਮਵਾਰ ਨੂੰ ਇੱਥੇ ਸੰਪੰਨ ਹੋਏ ਤਿੰਨ ਦਿਨਾ ਸੰਮੇਲਨ 'ਕੋਆਰਡੀਨੇਟਰ ਬੈਠਕ' 'ਚ ਬੰਗਲਾਦੇਸ਼ ਦੀ ਸਥਿਤੀ ਨੂੰ 'ਬਹੁਤ





ਸੰਵੇਦਨਸ਼ੀਲ ਮੁੱਦਾ' ਦੱਸਿਆ ਗਿਆ। ਉਨ੍ਹਾਂ ਕਿਹਾ ਕਿ ਬੈਠਕ ਦੌਰਾਨ ਵੱਖ-ਵੱਖ ਸੰਗਠਨਾਂ ਨੇ ਬੰਗਲਾਦੇਸ਼ ਦੀ ਸਥਿਤੀ 'ਤੇ ਵੇਰਵਾ ਰਿਪੋਰਟ ਪੇਸ਼ ਕੀਤੀ। ਆਂਬੇਕਰ ਨੇ ਕਿਹਾ,"ਬੇਸ਼ੱਕ ਇਹ ਬਹੁਤ ਸੰਵੇਦਨਸ਼ੀਲ ਮੁੱਦਾ ਹੈ। ਬੰਗਲਾਦੇਸ਼ 'ਚ ਹਿੰਦੂਆਂ ਅਤੇ ਹੋਰ ਘੱਟ ਗਿਣਤੀਆਂ ਨੂੰ ਲੈ ਕੇ ਹਰ ਕੋਈ ਚਿੰਤਤ ਹੈ।" ਉਨ੍ਹਾਂ ਕਿਹਾ ਕਿ ਵੱਖ-ਵੱਖ ਸੰਗਠਨਾਂ ਨੇ ਆਪਣੇ ਪ੍ਰਤੀਨਿਧੀਆਂ ਅਤੇ ਬਿਆਨਾਂ ਦੇ ਮਾਧਿਅਮ ਨਾਲ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਬੰਗਲਾਦੇਸ਼ ਸਰਕਾਰ ਨਾਲ ਮਿਲ ਕੇ ਕੰਮ ਕਰਨ ਤਾਂ ਕਿ ਉੱਥੇ ਹਿੰਦੂਆਂ ਅਤੇ ਹੋਰ ਘੱਟ ਗਿਣਤੀਆਂ ਦੀ ਸੁਰੱਖਿਆ ਯਕੀਨੀ ਕੀਤੀ ਜਾ ਸਕੇ। ਸ਼ੇਖ ਹਸੀਨਾ ਦੇ ਪ੍ਰਧਾਨ ਮੰਤਰੀ ਅਹੁਦੇ ਤੋਂ ਅਸਤੀਫਾ ਦੇ ਕੇ ਭਾਰਤ ਆਉਣ ਤੋਂ ਬਾਅਦ ਬੰਗਲਾਦੇਸ਼ 'ਚ ਕਈ ਹਿੰਦੂ ਮੰਦਰਾਂ, ਮਕਾਨਾਂ ਅਤੇ ਵਪਾਰਕ ਅਦਾਰਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਨੌਕਰੀਆਂ 'ਚ ਵਿਵਾਦਿਤ ਕੋਟਾ ਪ੍ਰਣਾਲੀ ਨੂੰ ਲੈ ਕੇ ਸ਼ੇਖ ਹਸੀਨਾ ਦੀ ਅਗਵਾਈ ਵਾਲੀ ਸਰਕਾਰ ਖ਼ਿਲਾਫ ਹਿੰਸਕ ਪ੍ਰਦਰਸ਼ਨਾਂ ਤੋਂ ਬਾਅਦ ਦੇਸ਼ 'ਚ ਹੱਲਚੱਲ ਪੈਦਾ ਹੋ ਗਈ।

# ਪ੍ਰਧਾਨ ਮੰਤਰੀ ਮੋਦੀ ਬਰੂਨੇਈ ਪਹੁੰਚੇ, ਕ੍ਰਾਊਨ ਪ੍ਰਿੰਸ ਨੇ ਕੀਤਾ ਸਵਾਗਤ

ਸਿੰਮੀ ਕੌਰ ਬੱਬਰ

ਬਰੂਨੇਈ 3 ਸਤੰਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਰੂਨੇਈ ਦਾਰੂਸਲਮ ਪਹੁੰਚ ਗਏ ਹਨ। ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਇਹ ਪਹਿਲੀ ਦੁਵੱਲੀ ਯਾਤਰਾ ਹੈ। ਕ੍ਰਾਊਨ ਪ੍ਰਿੰਸ ਹਾਜੀ ਅਲ-ਮੁਹਤਾਦੀ ਬਿੱਲਾ ਨੇ ਪ੍ਰਧਾਨ ਮੰਤਰੀ ਦਾ ਸਵਾਗਤ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੀ ਦੋ ਦੇਸਾਂ ਦੀ ਯਾਤਰਾ ਦੇ ਪਹਿਲੇ ਪੜਾਅ 'ਤੇ ਮੰਗਲਵਾਰ ਨੂੰ ਬਰੂਨੇਈ ਪਹੁੰਚੇ। ਇੱਥੇ ਉਹ ਦੇਸ ਦੀ ਚੋਟੀ ਦੀ ਲੀਡਰਸ਼ਿਪ ਨਾਲ ਗੱਲਬਾਤ ਕਰਨਗੇ ਅਤੇ ਦੁਵੱਲੇ ਸਬੰਧਾਂ ਨੂੰ ਹੁਲਾਰਾ ਦੇਣ ਦੇ ਤਰੀਕਿਆਂ 'ਤੇ ਚਰਚਾ ਕਰਨਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬਰੂਨੇਈ ਦੇ ਕ੍ਰਾਊਨ ਪ੍ਰਿੰਸ ਹਾਜੀ ਅਲ-ਮੁਹਤਾਦੀ ਬਿੱਲਾ ਦੀ ਮੌਜੂਦਗੀ ਵਿੱਚ ਰਸਮੀ ਸੁਆਗਤ ਦੌਰਾਨ ਗਾਰਡ ਆਫ ਆਨਰ ਦਿੱਤਾ ਗਿਆ। ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਇਹ ਪਹਿਲੀ ਦੁਵੱਲੀ ਯਾਤਰਾ ਹੈ ਅਤੇ ਦੋਵੇਂ ਦੇਸ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੇ 40 ਸਾਲ ਪੂਰੇ ਹੋਣ ਦਾ ਜਸਨ ਮਨਾ ਰਹੇ ਹਨ। ਮੋਦੀ, ਜੋ ਕਿ ਦੋ-ਪੱਖੀ ਦੌਰੇ 'ਤੇ ਬਰੂਨੇਈ ਦੀ ਯਾਤਰਾ ਕਰਨ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ



ਹਨ, ਨੇ ਕਿਹਾ ਕਿ ਉਹ ਇਤਿਹਾਸਕ ਸਬੰਧਾਂ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਲਈ ਸੁਲਤਾਨ ਹਾਜੀ ਹਸਨਲ ਬੋਲਕੀਆ ਅਤੇ ਸਾਹੀ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਆਪਣੀਆਂ ਮੁਲਾਕਾਤਾਂ ਦੀ ਉਡੀਕ ਕਰ ਰਹੇ ਹਨ। ਬਰੂਨੇਈ ਦੇ ਇੱਕ ਹੋਟਲ ਵਿੱਚ ਭਾਰਤੀ ਪ੍ਰਵਾਸੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਉਣ ਦੀ ਉਡੀਕ ਕਰ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਰੂਨੇਈ ਦਾਰੂਸਲਮ ਅਤੇ ਸਿੰਗਾਪੁਰ ਦੇ ਤਿੰਨ ਦਿਨਾਂ ਸਰਕਾਰੀ ਦੌਰੇ 'ਤੇ ਹਨ। ਬਰੂਨੇਈ ਤੋਂ ਮੋਦੀ ਬੁੱਧਵਾਰ ਨੂੰ ਸਿੰਗਾਪੁਰ ਜਾਣਗੇ, ਜਿੱਥੇ ਉਹ ਰਾਸਟਰਪਤੀ ਥਰਮਨ ਸਨਮੁਗਰਤਨਮ, ਪ੍ਰਧਾਨ ਮੰਤਰੀ ਲਾਰੇਂਸ ਵੋਂਗ, ਸੀਨੀਅਰ ਮੰਤਰੀਆਂ ਲੀ ਹਸੀਨ ਲੂੰਗ, ਗੋਹ ਚੋਕ ਟੋਂਗ ਨਾਲ ਮੁਲਾਕਾਤ ਕਰਨਗੇ। ਪ੍ਰਧਾਨ ਮੰਤਰੀ ਸਿੰਗਾਪੁਰ ਦੇ ਵਪਾਰਕ ਭਾਈਚਾਰੇ ਦੇ ਨੇਤਾਵਾਂ ਨਾਲ ਵੀ ਮੁਲਾਕਾਤ ਕਰਨਗੇ। ਮੋਦੀ ਨੇ ਕਿਹਾ, "ਦੋਵੇਂ ਦੇਸ (ਸਿੰਗਾਪੁਰ ਅਤੇ ਬਰੂਨੇਈ) ਸਾਡੀ 'ਐਕਟ ਈਸਟ' ਨੀਤੀ ਅਤੇ ਇੰਡੋ-ਪੈਸੀਫਿਕ ਲਈ ਵਿਜਨ ਦੇ ਮਹੱਤਵਪੂਰਨ ਹਿੱਸੇਦਾਰ ਹਨ। ਮੈਨੂੰ ਭਰੋਸਾ ਹੈ ਕਿ ਮੇਰੀਆਂ ਯਾਤਰਾਵਾਂ ਬਰੂਨੇਈ, ਸਿੰਗਾਪੁਰ ਅਤੇ ਵਿਸਾਲ ਆਸੀਆਨ (ਦੱਖਣੀ-ਪੂਰਬੀ ਏਸੀਆਈ ਰਾਸਟਰਾਂ ਦੀ ਐਸੋਸੀਏਸਨ) ਖੇਤਰ ਦੇ ਨਾਲ ਸਾਡੀ ਭਾਈਵਾਲੀ ਨੂੰ ਹੋਰ ਮਜਬੂਤ ਕਰੇਗੀ।"

## ਜਨਮ ਦਿਨ ਦੀ ਪਾਰਟੀ 'ਚ ਡਾਂਸ ਕਰਨ ਗਈਆਂ ਦੋ ਡਾਂਸਰ ਨਾਲ ਛੇ ਨੌਜਵਾਨਾਂ ਨੇ ਕੀਤਾ ਸਮੂਹਿਕ ਬਲਾਤਕਾਰ

ਉੱਤਰ ਪ੍ਰਦੇਸ 3 ਸਤੰਬਰ। ਉੱਤਰ ਪ੍ਰਦੇਸ ਤੋਂ ਮਨੁੱਖਤਾ ਨੂੰ ਸਰਮਸਾਰ ਕਰਨ ਵਾਲਾ ਇੱਕ ਹੋਰ ਮਾਮਲਾ ਸਾਹਮਣੇ ਆਇਆ ਹੈ। ਦਰਅਸਲ ਬਕਸਰ ਜ਼ਿਲ੍ਹੇ ਦੇ ਡੁਮਰਾਓਂ ਥਾਣਾ ਖੇਤਰ ਦੇ ਅਧੀਨ ਪੈਂਦੇ ਪਿੰਡ ਖੀਰੌਲੀ 'ਚ ਜਨਮਦਿਨ ਪਾਰਟੀ 'ਚ ਡਾਂਸ ਕਰਨ ਪਹੁੰਚੀਆਂ ਸੋਨਭੱਦਰ ਦੀਆਂ ਦੋ ਡਾਂਸਰਾਂ ਨਾਲ ਸਮੂਹਿਕ ਬਲਾਤਕਾਰ ਦੀ ਘਟਨਾ ਸਾਹਮਣੇ ਆਈ ਹੈ। ਦੋਵਾਂ ਨਾਲ ਇੱਕੋ ਪਿੰਡ ਦੇ ਛੇ ਨੌਜਵਾਨਾਂ ਨੇ ਜਬਰ-ਜ਼ਿਨਾਹ ਕੀਤਾ। ਇਸ ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ। ਸੂਚਨਾ ਮਿਲਦੇ ਹੀ ਪੁਲਸ ਨੇ ਜਾਂਚ ਸੁਰੂ ਕਰ ਦਿੱਤੀ ਅਤੇ ਚਾਰ ਦੋਸੀਆਂ ਨੂੰ ਗ੍ਰਿਫਤਾਰ ਕਰ ਲਿਆ। ਦੱਸ ਦੇਈਏ ਕਿ ਸੋਨਭੱਦਰ ਜ਼ਿਲ੍ਹੇ ਦੀ ਰਹਿਣ ਵਾਲੀ ਡਾਂਸਰ ਆਪਸ ਵਿਚ ਮਾਸੀ ਅਤੇ ਭਤੀਜੀ ਹਨ। ਉਹ ਮਹਿਦਾਹ ਸਥਿਤ ਇੱਕ ਡਾਂਸ ਪਾਰਟੀ ਗਰੁੱਪ ਨਾਲ ਜੁੜੀ ਹੋਈ ਹੈ। ਦੋਵਾਂ ਨੂੰ ਸੁੱਕਰਵਾਰ ਰਾਤ ਡੁਮਰਾਨ ਥਾਣਾ ਖੇਤਰ ਦੇ ਖੀਰੌਲੀ ਪਿੰਡ 'ਚ ਜਨਮਦਿਨ ਦੀ ਪਾਰਟੀ 'ਚ ਡਾਂਸ ਕਰਨ ਲਈ ਬੁਲਾਇਆ ਗਿਆ ਸੀ। ਪਾਰਟੀ ਖਤਮ ਹੋਣ ਤੋਂ ਬਾਅਦ ਦੋਵੇਂ ਪ੍ਰਾਈਵੇਟ ਸਕੂਲ ਦੇ ਇੱਕ ਕਮਰੇ ਵਿੱਚ ਸੌਂ ਰਹੀਆਂ ਸਨ। ਇਸੇ ਦੌਰਾਨ ਉਸੇ ਪਿੰਡ ਦੇ ਛੇ ਨੌਜਵਾਨ ਆ ਗਏ। ਸਾਰੇ ਨੌਜਵਾਨਾਂ ਨੇ ਦੋਵਾਂ ਨਾਲ ਸਮੂਹਿਕ ਬਲਾਤਕਾਰ ਕੀਤਾ। ਦੋਵਾਂ ਡਾਂਸਰਾਂ ਨੇ ਇਸ ਘਟਨਾ ਦੀ ਜਾਣਕਾਰੀ ਆਪਣੇ ਪਰਿਵਾਰ ਵਾਲਿਆਂ ਨੂੰ ਦਿੱਤੀ। ਪਰਿਵਾਰਕ ਮੈਂਬਰਾਂ ਨੇ ਪੁਲਸ ਨੂੰ ਸੂਚਨਾ ਦਿੱਤੀ। ਪੁਲਸ ਨੇ ਪੀੜਤਾ ਦੀ ਸ਼ਿਕਾਇਤ ਦੇ ਆਧਾਰ 'ਤੇ 6 ਦੋਸੀਆਂ ਖ਼ਿਲਾਫ ਐੱਫ.ਆਈ.ਆਰ. ਪੀੜਤਾਂ ਦਾ ਸਦਰ ਹਸਪਤਾਲ ਵਿੱਚ ਮੈਡੀਕਲ ਕਰਵਾਇਆ ਗਿਆ।

## ਗੋਆ 'ਚ ਪੰਜਾਬ ਦੇ ਸੈਲਾਨੀ ਤੋਂ ਜਬਰੀ ਵਸੂਲੀ, 2 ਔਰਤਾਂ ਸਮੇਤ 3 ਗ੍ਰਿਫਤਾਰ

ਪਣਜੀ 3 ਸਤੰਬਰ। ਗੋਆ ਦੇ ਪੋਰਵੋਰਿਮ 'ਚ ਪੰਜਾਬ ਦੇ ਇਕ ਸੈਲਾਨੀ ਤੋਂ ਪੈਸੇ ਵਸੂਲਣ ਦੇ ਦੋਸ ਹੇਠ 2 ਔਰਤਾਂ ਸਮੇਤ 3 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਕ ਪੁਲਸ ਅਧਿਕਾਰੀ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ ਹੈ। ਅਧਿਕਾਰੀ ਨੇ ਮੁਲਜਮਾਂ ਦੀ ਪਛਾਣ ਮੁੰਬਈ ਵਾਸੀ ਬਬੀਤਾ ਰਮੇਸ ਉਪਾਧਿਆਏ, ਪੱਛਮੀ ਬੰਗਾਲ ਵਾਸੀ ਸੁਤਪਾ ਬੈਨਰਜੀ ਤੇ ਸਥਾਨਕ ਵਾਸੀ ਦੀਪਕ ਸਲਗਾਂਵਕਰ ਵਜੋਂ ਕੀਤੀ ਹੈ। ਤਿੰਨਾਂ ਮੁਲਜਮਾਂ ਨੂੰ ਸਾਗਰ ਅੰਸਾਰੀ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ, ਜਿਸ ਨੇ ਦੋਸ ਲਾਇਆ ਸੀ ਕਿ ਉਸ 'ਤੇ ਉਸ ਦੇ ਦੋਸਤ ਨੂੰ 30 ਅਗਸਤ ਨੂੰ ਮੁਲਜਮਾਂ ਦੇ ਬੈਂਕ ਖਾਤਿਆਂ 'ਚ 20,000 ਰੁਪਏ ਟ੍ਰਾਂਸਫਰ ਕਰਨ ਲਈ ਮਜਬੂਰ ਕੀਤਾ ਗਿਆ ਸੀ। ਅਧਿਕਾਰੀ ਨੇ ਕਿਹਾ ਕਿ ਅਸੀਂ ਕੈਲੰਗੁਟ 'ਚ ਸਲਗਾਂਵਕਰ ਵੱਲੋਂ ਵਰਤੀ ਗਈ ਕਾਰ ਦਾ ਪਿੱਛਾ ਕੀਤਾ ਤੇ ਬਾਅਦ 'ਚ ਅੰਜੁਨਾ ਤੋਂ 2 ਔਰਤਾਂ ਨੂੰ ਵੀ ਗ੍ਰਿਫਤਾਰ ਕੀਤਾ। ਦੋਵੇਂ ਔਰਤਾਂ ਅੰਸਾਰੀ ਨੂੰ ਦੇਹ ਵਪਾਰ ਦੇ ਧੰਦੇ ਦੇ ਮੈਂਬਰ ਵਜੋਂ ਮਿਲੀਆਂ ਤੇ ਫਿਰ ਜਬਰ-ਜਨਾਹ ਦਾ ਕੇਸ ਦਰਜ ਕਰਨ ਦੀ ਧਮਕੀ ਦੇ ਕੇ ਉਸ ਕੋਲੋਂ ਪੈਸੇ ਵਸੂਲੇ। ਜਾਣਕਾਰੀ ਅਨੁਸਾਰ ਨਾਬਾਲਗ ਨੂੰ ਮੋਬਾਈਲ 'ਤੇ ਗੇਮ ਖੇਡਦਾ ਦੇਖ ਕੇ ਉਸ ਦੀ ਮਾਂ ਨੇ ਉਸ ਨੂੰ ਝਿੜਕਿਆ ਅਤੇ ਗੇਮ ਖੇਡਣ ਤੋਂ ਵਰਜਿਆ ਪਰ ਜਦੋਂ ਉਹ ਨਾ ਮੰਨਿਆ ਤਾਂ ਮਾਂ ਨੇ ਉਸ ਨੂੰ ਝਿੜਕਦੇ ਹੋਏ ਉਸ ਤੋਂ ਮੋਬਾਈਲ ਖੋਹ ਲਿਆ। ਇਸ ਗੱਲ ਤੋਂ ਨਾਬਾਲਗ ਨੌਜਵਾਨ ਇੰਨਾ ਨਾਰਾਜ ਹੋ ਗਿਆ ਕਿ ਉਸ ਨੇ ਆਪਣੇ ਘਰ ਦੇ ਨੇੜੇ ਸਥਿਤ ਕਮਿਊਨਿਟੀ ਬਿਲਡਿੰਗ ਦੇ ਰਸੋਈ ਦੇ ਸੈੱਡ 'ਚ ਫਾਹਾ ਲੈ ਕੇ ਖੁਦਕੁਸੀ ਕਰ ਲਈ। ਘਟਨਾ ਸਥਾਨ 'ਤੇ ਪਹੁੰਚੀ ਪੁਲਸ ਨੇ ਬੱਚੇ ਦੀ ਲਾਸ ਨੂੰ ਉਤਾਰ ਕੇ ਆਪਣੇ ਕਬਜੇ 'ਚ ਲੈ ਲਿਆ ਅਤੇ ਪੰਚਨਾਮਾ ਤਿਆਰ ਕਰਕੇ ਲਾਸ ਨੂੰ ਪੋਸਟਮਾਰਟਮ ਲਈ ਜ਼ਿਲ੍ਹਾ ਹਸਪਤਾਲ ਭੇਜ ਦਿੱਤਾ।

# ਭਾਜਪਾ ਸਰਕਾਰ ਮੁਸਲਮਾਨਾਂ ਦੀ ਕਰ ਰਹੀ ਹੈ ਮੌਬ-ਲਿੰਚਿੰਗ : ਰਾਹੁਲ

ਏਜੰਸੀਆਂ

ਨਵੀਂ ਦਿੱਲੀ 3 ਸਤੰਬਰ। ਕਾਂਗਰਸ ਦੇ ਨੇਤਾ ਰਾਹੁਲ ਗਾਂਧੀ ਨੇ ਹਰਿਆਣਾ ਵਿਚ ਚਰਖੀ-ਦਾਦਰੀ ਤੇ ਮਹਾਰਾਸਟਰ ਵਿਚ ਧੂਲੇ ਦੀਆਂ ਘਟਨਾਵਾਂ ਨੂੰ ਲੈ ਕੇ ਭਾਜਪਾ 'ਤੇ ਤਿੱਖਾ ਹਮਲਾ ਕੀਤਾ ਹੈ। ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਕਿਹਾ ਕਿ ਨਫਰਤ ਨੂੰ ਸਿਆਸੀ ਹਥਿਆਰ ਵਜੋਂ ਵਰਤ ਕੇ ਸੱਤਾ ਦੀ ਪੌੜੀ 'ਤੇ ਚੜ੍ਹਨ ਵਾਲੇ ਪੂਰੇ ਦੇਸ 'ਚ ਲਗਾਤਾਰ ਡਰ ਦਾ ਰਾਜ ਕਾਇਮ ਕਰ ਰਹੇ ਹਨ। ਭੀੜ ਦੇ ਰੂਪ 'ਚ ਲੁਕੇ ਨਫਰਤੀ ਅਨਸਰ ਕਾਨੂੰਨ ਦੇ ਰਾਜ ਨੂੰ ਚੁਣੌਤੀ ਦਿੰਦੇ ਹੋਏ ਖੁੱਲ੍ਹੇਆਮ ਹਿੰਸਾ ਫੈਲਾਅ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਰਾਰਤੀ ਅਨਸਰਾਂ ਨੂੰ ਭਾਜਪਾ ਸਰਕਾਰ ਨੇ ਖੁੱਲ੍ਹੀ ਛੁੱਟੀ ਦਿੱਤੀ ਹੋਈ ਹੈ, ਇਸੇ ਲਈ ਉਨ੍ਹਾਂ 'ਚ ਅਜਿਹਾ ਕਰਨ ਦੀ ਹਿੰਮਤ ਪੈਦਾ ਹੋਈ ਹੈ। ਇਸ ਲਈ ਘੱਟ ਗਿਣਤੀਆਂ ਖਾਸ ਕਰ ਕੇ ਮੁਸਲਮਾਨਾਂ 'ਤੇ ਹਮਲੇ ਲਗਾਤਾਰ ਜਾਰੀ ਹਨ। ਸਰਕਾਰੀ ਮਸ਼ੀਨਰੀ ਮੂਕ ਦਰਸਕ ਬਣ ਕੇ ਵੇਖ ਰਹੀ ਹੈ। ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਅਜਿਹੇ ਅਨਸਰਾਂ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕਰ ਕੇ ਕਾਨੂੰਨ ਦਾ ਰਾਜ ਕਾਇਮ ਕੀਤਾ ਜਾਣਾ ਚਾਹੀਦਾ ਹੈ। ਭਾਰਤ ਦੀ ਫਿਰਕੂ ਏਕਤਾ ਅਤੇ ਭਾਰਤ ਦੇ ਲੋਕਾਂ ਦੇ ਅਧਿਕਾਰਾਂ 'ਤੇ ਕੋਈ ਵੀ ਹਮਲਾ ਸੰਵਿਧਾਨ 'ਤੇ ਹਮਲਾ ਹੈ, ਜਿਸ ਨੂੰ ਅਸੀਂ ਬਿਲਕੁਲ ਬਰਦਾਸਤ ਨਹੀਂ ਕਰਾਂਗੇ। ਭਾਜਪਾ ਜਿੰਨੀ ਮਰਜੀ ਕੋਸ਼ਿਸ਼ ਕਰੇ, ਨਫਰਤ ਵਿਰੁੱਧ ਭਾਰਤ ਨੂੰ ਇਕਜੁੱਟ ਕਰਨ ਦੀ ਇਸ ਇਤਿਹਾਸਕ ਲੜਾਈ ਨੂੰ ਅਸੀਂ ਹਰ ਹਾਲਤ 'ਚ ਜਿੱਤਾਂਗੇ। ਰਾਹੁਲ ਨੇ ਕਿਹਾ ਕਿ



ਹਰਿਆਣਾ ਦੇ ਚਰਖੀ-ਦਾਦਰੀ ਜ਼ਿਲੇ 'ਚ ਪੱਛਮੀ ਬੰਗਾਲ ਦੇ ਇਕ ਪ੍ਰਵਾਸੀ ਮਜਦੂਰ ਸਾਬਿਰ ਮਲਿਕ ਦੀ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ ਗਈ ਸੀ। ਇਹ ਘਟਨਾ 27 ਅਗਸਤ ਨੂੰ ਵਾਪਰੀ ਸੀ। ਉਦੋਂ ਗਊ ਰੱਖਿਅਕ ਦਲ ਦੇ ਲੋਕਾਂ ਨੇ ਬੀਫ ਖਾਣ ਵਾਲੇ ਵਿਅਕਤੀ ਦੀ ਕੁੱਟਮਾਰ ਕੀਤੀ ਸੀ। ਇਸ ਮਾਮਲੇ 'ਚ ਪੁਲਸ ਨੇ ਗਊ ਰੱਖਿਆ ਦਲ ਦੇ 5 ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਤੋਂ ਇਲਾਵਾ ਦੋ ਨਾਬਾਲਗ ਮੁਲਜਮਾਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਸੀ ਕਿ ਅਸੀਂ ਗਊ ਮਾਂ ਦੀ ਸੁਰੱਖਿਆ ਲਈ ਸਖਤ ਕਾਨੂੰਨ ਬਣਾਇਆ ਹੈ। ਇਸ ਲਈ ਕੋਈ ਸਮਝੌਤਾ ਨਹੀਂ ਪਰ ਲੋਕਾਂ ਦਾ ਗਊ ਮਾਂ 'ਚ ਭਰੋਸਾ ਹੈ। ਉਨ੍ਹਾਂ ਦੀਆਂ ਭਾਵਨਾਵਾਂ ਇਸ ਨਾਲ ਜੁੜੀਆਂ ਹੋਈਆਂ ਹਨ। ਜਦੋਂ ਅਜਿਹੀ ਸੂਚਨਾ ਮਿਲਦੀ ਹੈ ਤਾਂ ਪਿੰਡਾਂ ਦੇ ਲੋਕ ਪ੍ਰਤੀਕਿਰਿਆ ਦਿੰਦੇ ਹਨ। ਸੈਣੀ ਨੇ ਇਹ ਵੀ ਕਿਹਾ ਸੀ ਕਿ ਮੈਂ ਇਸ ਗੱਲ 'ਤੇ ਜੋਰ ਦਿੰਦਾ ਹਾਂ ਕਿ ਮੌਬ-ਲਿੰਚਿੰਗ ਦੀਆਂ ਅਜਿਹੀਆਂ ਘਟਨਾਵਾਂ ਮੰਦਭਾਗੀਆਂ ਹਨ ਤੇ ਨਹੀਂ ਹੋਣੀਆਂ ਚਾਹੀਦੀਆਂ। ਭੀੜ ਵੱਲੋਂ ਕੁੱਟ-ਕੁੱਟ ਕੇ ਕਤਲ ਵਰਗੀਆਂ ਗੱਲਾਂ ਕਹਿਣਾ ਸਹੀ ਨਹੀਂ ਹੈ।

# ਬੁਲਡੋਜਰ ਦੀ ਕਾਰਵਾਈ 'ਤੇ ਬੋਲੀ ਮਾਇਆਵਤੀ

ਨਵਦੀਪ ਸਿੰਘ ਸਾਹਨੀ

ਲਖਨਊ 3 ਸਤੰਬਰ। ਬਹੁਜਨ ਸਮਾਜ ਪਾਰਟੀ (ਬਸਪਾ) ਦੀ ਪ੍ਰਧਾਨ ਮਾਇਆਵਤੀ ਨੇ ਮੰਗਲਵਾਰ ਨੂੰ ਦੇਸ ਵਿਚ ਅਪਰਾਧਿਕ ਤੱਤਾਂ ਦੇ ਖ਼ਿਲਾਫ ਬੁਲਡੋਜ ਕਾਰਵਾਈ 'ਤੇ ਸੁਪਰੀਮ ਕੋਰਟ ਦੇ ਰੁਖ ਦੀ ਪ੍ਰਸੰਸਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਨਜਦੀਕੀਆਂ ਨੂੰ ਅਪਰਾਧੀਆਂ ਦੇ ਕੰਮਾਂ ਦੀ ਸਜਾ ਨਹੀਂ ਮਿਲਣੀ ਚਾਹੀਦੀ। ਮਾਇਆਵਤੀ ਨੇ ਸੋਸਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇਸ ਮਾਮਲੇ ਨੂੰ ਲੈ ਕੇ ਕਈ ਪੋਸਟਾਂ ਕੀਤੀਆਂ। ਉਨ੍ਹਾਂ ਨੇ ਕਿਹਾ, "ਦੇਸ ਵਿੱਚ ਅਪਰਾਧੀ ਅਨਸਰਾਂ ਵਿਰੁੱਧ ਕਾਨੂੰਨ ਦੇ ਤਹਿਤ ਕਾਰਵਾਈ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਨੇੜਲੇ ਲੋਕਾਂ ਨੂੰ ਉਨ੍ਹਾਂ ਦੇ ਅਪਰਾਧਾਂ ਦੀ ਸਜਾ ਨਹੀਂ ਮਿਲਣੀ ਚਾਹੀਦੀ। ਇਹ ਸਭ ਕੁਝ ਸਾਡੀ ਪਾਰਟੀ ਦੀ ਪਿਛਲੀ ਸਰਕਾਰ ਨੇ 'ਕਾਨੂੰਨ ਰਾਹੀਂ ਕਾਨੂੰਨ ਦਾ ਰਾਜ' ਕਾਇਮ ਕਰਕੇ ਦਿਖਾਇਆ ਸੀ।"ਬਸਪਾ ਮੁਖੀ ਨੇ ਕਿਹਾ, " ਬੁਲਡੋਜਰ ਦਾ ਵੀ ਇਸਤੇਮਾਲ ਹੁਣ ਮਾਨਯੋਗ ਸੁਪਰੀਮ ਕੋਰਟ ਦੇ ਆਉਣ ਵਾਲੇ ਫੈਸਲੇ ਅਨੁਸਾਰ ਹੋਣਾ ਚਾਹੀਦਾ ਹੈ। ਹਾਲਾਂਕਿ ਇਸ ਦੀ ਵਰਤੋਂ ਕਰਨ ਦੀ ਲੋੜ ਨਾ ਪਵੇ ਤਾਂ ਬਿਹਤਰ ਹੋਵੇਗਾ ਕਿਉਂਕਿ ਅਪਰਾਧਿਕ ਤੱਤਾਂ ਨਾਲ ਸਖਤ ਕਾਨੂੰਨਾਂ ਤਹਿਤ ਵੀ ਨਜਿੱਠਿਆ ਜਾ ਸਕਦਾ ਹੈ।" ਉਨ੍ਹਾਂ ਨੇ ਕਿਹਾ, 'ਜਿੱਥੇ ਅਪਰਾਧਿਕ ਅਨਸਰਾਂ ਦੇ ਪਰਿਵਾਰਕ





ਮੈਂਬਰਾਂ ਅਤੇ ਨਜਦੀਕੀ ਰਿਸਤੇਦਾਰਾਂ ਵਿਰੁੱਧ ਬੁਲਡੋਜਰ ਦੀ ਵਰਤੋਂ ਕਰਨ ਦੀ ਬਜਾਏ ਸਬੰਧਤ ਅਧਿਕਾਰੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ, ਜੋ ਅਜਿਹੇ ਤੱਤਾਂ ਨਾਲ ਮਿਲ ਕੇ ਪੀੜਤਾਂ ਨੂੰ ਸਹੀ ਇਨਸਾਫ ਨਹੀਂ ਦਿੰਦੇ। ਸਾਰੀਆਂ ਸਰਕਾਰਾਂ ਇਸ ਵਾਲੇ ਪਾਸੇ ਧਿਆਨ ਜਰੂਰ ਦੇਣ।" ਉੱਤਰ ਪ੍ਰਦੇਸ ਅਤੇ ਰਾਜਸਥਾਨ ਸਮੇਤ ਕਈ ਰਾਜਾਂ ਵਿੱਚ ਅਪਰਾਧੀਆਂ ਵਿਰੁੱਧ ਬੁਲਡੋਜਰ ਕਾਰਵਾਈ ਦੇ ਵਧਦੇ ਰੁਝਾਨ ਦੇ ਵਿਚਕਾਰ, ਸੁਪਰੀਮ ਕੋਰਟ ਨੇ ਸੋਮਵਾਰ ਨੂੰ ਇੱਕ ਮਹੱਤਵਪੂਰਨ ਟਿੱਪਣੀ ਕਰਦੇ ਹੋਏ ਸਵਾਲ ਪੁੱਛਿਆ ਸੀ ਕਿ ਕਿਸੇ ਦਾ ਮਕਾਨ ਸਿਰਫ ਇਸ ਲਈ ਕਿਵੇਂ ਢਾਹਿਆ ਜਾ ਸਕਦਾ ਹੈ ਕਿ ਉਹ ਇਕ ਦੋਸ਼ੀ ਹੈ? ਸੁਪਰੀਮ ਕੋਰਟ ਨੇ ਕਿਹਾ ਕਿ ਉਹ ਇਸ ਮੁੱਦੇ 'ਤੇ ਦਿਸਾ-ਨਿਰਦੇਸ ਤਿਆਰ ਕਰੇਗੀ, ਜੋ ਦੇਸ ਭਰ 'ਚ ਲਾਗੂ ਹੋਵੇਗੀ। ਜਸਟਿਸ ਬੀਆਰ ਗਵਈ ਅਤੇ ਕੇਵੀ ਵਿਸਵਨਾਥਨ ਦੀ ਬੈਂਚ ਨੇ ਕਿਹਾ, "ਸਿਰਫ ਦੋਸੀ ਹੋਣ ਕਾਰਨ ਕਿਸੇ ਦਾ ਘਰ ਕਿਵੇਂ ਢਾਹਿਆ ਜਾ ਸਕਦਾ ਹੈ? ਭਾਵੇਂ ਉਹ ਦੋਸੀ ਹੈ, ਕਾਨੂੰਨ ਦੁਆਰਾ ਨਿਰਧਾਰਤ ਪ੍ਰਕਿਰਿਆ ਦੀ ਪਾਲਣਾ ਕੀਤੇ ਬਿਨਾਂ ਅਜਿਹਾ ਨਹੀਂ ਕੀਤਾ ਜਾ ਸਕਦਾ।" ਹਾਲਾਂਕਿ, ਸੁਪਰੀਮ ਕੋਰਟ ਨੇ ਸਪੱਸਟ ਕੀਤਾ ਕਿ ਉਹ ਜਨਤਕ ਸੜਕਾਂ 'ਤੇ ਕਿਸੇ ਵੀ ਅਣਅਧਿਕਾਰਤ ਉਸਾਰੀ ਜਾਂ ਕਬਜੇ ਨੂੰ ਸੁਰੱਖਿਆ ਨਹੀਂ ਦੇਵੇਗੀ। ਉੱਤਰ ਪ੍ਰਦੇਸ ਵੱਲੋਂ ਪੇਸ ਹੋਏ ਸਾਲਿਸਟਰ ਜਨਰਲ ਤੁਸਾਰ ਮਹਿਤਾ ਨੇ ਇਸ ਮਾਮਲੇ ਵਿੱਚ ਰਾਜ ਵੱਲੋਂ ਪਹਿਲਾਂ ਦਾਇਰ ਕੀਤੇ ਹਲਫਨਾਮੇ ਦਾ ਹਵਾਲਾ ਦਿੱਤਾ।

## ਲੁੱਟ ਦੀ ਕੋਸ਼ਿਸ਼ 'ਚ ਨੌਜਵਾਨ ਦਾ ਸਰੇਆਮ ਚਾਕੂ ਮਾਰ ਕਰ 'ਤਾ ਕਤਲ

ਨਵੀਂ ਦਿੱਲੀ 3 ਸਤੰਬਰ। ਦਵਾਰਕਾ ਦੇ ਉੱਤਮ ਨਗਰ ਇਲਾਕੇ 'ਚ ਲੁੱਟ ਦੀ ਕੋਸ਼ਿਸ ਦੌਰਾਨ 18 ਸਾਲਾ ਨੌਜਵਾਨ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਸ ਨੇ ਐਤਵਾਰ ਨੂੰ ਇਸ ਵਾਰਦਾਤ ਦੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀ ਪਛਾਣ ਮੋਨੂੰ ਵਾਸੀ ਮੇਰਠ, ਉੱਤਰ ਪ੍ਰਦੇਸ ਵਜੋਂ ਹੋਈ ਹੈ। ਇਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਸਨੀਵਾਰ ਰਾਤ 11:15 ਵਜੇ ਉੱਤਮ ਨਗਰ ਪੁਲਸ ਸਟੇਸਨ 'ਚ ਲੜਾਈ ਦੌਰਾਨ ਇਕ ਵਿਅਕਤੀ ਨੂੰ ਚਾਕੂ ਮਾਰੇ ਜਾਣ ਦੀ ਰਿਪੋਰਟ ਮਿਲੀ ਸੀ। ਪੁਲਸ ਨੇ ਦੱਸਿਆ ਕਿ ਕਥਿਤ ਘਟਨਾ ਦੇ ਸਮੇਂ ਮੋਨੂੰ ਅਤੇ ਉਸ ਦਾ ਦੋਸਤ ਮੋਨੂੰ ਕੁਮਾਰ ਖਾਣਾ ਖਾਣ ਜਾ ਰਹੇ ਸਨ। ਉਸ ਸਮੇਂ ਮੈਟਰੋ ਦੇ ਥੰਭੇ ਕੋਲ ਚਾਰ-ਪੰਜ ਵਿਅਕਤੀਆਂ ਨੇ ਉਨ੍ਹਾਂ ਨੂੰ ਰੋਕ ਲਿਆ। ਅਧਿਕਾਰੀ ਨੇ ਦੱਸਿਆ ਕਿ ਮੁਲਜਮਾਂ ਨੇ ਉਨ੍ਹਾਂ ਨੂੰ ਲੁੱਟਣ ਦੀ ਕੋਸ਼ਿਸ ਕੀਤੀ। ਜਦੋਂ ਉਹਨਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਉਨ੍ਹਾਂ ਵਿੱਚੋਂ ਇੱਕ ਨੇ ਮੋਨੂੰ ਦੀ ਪਿੱਠ ਵਿੱਚ ਚਾਕੂ ਮਾਰ ਦਿੱਤਾ ਅਤੇ ਭੱਜ ਗਿਆ। ਅਧਿਕਾਰੀ ਨੇ ਦੱਸਿਆ ਕਿ ਮੋਨੂੰ ਨੂੰ ਇਲਾਜ ਲਈ ਦੀਨ ਦਿਆਲ ਉਪਾਧਿਆਏ ਹਸਪਤਾਲ ਲਿਜਾਇਆ ਗਿਆ, ਜਿੱਥੋਂ ਉਸ ਨੂੰ ਸਫਦਰਜੰਗ ਹਸਪਤਾਲ ਭੇਜ ਦਿੱਤਾ ਗਿਆ। ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਅਧਿਕਾਰੀ ਨੇ ਦੱਸਿਆ ਕਿ ਕਤਲ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਪੁਲਸ ਦੋਸੀ ਦੀ ਪਛਾਣ ਕਰਨ ਲਈ ਇਲਾਕੇ 'ਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਨੂੰ ਸਕੈਨ ਕਰ ਰਹੀ ਹੈ।

# ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਬਣਿਆ ਹਾਈਟੈੱਕ ਬਿਜਲੀ ਢਾਂਚੇ ਵਾਲਾ ਸੂਬਾ

ਤੇਜਿੰਦਰ ਕੌਰ ਬੱਬਰ

ਜਲੰਧਰ 3 ਸਤੰਬਰ। ਕੋਈ ਸਮਾਂ ਸੀ ਜਦ ਪੰਜਾਬ ਦੇ ਪਿੰਡਾਂ ਵਿਚ ਬਿਜਲੀ ਸਵੇਰੇ 5.30 ਵਜੇ ਚਲੀ ਜਾਂਦੀ ਸੀ ਤੇ ਸਾਮ 7.00 ਵਜੇ ਆਉਂਦੀ ਸੀ। ਲੋਕ ਬਿਜਲੀ ਦਫਤਰਾਂ ਦੇ ਧੱਕੇ ਖਾ-ਖਾ ਕੇ ਅੱਕ ਜਾਂਦੇ ਸਨ ਤੇ ਸ਼ਿਕਾਇਤਾਂ ਦਾ ਨਿਪਟਾਰਾ ਨਹੀਂ ਹੁੰਦਾ ਸੀ ਪਰ ਹੁਣ ਪੰਜਾਬ ਰਾਜ ਬਿਜਲੀ ਨਿਗਮ ਲਿਮਟਿਡ ਭਾਵ ਪਾਵਰਕਾਮ ਇਕ ਸੁਪਰ ਹਾਈਟੈੱਕ ਕੰਪਨੀ ਬਣ ਗਈ ਹੈ, ਜੋ ਕਿ ਪਹਿਲਾਂ ਪੰਜਾਬ ਰਾਜ ਬਿਜਲੀ ਬੋਰਡ ਦੇ ਨਾਂ ਨਾਲ ਜਾਣੀ ਜਾਂਦੀ ਕੰਪਨੀ ਸੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਕੀਤੀਆਂ ਕੋਸ਼ਿਸਾਂ ਸਦਕਾ ਜਿਥੇ ਪਿੰਡਾਂ ਵਿਚ ਘਰੇਲੂ ਖਪਤਕਾਰਾਂ ਲਈ ਬਿਜਲੀ ਸਪਲਾਈ 24 ਘੰਟੇ ਹੋ ਰਹੀ ਹੈ, ਉਥੇ ਉਦਯੋਗਿਕ ਤੇ ਕਮਰਸੀਅਲ ਖਪਤਕਾਰਾਂ ਨੂੰ ਪੂਰੀ ਬਿਜਲੀ ਮਿਲ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੇ ਯਤਨਾਂ ਸਦਕਾ ਪੰਜਾਬ ਸਰਕਾਰ ਨੇ ਗੋਇੰਦਵਾਲ ਥਰਮਲ ਪਾਵਰ ਪਲਾਂਟ 1080 ਕਰੋੜ 'ਚ ਖਰੀਦ ਕੇ ਨਵਾਂ ਇਤਿਹਾਸ ਸਿਰਜਿਆ ਹੈ ਤੇ ਇਹ ਥਰਮਲ ਪਲਾਂਟਾਂ ਦੀ ਖਰੀਦ ਦੇ ਮਾਮਲੇ ਵਿਚ ਹੁਣ ਤੱਕ ਦਾ ਸਭ ਤੋਂ ਸਸਤਾ ਸੌਦਾ ਹੈ। ਜੀਵੀਕੇ ਥਰਮਲ ਪਲਾਂਟ ਦੇਸ਼ ਭਰ 'ਚੋਂ ਸਭ ਤੋਂ ਸਸਤੇ ਭਾਅ 'ਤੇ ਖਰੀਦਿਆ ਗਿਆ ਹੈ ਜਦੋਂ ਕਿ ਬਾਕੀ ਸੂਬਿਆਂ 'ਚ ਪਾਵਰ ਪਲਾਂਟ ਇਸ ਤੋਂ ਕਿਤੇ ਮਹਿੰਗੇ ਵਿਕੇ ਹਨ। ਮੁੱਖ ਮੰਤਰੀ ਮੁਤਾਬਕ ਪਛਵਾੜਾ ਕੋਲਾ ਖਾਣ ਦਾ ਕੋਲਾ ਵਰਤਣ ਨਾਲ ਇਸ ਪਲਾਂਟ ਤੋਂ ਬਿਜਲੀ ਸਸਤੀ ਪਵੇਗੀ। ਖ਼ਰੀਦ ਸਮਝੌਤੇ ਨਾਲ ਬਿਜਲੀ ਦੀ ਦਰ ਵਿਚ ਪ੍ਰਤੀ ਯੂਨਿਟ ਇਕ ਰੁਪਏ ਦੀ ਕਟੌਤੀ ਕਰਨ ਵਿਚ ਮਦਦ ਮਿਲੇਗੀ, ਜਿਸ ਨਾਲ ਬਿਜਲੀ ਖ਼ਰੀਦ ਉਤੇ 300 ਤੋਂ 350 ਕਰੋੜ ਰੁਪਏ ਦੀ ਬੱਚਤ ਹੋਵੇਗੀ। ਪੰਜਾਬ ਸਰਕਾਰ ਨੇ ਗੋਇੰਦਵਾਲ ਥਰਮਲ ਪਲਾਂਟ ਦੋ ਕਰੋੜ ਰੁਪਏ ਪ੍ਰਤੀ ਮੈਗਾਵਾਟ ਦੇ ਲਿਹਾਜ ਨਾਲ ਖਰੀਦਿਆ ਹੈ। ਦੱਸਣਯੋਗ ਹੈ ਕਿ ਦੇਸ਼ ਵਿਚ 600 ਮੈਗਾਵਾਟ ਦੀ ਸਮਰੱਥਾ ਵਾਲਾ ਕੋਰਬਾ ਵੈਸਟ 1804 ਕਰੋੜ 'ਚ , ਝਾਬੂਆ ਪਾਵਰ 1910 ਕਰੋੜ ਵਿਚ ਅਤੇ ਲੈਂਕੋ ਅਮਰਕੰਟਕ ਪਾਵਰ ਪਲਾਂਟ 1818 ਕਰੋੜ ਰੁਪਏ 'ਚ ਖਰੀਦੇ ਗਏ ਹਨ ਜਦਕਿ ਪੰਜਾਬ ਸਰਕਾਰ ਨੇ 540 ਮੈਗਾਵਾਟ ਦਾ ਥਰਮਲ ਸਿਰਫ 1080 ਕਰੋੜ 'ਚ ਖਰੀਦਿਆ ਹੈ ਜਦੋਂ ਕਿ ਮੁਕਾਬਲੇ ਵਿਚ ਨਾਮੀ 11 ਕੰਪਨੀਆਂ ਵਿਚ ਜਿੰਦਲ ਪਾਵਰ, ਅਡਾਨੀ ਪਾਵਰ, ਵੇਦਾਂਤਾ ਗਰੁੱਪ, ਰਸ਼ਮੀ ਮੇਟਾਲਿਕਸ, ਸ਼ੇਰੀਸ਼ਾ ਟੈਕਨਾਲੋਜੀਜ਼, ਸਾਈ ਵਰਧਾ ਪਾਵਰ ਆਦਿ ਸਨ। ਉਨ੍ਹਾਂ ਦੱਸਿਆ ਕਿ ਇਸ ਪਲਾਂਟ ਦਾ ਨਾਮ ਤੀਜੇ ਗੁਰੂ ਸਾਹਿਬ ਦੇ ਨਾਮ ਉਤੇ 'ਸ੍ਰੀ ਗੁਰੂ ਅਮਰਦਾਸ ਥਰਮਲ ਪਾਵਰ ਪਲਾਂਟ' ਹੋਵੇਗਾ। ਇਸ ਥਰਮਲ ਪਲਾਂਟ ਨੂੰ ਹੁਣ 75 ਤੋਂ 80 ਫੀਸਦੀ ਸਮਰੱਥਾ



ਤੱਕ ਚਲਾਇਆ ਜਾਵੇਗਾ। ਬਿਜਲੀ ਖ਼ਰੀਦ ਸਮਝੌਤਿਆਂ ਵਿੱਚੋਂ ਵੀ ਹੁਣ 33 ਫੀਸਦੀ ਦੀ ਕਟੌਤੀ ਹੋ ਜਾਵੇਗੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਰਾਜ ਵਿਚ ਪਿਛਲੇ ਝੋਨੇ ਦੇ ਸੀਜਨ ਵਿਚ ਪਹਿਲੀ ਵਾਰ ਇਹ ਵੇਖਣ ਨੂੰ ਮਿਲਿਆ ਸੀ ਕਿ ਖੇਤੀਬਾੜੀ ਲਈ ਬਿਜਲੀ ਸਪਲਾਈ 8-8 ਘੰਟੇ ਦੀ ਥਾਂ 10-10, 12-12 ਘੰਟੇ ਹੋ ਰਹੀ ਹੈ ਅਤੇ ਉਹ ਵੀ ਦਿਨ ਵੇਲੇ। ਕਿਸਾਨਾਂ ਵਿਚ ਖੁਸੀ ਦੀ ਲਹਿਰ ਹੈ ਕਿ ਹੁਣ ਜਾਗ ਕੇ ਰਾਤਾਂ ਕੱਟਣ ਦੀ ਲੋੜ ਨਹੀਂ ਬਲਕਿ ਦਿਨ ਵੇਲੇ ਮੋਟਰਾਂ ਚਲਾ ਕੇ ਖੇਤ ਭਰ ਲਓ ਅਤੇ ਰਾਤ ਨੂੰ ਆਰਾਮ ਦੀ ਨੀਂਦ ਸੌਂਵੋ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਚੋਣਾਂ ਵਿਚ ਕਿਸਾਨਾਂ ਨਾਲ ਕੀਤੇ ਇਕ ਇਕ ਵਾਅਦੇ ਨੂੰ ਪੁਗਾਇਆ ਹੈ। ਉਂਝ ਤਾਂ ਪੰਜਾਬ ਵਿਚ ਬਿਜਲੀ ਦੀ ਕੋਈ ਤੋਟ ਨਹੀਂ ਹੈ ਪਰ ਜੇਕਰ ਕਿਸੇ ਤਕਨੀਕੀ ਨੁਕਸ ਕਾਰਨ ਤੁਹਾਡੇ ਇਲਾਕੇ ਵਿਚ ਬਿਜਲੀ ਜਾਂਦੀ ਹੈ ਤਾਂ ਹੁਣ ਲੋਕਾਂ ਨੂੰ ਆਪਣੇ ਵਾਹਨ ਚੁੱਕ ਕੇ ਬਿਜਲੀ ਦਫਤਰਾਂ ਵਿਚ ਸ਼ਿਕਾਇਤ ਕਰਨ ਦੀ ਲੋੜ ਨਹੀਂ ਹੈ। ਹੁਣ ਮੋਬਾਈਲ 'ਤੇ 1912 ਨੰਬਰ 'ਤੇ ਸ਼ਿਕਾਇਤ ਹੋ ਸਕਦੀ ਹੈ ਅਤੇ ਸ਼ਿਕਾਇਤ ਦਾ ਰਜਿਸਟਰੇਸਨ ਨੰਬਰ ਨਾਲ ਹੀ ਮੋਬਾਈਲ ਫੋਨ 'ਤੇ ਆ ਜਾਂਦਾ ਹੈ। ਇਸ ਮਗਰੋਂ ਜਦੋਂ ਪਾਵਰਕਾਮ ਦੇ ਤਕਨੀਕੀ ਮੁਲਾਜਮ ਤੁਹਾਡੀ ਬਿਜਲੀ ਸਪਲਾਈ ਬਹਾਲ ਕਰਦੇ ਹਨ ਤਾਂ ਫਿਰ ਮੈਸੇਜ ਆਉਂਦਾ ਹੈ ਕਿ ਤੁਹਾਡਾ ਬਿਜਲੀ ਸਪਲਾਈ ਦਾ ਨੁਕਸ ਠੀਕ ਕਰ ਦਿੱਤਾ ਗਿਆ ਹੈ। ਸਰਕਾਰੀ ਕੰਪਨੀ ਹੋਣ ਦੇ ਬਾਵਜੂਦ ਪਾਵਰਕਾਮ ਪ੍ਰਾਈਵੇਟ ਕੰਪਨੀਆਂ ਵਾਂਗ ਸੇਵਾਵਾਂ ਦੇ ਰਹੀ ਹੈ। ਇਥੇ ਹੀ ਬਸ ਨਹੀਂ ਬਲਕਿ ਝੋਨੇ ਦੇ ਸੀਜਨ ਵਿਚ ਸਰਕਾਰ ਨੇ ਜਿਹੜੇ ਸ਼ਿਕਾਇਤ ਕੇਂਦਰ ਸਥਾਪਿਤ ਕਰਨੇ ਹੁੰਦੇ ਹਨ, ਉਨ੍ਹਾਂ ਦੇ ਨੰਬਰ ਵੀ ਕਿਸਾਨਾਂ ਨਾਲ ਸਾਂਝੇ ਕੀਤੇ ਜਾਂਦੇ ਹਨ ਤਾਂ ਜੋ ਕੋਈ ਮੁਸਕਿਲ ਆਉਣ 'ਤੇ ਕਿਸਾਨ ਆਪਣੀ ਸ਼ਿਕਾਇਤ ਦਰਜ ਕਰਵਾ ਸਕਣ। ਪੰਜਾਬ ਸਰਕਾਰ ਦੇ ਦਿਸਾ-ਨਿਰਦੇਸਾਂ ਹੇਠ ਪਾਵਰਕਾਮ ਨੇ ਆਪਣੇ ਬਿਜਲੀ ਬਿੱਲਾਂ ਨੂੰ ਭਰਨ ਲਈ ਆਨਲਾਈਨ ਸਹੂਲਤ ਦਿੱਤੀ ਹੈ। ਇਸ ਤਹਿਤ ਖਪਤਕਾਰ ਨੂੰ ਜਿਥੇ ਪਾਵਰਕਾਮ ਦੀ ਵੈੱਬਸਾਈਟ 'ਤੇ ਜਾ ਕੇ ਬਿਜਲੀ ਬਿੱਲ ਭਰਨ ਦੀ ਸਹੂਲਤ ਦਿੱਤੀ ਹੈ, ਉਥੇ ਹੀ ਵੱਖ-ਵੱਖ ਪੇਮੈਂਟ ਕੰਪਨੀਆਂ ਜਿਵੇਂ ਪੇਟੀਐੱਮ, ਫੋਨਪੇਅ, ਗੂਗਲਪੇਅ ਸਮੇਤ ਹੋਰਨਾਂ ਨਾਲ ਤਾਲਮੇਲ ਕੀਤਾ ਗਿਆ ਹੈ ਤੇ ਹੁਣ ਖਪਤਕਾਰਾਂ ਨੂੰ ਬਿਜਲੀ ਦੇ ਬਿੱਲ ਭਰਨ ਵਾਸਤੇ ਬਿਜਲੀ ਦਫਤਰਾਂ 'ਦੇ ਚੱਕਰ ਮਾਰਨ ਦੀ ਜਰੂਰਤ ਨਹੀਂ ਹੈ ਬਲਕਿ ਮੋਬਾਈਲ 'ਤੇ ਹੀ ਖਪਤਕਾਰ ਆਪਣਾ ਬਿਜਲੀ ਬਿੱਲ ਭਰ ਸਕਦਾ ਹੈ।

# ਇਲੈਕਟ੍ਰਿਕ ਵਾਹਨ ਪ੍ਰਣਾਲੀ ਦਾ ਪਸਾਰ ਕਰੇਗੀ ਸਰਕਾਰ, ਨੌਕਰਸਾਹਾਂ ਦੀ ਸਿਖਲਾਈ ਲਈ 312 ਕਰੋੜ

ਨਵੀਂ ਦਿੱਲੀ 3 ਸਤੰਬਰ। ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਵੀਰਵਾਰ ਨੂੰ ਸੰਸਦ 'ਚ ਅੰਤਰਿਮ ਬਜਟ ਪੇਸ਼ ਕਰਦੇ ਹੋਏ ਕਿਹਾ ਕਿ ਸਰਕਾਰ ਚਾਰਜਿੰਗ ਬੁਨਿਆਦੀ ਢਾਂਚੇ ਨੂੰ ਹੁਲਾਰਾ ਦੇਣ ਲਈ ਇਲੈਕਟ੍ਰਿਕ ਵਾਹਨ (ਈ. ਵੀ.) ਸਿਸਟਮ ਦਾ ਪਸਾਰ ਕਰੇਗੀ ਅਤੇ ਜਨਤਕ ਟਰਾਂਸਪੋਰਟ ਨੈੱਟਵਰਕ ਲਈ ਈ-ਬੱਸਾਂ ਨੂੰ ਉਤਸਾਹਿਤ ਕੀਤਾ ਜਾਵੇਗਾ। ਸੀਤਾਰਾਮਨ ਨੇ ਕਿਹਾ ਕਿ ਕੰਪਰੈੱਸਡ ਬਾਇਓ-ਗੈਸ ਦੀ ਆਵਾਜਾਈ ਲਈ ਸੀ. ਐੱਨ. ਜੀ. ਅਤੇ ਪਾਈਪ ਵਾਲੀ ਕੁਦਰਤੀ ਗੈਸ 'ਚ ਮਿਲਾਉਣਾ ਲਾਜਮੀ ਹੋਵੇਗਾ। ਉਨ੍ਹਾਂ ਕਿਹਾ ਕਿ ਭਾਰਤ ਦੀ ਆਰਥਿਕ ਤਾਕਤ ਨੇ ਦੇਸ ਨੂੰ ਵਪਾਰ ਅਤੇ ਸੈਰ-ਸਪਾਟੇ ਲਈ ਇੱਕ ਦਿਲਖਿਚਵੀਂ ਥਾਂ ਬਣਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੈਰ-ਸਪਾਟੇ ਦੇ ਖੇਤਰ ਵਿੱਚ ਅਥਾਹ ਮੌਕੇ ਹਨ। ਉਨ੍ਹਾਂ ਵਾਅਦਾ ਕੀਤਾ ਕਿ ਸਰਕਾਰ ਵਿਦੇਸੀ ਸੈਲਾਨੀਆਂ ਨੂੰ ਖਿਚਿਣ ਲਈ ਪ੍ਰਸਿੱਧ ਸੈਲਾਨੀ ਕੇਂਦਰ ਵਿਕਸਤ ਕਰੇਗੀ। ਨੌਕਰਸਾਹਾਂ ਦੀ ਸਿਖਲਾਈ ਲਈ 312 ਕਰੋੜ : ਭਾਰਤ ਅਤੇ ਵਿਦੇਸਾਂ ਵਿੱਚ ਸਰਕਾਰੀ ਮੁਲਾਜਮਾਂ ਤੇ ਨੌਕਰਸਾਹਾਂ ਦੀ ਜਰੂਰੀ ਸਿਖਲਾਈ ਦੇ ਬੁਨਿਆਦੀ ਢਾਂਚੇ ਨੂੰ ਵਧਾਉਣ ਲਈ ਅਮਲਾ ਮੰਤਰਾਲੇ ਨੂੰ 312 ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਸਾਲ 2024-25 ਲਈ ਕੁੱਲ 312 ਕਰੋੜ ਰੁਪਏ ਦੇ ਖਰਚੇ ਵਿੱਚੋਂ 105.31 ਕਰੋੜ ਰੁਪਏ ਟ੍ਰੇਨਿੰਗ ਡਿਵੀਜਨ, ਇੰਸਟੀਚਿਊਟ ਆਫ ਸਕੱਤਰੇਤ ਟਰੇਨਿੰਗ ਐਂਡ ਮੈਨੇਜਮੈਂਟ ਅਤੇ ਲਾਲ ਬਹਾਦਰ ਸਾਸਤਰੀ ਨੈਸਨਲ ਅਕੈਡਮੀ ਆਫ ਐਡਮਿਨਿਸਟ੍ਰੇਸਨ ਲਈ ਸਥਾਪਨਾ ਸਬੰਧੀ ਖਰਚਿਆਂ ਨੂੰ ਪੂਰਾ ਕਰਨ ਲਈ 120.56 ਕਰੋੜ ਰੁਪਏ ਸਿਖਲਾਈ ਯੋਜਨਾ ਲਈ ਅਤੇ 86.13 ਕਰੋੜ ਰੁਪਏ 'ਰਾਸਟਰੀ ਸਿਵਲ ਸੇਵਾ ਸਮਰੱਥਾ ਨਿਰਮਾਣ ਪ੍ਰੋਗਰਾਮ' ਜਾਂ 'ਮਿਸਨ ਕਰਮਯੋਗੀ' ਲਈ ਹਨ। ਪ੍ਰਸਾਸਨਿਕ ਸੁਧਾਰਾਂ ਲਈ 10 ਕਰੋੜ ਰੁਪਏ ਰੱਖੇ ਗਏ ਹਨ। ਮਿਸਨ ਕਰਮਯੋਗੀ ਨੂੰ ਸਭ ਤੋਂ ਵੱਡੀ ਨੌਕਰਸਾਹੀ ਸੁਧਾਰ ਪਹਿਲਕਦਮੀ ਕਿਹਾ ਜਾ ਰਿਹਾ ਹੈ, ਜਿਸ ਦਾ ਮੰਤਵ ਸਰਕਾਰੀ ਕਰਮਚਾਰੀਆਂ ਨੂੰ ਹੋਰ ਉਸਾਰੂ, ਸਰਗਰਮ, ਪੇਸੇਵਰ ਅਤੇ ਟੈਕਨਾਲੋਜੀ ਦੇ ਸਮਰੱਥ ਬਣਾਉਣਾ ਹੈ। ਸੀਤਾਰਾਮਨ ਨੇ ਐਲਾਨ ਕੀਤਾ ਕਿ ਉੱਭਰ ਰਹੇ ਖੇਤਰਾਂ ਵਿੱਚ ਨਿੱਜੀ ਖੇਤਰ ਦੀ ਖੋਜ ਕਰਨ ਅਤੇ ਨਵੀਨਤਾ ਵਾਲੇ ਯਤਨਾਂ ਨੂੰ ਉਤਸਾਹਿਤ ਕਰਨ ਲਈ ਇੱਕ ਲੱਖ ਕਰੋੜ ਰੁਪਏ ਦਾ ਫੰਡ ਬਣਾਇਆ ਜਾਵੇਗਾ। ਇਸ ਵਿੱਚ 50 ਸਾਲਾਂ ਦਾ ਵਿਆਜ ਮੁਕਤ



ਕਰਜਾ ਦਿੱਤਾ ਜਾਵੇਗਾ। ਇਹ ਨਿੱਜੀ ਖੇਤਰ ਨੂੰ ਖੋਜ ਅਤੇ ਨਵੀਨਤਾ ਵਾਲੀਆਂ ਪਹਿਲਕਦਮੀਆਂ ਲਈ ਉਤਸਾਹਿਤ ਕਰੇਗਾ, ਖਾਸ ਕਰ ਕੇ ਉੱਭਰ ਰਹੇ ਖੇਤਰਾਂ ਵਿੱਚ। ਸਾਨੂੰ ਅਜਿਹੇ ਪ੍ਰੋਗਰਾਮਾਂ ਦੀ ਲੋੜ ਹੈ ਜੋ ਸਾਡੇ ਨੌਜਵਾਨਾਂ ਦੀ ਸਕਤੀ ਨੂੰ ਤਕਨਾਲੋਜੀ ਨਾਲ ਜੋੜਦੇ ਹਨ। ਸਰਕਾਰ ਨੇ ਅੰਤਰਿਮ ਬਜਟ ਵਿੱਚ 50,000 ਕਰੋੜ ਰੁਪਏ ਦੇ ਵਿਨਿਵੇਸ ਦਾ ਟੀਚਾ ਰੱਖਿਆ ਹੈ। ਇਸ ਦੇ ਨਾਲ ਹੀ ਸੋਧੇ ਹੋਏ ਅਨੁਮਾਨਾਂ ਮੁਤਾਬਕ ਚਾਲੂ ਵਿੱਤੀ ਸਾਲ 'ਚ ਵਿਨਿਵੇਸ ਤੋਂ 30,000 ਕਰੋੜ ਰੁਪਏ ਮਿਲਣ ਦੀ ਉਮੀਦ ਹੈ। ਪਿਛਲੇ ਸਾਲ ਦਾ ਬਜਟ ਪੇਸ ਕਰਨ ਸਮੇਂ 2023-24 ਵਿੱਚ ਵਿਨਿਵੇਸ ਤੋਂ 51,000 ਕਰੋੜ ਰੁਪਏ ਜੁਟਾਉਣ ਦਾ ਟੀਚਾ ਰੱਖਿਆ ਗਿਆ ਸੀ। ਸਰਕਾਰ ਨੂੰ ਚਾਲੂ ਵਿੱਤੀ ਸਾਲ (2023-24) ਵਿੱਚ ਜਨਤਕ ਜਾਇਦਾਦ ਦੇ ਮੁਦਰੀਕਰਨ ਤੋਂ ਕੋਈ ਰਕਮ ਮਿਲਣ ਦੀ ਉਮੀਦ ਨਹੀਂ। ਵਿੱਤੀ ਸਾਲ 2023-24 ਦੇ ਬਜਟ ਅਨੁਮਾਨਾਂ ਅਨੁਸਾਰ ਇਸ ਮਦ ਅਧੀਨ 10,000 ਕਰੋੜ ਰੁਪਏ ਹਾਸਲ ਕਰਨ ਦੀ ਯੋਜਨਾ ਸੀ। ਚਾਲੂ ਵਿੱਤੀ ਸਾਲ 'ਚ ਹੁਣ ਤੱਕ ਸਰਕਾਰ ਨੇ ਕੋਲ ਇੰਡੀਆ, ਐੱਨ. ਐੱਚ. ਪੀ. ਸੀ. , ਆਰ. ਵੀ. ਐੱਨ. ਆੱਲ. ਤੇ ਆਈ. ਆਰ. ਈ. ਡੀ. ਏ. ਸਮੇਤ 7 ਸਰਕਾਰੀ ਅਦਾਰਿਆਂ ਵਿੱਚ ਘੱਟ ਗਿਣਤੀ ਦੀ ਹਿੱਸੇਦਾਰੀ ਵੇਚ ਕੇ 12,504 ਕਰੋੜ ਰੁਪਏ ਇਕੱਠੇ ਕੀਤੇ। ਸਰਕਾਰ ਨੂੰ ਮਾਰਚ ਤੱਕ ਵਿਨਿਵੇਸ ਤੋਂ ਕੁੱਲ 30,000 ਕਰੋੜ ਰੁਪਏ ਮਿਲਣ ਦੀ ਉਮੀਦ ਹੈ।

## ਘਰ 'ਚ ਦਾਖ਼ਲ ਹੋ ਕੇ ਨਾਬਾਲਿਗ ਲੜਕੀ ਨੂੰ ਅਗਵਾ ਕਰਨ ਦੀ ਕੌਸ਼ਿਸ, 7 ਨੌਜਵਾਨਾਂ ਖਿਲਾਫ ਮਾਮਲਾ ਦਰਜ

ਗੁਰਦਾਸਪੁਰ 3 ਸਤੰਬਰ। ਘਰ 'ਚ ਦਾਖ਼ਲ ਹੋ ਕੇ 12/13ਸਾਲਾਂ ਨਾਬਾਲਿਗ ਲੜਕੀ ਨੂੰ ਅਗਵਾ ਕਰਨ ਦੀ ਕੌਸ਼ਿਸ ਕਰਨ ਵਾਲੇ 7 ਨੌਜਵਾਨਾਂ 'ਚੋਂ ਥਾਣਾ ਸਦਰ ਪੁਲਸ ਨੇ 2 ਨੌਜਵਾਨਾਂ ਦੇ ਨਾਂ ਅਤੇ 5 ਅਣਪਛਾਤੇ ਨੌਜਵਾਨਾਂ ਦੇ ਖਿ?ਲਾਫ ਧਾਰਾ 363, 354, 511 ਦੇ ਤਹਿਤ ਮਾਮਲਾ ਦਰਜ਼ ਕੀਤਾ ਹੈ। ਸਾਰੇ ਦੋਸ਼ੀ ਅਜੇ ਫਰਾਰ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏ. ਐੱਸ. ਆਈ ਬਲਵਿੰਦਰ ਕੌਰ ਨੇ ਦੱਸਿਆ ਕਿ ਥਾਣਾ ਸਦਰ ਦੇ ਅਧੀਨ ਪੈਂਦੇ ਇਕ ਪਿੰਡ ਦੇ ਵਿਅਕਤੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਸ ਦੀ 12/13 ਸਾਲਾਂ ਨਾਬਾਲਿਗ ਲੜਕੀ ਪਿੰਡ ਨਬੀਪੁਰ ਦੇ ਇਕ ਸਕੂਲ 'ਚ 9ਵੀਂ ਕਲਾਸ ਵਿਚ ਪੜ੍ਹਦੀ ਹੈ। ਉਸ ਦੀ ਲੜਕੀ ਨੂੰ ਦੋਸ਼ੀ ਧਰਮਪ੍ਰੀਤ ਸਿੰਘ ਪੁੱਤਰ ਦਲਬੀਰ ਸਿੰਘ ਵਾਸੀ ਦਾਖ਼ਲਾ ਜੱਟਾ ਅਤੇ ਖੁਸਪ੍ਰੀਤ ਸਿੰਘ ਵਾਸੀ ਨਬੀਪੁਰ ਵਾਰ-ਵਾਰ ਆਪਣੇ ਅਣਪਛਾਤੇ ਵਿਅਕਤੀਆਂ ਨੂੰ ਨਾਲ ਲੈ ਕੇ ਮੇਰੀ ਲੜਕੀ ਨੂੰ ਅਗਵਾ ਕਰਨ ਦੀ ਕੌਸ਼ਿਸ ਕਰ ਰਹੇ ਹਨ। ਉਸ ਨੂੰ ਜਬਰਦਸਤੀ ਅਤੇ ਧੱਕੇ ਨਾਲ ਲਿਜਾਣਾ ਚਾਹੁੰਦੇ ਹਨ। ਪੁਲਸ ਅਧਿਕਾਰੀ ਨੇ ਦੱਸਿਆ ਕਿ 7-12-24 ਨੂੰ ਦੋਸ਼ੀਆਂ ਨੇ ਆਪਣੇ 3/4 ਹੋਰ ਅਣਪਛਾਤੇ ਨੌਜਵਾਨਾਂ ਨੂੰ ਆਪਣੇ ਨਾਲ ਲੈ ਕੇ ਮੁਦਈ ਦੇ ਘਰ ਦਾਖ਼ਲ ਹੋ ਕੇ ਉਸ ਦੀ ਲੜਕੀ ਨੂੰ ਅਗਵਾ ਕਰਨ ਦੀ ਕੌਸ਼ਿਸ ਕੀਤੀ।

## ਅਮਰੀਕੀ ਡਾਲਰ ਮੁਕਾਬਲੇ ਛੇ ਪੈਸੇ ਵਧ ਕੇ ਖੁੱਲ੍ਹਿਆ ਭਾਰਤੀ ਰੁਪਇਆ

ਮੁੰਬਈ 3 ਸਤੰਬਰ। ਵੀਰਵਾਰ ਨੂੰ ਸੁਰੂਆਤੀ ਕਾਰੋਬਾਰ ਵਿਚ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ ਛੇ ਪੈਸੇ ਵਧ ਕੇ 82.90 'ਤੇ ਪਹੁੰਚ ਗਿਆ। ਇਹ ਅੰਤਰਬੈਂਕ ਵਿਦੇਸੀ ਮੁਦਰਾ ਬਾਜਾਰ ਵਿਚ 82.94 ਪ੍ਰਤੀ ਡਾਲਰ 'ਤੇ ਖੁੱਲ੍ਹਿਆ ਅਤੇ ਫਿਰ 82.90 ਪ੍ਰਤੀ ਡਾਲਰ ਨੂੰ ਛੂਹ ਗਿਆ, ਜੋ ਪਿਛਲੀ ਬੰਦ ਕੀਮਤ ਤੋਂ ਛੇ ਪੈਸੇ ਦਾ ਵਾਧਾ ਹੈ। ਬੁੱਧਵਾਰ ਨੂੰ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ 82.96 ਦੇ ਪੱਧਰ 'ਤੇ ਬੰਦ ਹੋਇਆ ਸੀ। ਇਸ ਦੌਰਾਨ ਛੇ ਪ੍ਰਮੁੱਖ ਮੁਦਰਾਵਾਂ ਦੇ ਮੁਕਾਬਲੇ ਅਮਰੀਕੀ ਡਾਲਰ ਦੀ ਸਥਿਤੀ ਨੂੰ ਦਰਸਾਉਂਦਾ ਡਾਲਰ ਸੂਚਕਾਂਕ 0.06 ਪ੍ਰਤੀਸਤ ਹੇਠਾਂ 103.99 'ਤੇ ਰਿਹਾ। ਗਲੋਬਲ ਆਇਲ ਬੈਂਚਮਾਰਕ ਬ੍ਰੈਂਟ ਕਰੂਡ ਫਿਊਚਰਜ 0.39 ਫੀਸਦੀ ਵਧ ਕੇ 79.52 ਅਮਰੀਕੀ ਡਾਲਰ ਪ੍ਰਤੀ ਬੈਰਲ 'ਤੇ ਰਿਹਾ। ਸੇਅਰ ਬਾਜਾਰ ਦੇ ਅੰਕੜਿਆਂ ਮੁਤਾਬਕ ਵਿਦੇਸੀ ਸੰਸਥਾਗਤ ਨਿਵੇਸਕਾਂ (ਐੱਫ.ਆਈ.ਆਈ.) ਨੇ ਬੁੱਧਵਾਰ ਨੂੰ 1,691.02 ਕਰੋੜ ਰੁਪਏ ਦੇ ਸੇਅਰ ਵੇਚੇ।

## ਜਲੰਧਰ ਸਿਵਲ ਹਸਪਤਾਲ ਨੂੰ ਮਿਲੇ 4 ਮਾਹਿਰ ਨਵੇਂ ਡਾਕਟਰ, ਹੁਣ ਲੋਕਾਂ ਨੂੰ ਨਹੀਂ ਹੋਵੇਗੀ ਪ੍ਰੇਸਾਨੀ

ਜਲੰਧਰ 3 ਸਤੰਬਰ। ਹਮੇਸਾ ਹੀ ਲੋਕਾਂ ਦੇ ਹਿੱਤਾਂ ਅਤੇ ਉਨ੍ਹਾਂ ਨੂੰ ਦਰਪੇਸ ਸਮੱਸਿਆਵਾਂ ਨੂੰ ਲੈ ਕੇ ਪਹਿਲਕਦਮੀ ਕੀਤੀ ਹੈ ਅਤੇ ਇਸ ਪਹਿਲਕਦਮੀ ਤੋਂ ਬਾਅਦ ਅਖਬਾਰ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਹਰ ਸੰਭਵ ਯਤਨ ਕਰਦੀ ਹੈ। ਇਸੇ ਲੜੀ ਅਧੀਨ 'ਜਗ ਬਾਣੀ' ਵੱਲੋਂ ਗੰਭੀਰਤਾ ਨਾਲ ਪ੍ਰਕਾਸ?ਿਤ ਕੀਤੀ ਗਈ ਖਬਰ ਤੋਂ ਬਾਅਦ ਸਿਵਲ ਹਸਪਤਾਲ 'ਚ ਡਾਕਟਰਾਂ ਦੀ ਕਮੀ ਦਾ ਹੱਲ ਲੱਭਿਆ ਗਿਆ। ਜਾਣਕਾਰੀ ਅਨੁਸਾਰ ਸਿਵਲ ਹਸਪਤਾਲ 'ਚ ਐੱਮ. ਡੀ. ਮੈਡੀਸਨ ਤੇ ਗਾਇਨੀਕੋਲੋਜਿਸਟ ਡਾਕਟਰਾਂ ਦੀ ਘਾਟ ਕਾਰਨ ਮਰੀਜਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। 'ਜਗ ਬਾਣੀ' ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਕੱਲ 30 ਤਾਰੀਖ ਨੂੰ ਪ੍ਰਕਾਸ?ਿਤ ਕੀਤਾ ਸੀ




ਤਾਂ ਜੋ ਲੋਕਾਂ ਨੂੰ ਦਰਪੇਸ ਮੁਸਕਿਲਾਂ ਨੂੰ ਚੰਡੀਗੜ੍ਹ ਦੇ ਉੱਚ ਅਧਿਕਾਰੀਆਂ ਤੱਕ ਪਹੁੰਚਾਇਆ ਜਾ ਸਕੇ। ਗੌਰਤਲਬ ਹੈ ਕਿ ਐੱਮ. ਡੀ. ਮੈਡੀਸਨ ਡਾ. ਈਸੂ ਸਿੰਘ ਜਿੰਨਾ ਚਿਰ ਸਿਵਲ ਹਸਪਤਾਲ 'ਚ ਮਰੀਜਾਂ ਦਾ ਇਲਾਜ ਕਰਦੇ ਰਹੇ, ਉਸ ਦੇ ਇਕੱਲੇ ਹੋਣ ਕਾਰਨ ਉਨ੍ਹਾਂ 'ਤੇ ਕੰਮ ਦਾ ਬੋਝ ਬਹੁਤ ਵੱਧ ਗਿਆ ਸੀ। ਹਸਪਤਾਲ ਦੇ ਸੂਤਰਾਂ ਦੀ ਮੰਨੀਏ ਤਾਂ ਡਾ. ਈਸੂ ਸਿੰਘ ਨੇ ਪਹਿਲਾਂ ਵੀ ਕਈ ਵਾਰ ਨੌਕਰੀ ਛੱਡਣ ਦਾ ਲਿਖਤੀ ਨੋਟਿਸ ਦਿੱਤਾ ਸੀ ਪਰ ਸੀਨੀਅਰ ਡਾਕਟਰਾਂ ਦੇ ਮਨਾਉਣ ਤੋਂ ਬਾਅਦ ਉਨ੍ਹਾਂ ਨੌਕਰੀ ਛੱਡਣ ਦਾ ਪ੍ਰਸਤਾਵ ਰੱਦ ਕਰ ਦਿੱਤਾ। ਇਸ ਤੋਂ ਬਾਅਦ ਵੀ ਕੋਈ ਐੱਮ. ਡੀ. ਮੈਡੀਸਨ ਨਾ ਆਉਣ ਕਾਰਨ ਉਨ੍ਹਾਂ ਨੌਕਰੀ ਛੱਡ ਦਿੱਤੀ। ਪਤਾ ਲੱਗਾ ਹੈ ਕਿ ਅਧਿਕਾਰੀਆਂ ਵੱਲੋਂ ਜਾਰੀ ਹੁਕਮਾਂ ਤੋਂ ਬਾਅਦ ਹੁਣ ਇਕ ਪਤਰ ਜਾਰੀ ਕੀਤਾ ਗਿਆ ਹੈ, ਜਿਸ 'ਚ ਗਾਇਨੀਕੋਲੋਜਿਸਟ ਡਾ. ਕਿਰਨ ਕੌਸਲ, ਜੋਕਿ ਸੀ. ਐੱਚ. ਸੀ. (ਕਮਿਊਨਿਟੀ ਹੈਲਥ ਸੈਂਟਰ)

## ਮਰੀਜਾਂ ਨੂੰ ਹਸਪਤਾਲ 'ਚ ਮੌਜੂਦ ਦਵਾਈ ਲਿਖ ਕੇ ਦੇਣਗੇ ਡਾਕਟਰ, ਬਾਹਰੋਂ ਲਿਆਉਣ 'ਤੇ ਹਸਪਤਾਲ ਖੁਦ ਕਰੇਗਾ ਭੁਗਤਾਨ

ਗੁਰਦਾਸਪੁਰ 3 ਸਤੰਬਰ। ਪੰਜਾਬ ਸਰਕਾਰ ਨੇ ਸਰਕਾਰੀ ਹਸਪਤਾਲਾਂ ਵਿਚ ਇਲਾਜ ਕਰਵਾਉਣ ਵਾਲੇ ਮਰੀਜਾਂ ਦੀ ਸਹੂਲਤ ਲਈ ਇਕ ਨਵੀਂ ਸਕੀਮ ਤਿਆਰ ਕੀਤੀ ਹੈ। ਜਾਣਕਾਰੀ ਅਨੁਸਾਰ ਸਰਕਾਰੀ ਹਸਪਤਾਲਾਂ 'ਚ ਦਾਖਲ ਮਰੀਜਾਂ ਨੂੰ ਜ?ਿਆਦਾਤਰ ਦਵਾਈਆਂ ਹਸਪਤਾਲ 'ਚੋਂ ਜਾਂ ਸਰਕਾਰੀ ਹਸਪਤਾਲਾਂ 'ਚ ਚੱਲ ਰਹੀਆਂ ਹਨ, ਔਸਧੀ ਕੇਂਦਰਾਂ ਤੋਂ ਸਸਤੇ ਭਾਅ 'ਤੇ ਉਪਲਬਧ ਕਰਵਾਈਆਂ ਜਾਂਦੀਆਂ ਹਨ ਪਰ ਇਸ ਦੇ ਬਾਵਜੂਦ ਕੁਝ ਦਵਾਈਆਂ ਅਜਿਹੀਆਂ ਹਨ ਜੋ ਹਸਪਤਾਲ ਵਿਚ ਉਪਲਬਧ ਨਹੀਂ ਹਨ ਅਤੇ ਬਾਜਾਰ 'ਚੋਂ ਮਹਿੰਗੇ ਭਾਅ ਖਰੀਦਣੀਆਂ ਪੈਂਦੀਆਂ ਹਨ ਪਰ ਸਰਕਾਰ ਨੇ ਇਸ ਸਬੰਧੀ ਮਰੀਜਾਂ ਨੂੰ ਰਾਹਤ ਦੇਣ ਲਈ ਨਵੀਂ ਸਕੀਮ ਤਿਆਰ ਕੀਤੀ ਹੈ। ਹੁਣ ਸਰਕਾਰੀ ਹਸਪਤਾਲ 'ਚ ਤਾਇਨਾਤ ਡਾਕਟਰਾਂ ਨੂੰ ਹਸਪਤਾਲ ਵਿਚ ਉਪਲਬਧ ਹੋਣ 'ਤੇ ਉਹੀ ਦਵਾਈ ਦਾਖਲ ਮਰੀਜ ਨੂੰ ਲਿਖਣੀ ਪਵੇਗੀ। ਉਥੇ ਹੀ ਜੇਕਰ ਹਸਪਤਾਲ 'ਚ ਕੋਈ ਦਵਾਈ ਖਤਮ ਹੋ ਗਈ ਹੈ, ਤਾਂ ਹਸਪਤਾਲ ਖੁਦ ਉਸ ਦਵਾਈ ਨੂੰ ਬਾਜਾਰ ਤੋਂ ਖਰੀਦ ਕੇ ਮਰੀਜ ਨੂੰ ਦੇਵੇਗਾ ਅਤੇ ਕੈਮਿਸਟ ਨੂੰ ਸਰਕਾਰੀ ਹਸਪਤਾਲ ਨੂੰ ਭੁਗਤਾਨ ਕਰਨਾ ਪਵੇਗਾ। ਇਸੇ ਤਰ੍ਹਾਂ ਜੇਕਰ ਕਿਸੇ ਸਰਕਾਰੀ ਹਸਪਤਾਲ 'ਚ ਚੱਲ ਰਹੀ ਐਕਸਰੇ ਮਸੀਨ ਖਰਾਬ ਹੋ ਜਾਂਦੀ ਹੈ ਤਾਂ ਮਰੀਜ ਸਿਵਲ ਹਸਪਤਾਲ ਵੱਲੋਂ ਬਾਜਾਰ 'ਚੋਂ ਐਕਸ-ਰੇ ਕਰਵਾਇਆ ਜਾਵੇਗਾ ਅਤੇ ਉਸ ਦੀ ਅਦਾਇਗੀ ਵੀ ਹਸਪਤਾਲ ਵੱਲੋਂ ਕੀਤੀ ਜਾਵੇਗੀ। ਇਸ ਸਕੀਮ ਸਬੰਧੀ ਸਿਵਲ ਸਰਜਨ ਡਾ. ਹਰਭਜਨ ਰਾਮ ਮੰਡੀ ਨੇ ਦੱਸਿਆ ਕਿ ਸਾਨੂੰ ਇਕ-ਦੋ ਦਿਨ ਪਹਿਲਾਂ ਹੀ ਇਸ ਸਕੀਮ ਸਬੰਧੀ ਪੱਤਰ ਮਿਲ ਚੁੱਕਾ ਹੈ। ਇਸ ਸਕੀਮ ਨੂੰ ਲਾਗੂ ਕਰਨ ਲਈ ਸਿਹਤ ਵਿਭਾਗ ਨੇ ਤਿਆਰੀਆਂ ਸੁਰੂ ਕਰ ਦਿੱਤੀਆਂ ਹਨ। ਪ੍ਰਾਈਵੇਟ ਕੈਮਿਸਟਾਂ ਦਾ ਇਕ ਪੈਨਲ ਬਣਾਇਆ ਜਾਵੇਗਾ ਅਤੇ ਉਨ੍ਹਾਂ ਨੂੰ ਰਜਿਸਟਰਡ ਕੀਤਾ ਜਾਵੇਗਾ। ਉਨ੍ਹਾਂ ਦੇ ਰੇਟ ਤੈਅ ਕਰਨ ਤੋਂ ਬਾਅਦ ਹੀ ਉਨ੍ਹਾਂ ਤੋਂ ਦਵਾਈਆਂ ਖਰੀਦੀਆਂ ਜਾਣਗੀਆਂ। ਇਸੇ ਤਰ੍ਹਾਂ ਐਕਸ-ਰੇ ਮਸੀਨ ਮਾਲਕਾਂ ਦਾ ਇਕ ਪੈਨਲ ਵੀ ਬਣਾਇਆ ਜਾਵੇਗਾ, ਜਿਸ ਰਾਹੀਂ ਸਸਤੇ ਰੇਟਾਂ 'ਤੇ ਮਰੀਜਾਂ ਦੇ ਐਮਰਜੈਂਸੀ ਦੀ ਸੂਰਤ 'ਚ ਐਕਸਰੇ ਕੀਤੇ ਜਾਣਗੇ। ਇਸ ਪ੍ਰਕਿਰਿਆ ਨੂੰ ਪੂਰਾ ਹੋਣ ਵਿਚ ਇਕ ਹਫਤਾ ਲੱਗੇਗਾ। ਕੈਮਿਸਟਾਂ ਅਤੇ ਐਕਸਰੇ ਲੋਕਾਂ ਨੂੰ ਖਜਾਨਾ ਵਿਭਾਗ ਰਾਹੀਂ ਭੁਗਤਾਨ ਕੀਤਾ ਜਾਵੇਗਾ। ਸਿਵਲ ਹਸਪਤਾਲ ਗੁਰਦਾਸਪੁਰ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਸਾਨੂੰ ਵੇਰਕਾ ਸਟੋਰ ਤੋਂ ਲਗਭਗ 272 ਕਿਸਮ ਦੀਆਂ ਦਵਾਈਆਂ ਅਲਾਟ ਕੀਤੀਆਂ ਜਾ ਸਕਦੀਆਂ ਹਨ ਪਰ ਇਸ ਵੇਲੇ ਸਾਨੂੰ ਵੇਰਕਾ ਸਟੋਰ ਤੋਂ ਸਿਰਫ 220 ਕਿਸਮ ਦੀਆਂ ਦਵਾਈਆਂ ਮਿਲ ਰਹੀਆਂ ਹਨ ਜੋ ਕਿ ਸਾਨੂੰ ਮਰੀਜਾਂ ਨੂੰ ਮੁਫਤ ਦੇਣੀਆਂ ਪੈਂਦੀਆਂ ਹਨ। ਹੋਰ ਕਿਸਮ ਦੀਆਂ ਦਵਾਈਆਂ ਜਾਂ ਤਾਂ ਵੇਰਕਾ ਸਟੋਰ ਤੋਂ ਉਪਲੱਬਧ ਹੋਣਗੀਆਂ ਜਾਂ ਬਾਜਾਰ ਤੋਂ ਖਰੀਦ ਕੇ ਮਰੀਜਾਂ ਨੂੰ ਦਿੱਤੀਆਂ ਜਾਣਗੀਆਂ। ਇਸ ਨਵੀਂ ਸਕੀਮ ਬਾਰੇ ਜਦੋਂ ਪੰਜਾਬ ਹੈਲਥ ਸਿਸਟਮ ਕਾਰਪੋਰੇਸਨ ਦੇ ਚੇਅਰਮੈਨ ਰਮਨ ਬਹਿਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪੂਰੇ ਦੇਸ ਵਿਚ ਪੰਜਾਬ ਹੀ ਅਜਿਹਾ ਸੂਬਾ ਹੋਵੇਗਾ, ਜਿਸ 'ਚ ਇਹ ਸਹੂਲਤ ਸੁਰੂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਮਰੀਜਾਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਦਵਾਈਆਂ ਨੂੰ ਲੈ ਕੇ ਡਾਕਟਰਾਂ ਦੀ ਮਨਮਾਨੀ ਵੀ ਖਤਮ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਮੈਂ ਲੰਬੇ ਸਮੇਂ ਦੀ ਮਿਹਨਤ ਤੋਂ ਬਾਅਦ ਇਹ ਸਕੀਮ ਤਿਆਰ ਕਰਕੇ ਪੂਰੇ ਪੰਜਾਬ 'ਚ ਲਾਗੂ ਕਰਵਾ ਦਿੱਤੀ ਹੈ ਅਤੇ ਜਲਦੀ ਹੀ ਇਸ ਸਕੀਮ ਨੂੰ ਅਮਲੀ ਰੂਪ 'ਚ ਸੁਰੂ ਕਰਕੇ ਮਰੀਜਾਂ ਨੂੰ ਕਾਫੀ ਲਾਭ ਮਿਲੇਗਾ।

## ਸ਼ੇਅਰ ਬਾਜਾਰਾਂ 'ਚ ਤੇਜੀ, ਸੈਂਸੈਕਸ 846.64 ਅੰਕ ਚੜ੍ਹਿਆ ਤੇ ਨਿਫਟੀ ਵੀ ਵਾਧੇ ਨਾਲ ਕਰ ਰਿਹੈ ਕਾਰੋਬਾਰ

ਮੁੰਬਈ 3 ਸਤੰਬਰ। ਘਰੇਲੂ ਬਾਜਾਰਾਂ ਨੇ ਸੁੱਕਰਵਾਰ ਦੇ ਸੁਰੂਆਤੀ ਕਾਰੋਬਾਰ ਵਿਚ ਤੇਜੀ ਨਾਲ ਵਾਪਸੀ ਕੀਤੀ। ਸੈਂਸੈਕਸ 800 ਤੋਂ ਵੱਧ ਅੰਕ ਚੜ੍ਹਿਆ। ਬੀਐਸਈ ਦਾ 30 ਸੇਅਰਾਂ ਵਾਲਾ ਸੂਚਕ ਅੰਕ ਸੁਰੂਆਤੀ ਕਾਰੋਬਾਰ ਵਿੱਚ 846.64 ਅੰਕਾਂ ਦੀ ਛਾਲ ਮਾਰ ਕੇ 72,491.94 ਅੰਕਾਂ 'ਤੇ ਪਹੁੰਚ ਗਿਆ। ਨਿਫਟੀ 256.55 ਅੰਕ ਵਧ ਕੇ 21,954 ਅੰਕ 'ਤੇ ਪਹੁੰਚ ਗਿਆ। ਹੋਰ ਏਸੀਆਈ ਬਾਜਾਰਾਂ 'ਚ ਦੱਖਣੀ ਕੋਰੀਆ ਦਾ ਕੋਸਪੀ, ਹਾਂਗਕਾਂਗ ਦਾ ਹੈਂਗ ਸੇਂਗ ਅਤੇ ਜਾਪਾਨ ਦਾ ਨਿੱਕੇਈ ਲਾਭ 'ਚ ਰਹੇ ਜਦਕਿ ਚੀਨ ਦਾ ਸੰਘਾਈ ਕੰਪੋਜ?ਿਟ ਘਾਟੇ 'ਚ ਰਿਹਾ। ਵੀਰਵਾਰ ਨੂੰ ਅਮਰੀਕੀ ਬਾਜਾਰ ਸਕਾਰਾਤਮਕ ਨੋਟ 'ਤੇ ਬੰਦ ਹੋਏ। ਗਲੋਬਲ ਆਇਲ ਬੈਂਚਮਾਰਕ ਬ੍ਰੈਂਟ ਕਰੂਡ 0.71 ਫੀਸਦੀ ਵਧ ਕੇ 79.26 ਡਾਲਰ ਪ੍ਰਤੀ ਬੈਰਲ 'ਤੇ ਕਾਰੋਬਾਰ ਕਰ ਰਿਹਾ ਸੀ। ਸੇਅਰ ਬਾਜਾਰ ਦੇ ਅੰਕੜਿਆਂ ਮੁਤਾਬਕ ਵਿਦੇਸੀ ਸੰਸਥਾਗਤ ਨਿਵੇਸਕਾਂ (ਐੱਫ.ਆਈ.ਆਈ.) ਨੇ ਵੀਰਵਾਰ ਨੂੰ 1,879.58 ਕਰੋੜ ਰੁਪਏ ਦੇ ਸੇਅਰ ਵੇਚੇ।

## ਘਰੇਲੂ ਬਾਜਾਰਾਂ ਦੇ ਸੁਰੂਆਤੀ ਕਾਰੋਬਾਰ 'ਚ ਉਛਾਲ, ਸੈਂਸੈਕਸ 321 ਅੰਕ ਚੜ੍ਹਿਆ

ਮੁੰਬਈ 3 ਸਤੰਬਰ। ਭਾਰਤੀ ਰਿਜਰਵ ਬੈਂਕ ਦੇ ਵਿਆਜ ਦਰਾਂ 'ਤੇ ਫੈਸਲੇ ਤੋਂ ਪਹਿਲਾਂ ਗਲੋਬਲ ਬਾਜਾਰਾਂ 'ਚ ਤੇਜੀ ਦੇ ਵਿਚਕਾਰ ਵੀਰਵਾਰ ਨੂੰ ਘਰੇਲੂ ਬਾਜਾਰਾਂ 'ਚ ਸੁਰੂਆਤੀ ਕਾਰੋਬਾਰ 'ਚ ਤੇਜੀ ਦੇਖਣ ਨੂੰ ਮਿਲੀ। ਬੀ.ਐੱਸ.ਈ. ਦਾ 30 ਸੇਅਰਾਂ ਵਾਲਾ ਸੂਚਕ ਅੰਕ ਸੈਂਸੈਕਸ ਸੁਰੂਆਤੀ ਕਾਰੋਬਾਰ 'ਚ 321.42 ਅੰਕ ਚੜ੍ਹ ਕੇ 72,473.42 ਅੰਕ 'ਤੇ ਪਹੁੰਚ ਗਿਆ। ਨਿਫਟੀ 80.55 ਅੰਕ ਵਧ ਕੇ 22,011.05 'ਤੇ ਪਹੁੰਚ ਗਿਆ। ਇਸ ਦੌਰਾਨ ਸੈਂਸੈਕਸ ਦੀਆਂ ਕੰਪਨੀਆਂ 'ਚ ਪਾਵਰਗਰਿਡ ਦੇ ਸੇਅਰ ਚਾਰ ਫੀਸਦੀ ਤੋਂ ਜ?ਿਆਦਾ ਵਧੇ ਹਨ। ਐੱਚਸੀਐੱਲ ਟੈਕਨਾਲੋਜੀਜ, ਇੰਡਸਇੰਡ ਬੈਂਕ, ਸਟੇਟ ਬੈਂਕ ਆਫ ਇੰਡੀਆ, ਮਹਿੰਦਰਾ ਐਂਡ ਮਹਿੰਦਰਾ, ਟਾਟਾ ਕੰਸਲਟੈਂਸੀ ਸਰਵਿਸਿਜ ਅਤੇ ਐੱਨਟੀਪੀਸੀ ਦੇ ਸੇਅਰਾਂ ਵਿਚ ਵਾਧਾ ਹੋਇਆ। ਆਈਟੀਸੀ, ਮਾਰੂਤੀ, ਬਜਾਜ ਫਾਈਨਾਂਸ ਅਤੇ ਏਸੀਅਨ ਪੇਂਟਸ ਦੇ ਸੇਅਰਾਂ ਨੂੰ ਨੁਕਸਾਨ ਹੋਇਆ। ਹੋਰ ਏਸੀਆਈ ਬਾਜਾਰਾਂ 'ਚ ਜਾਪਾਨ ਦਾ ਨਿੱਕੇਈ, ਦੱਖਣੀ ਕੋਰੀਆ ਦਾ ਕੋਸਪੀ ਅਤੇ ਚੀਨ ਦਾ ਸੰਘਾਈ ਕੰਪੋਜ?ਿਟ ਲਾਭ 'ਚ ਰਿਹਾ, ਜਦਕਿ ਹਾਂਗਕਾਂਗ ਦਾ ਹੈਂਗ ਸੇਂਗ ਘਾਟੇ 'ਚ ਰਿਹਾ। ਅਮਰੀਕੀ ਬਾਜਾਰ ਬੁੱਧਵਾਰ ਨੂੰ ਸਕਾਰਾਤਮਕ ਨੋਟ 'ਤੇ ਬੰਦ ਹੋਏ। ਸੇਅਰ ਬਾਜਾਰ ਦੇ ਅੰਕੜਿਆਂ ਮੁਤਾਬਕ ਵਿਦੇਸੀ ਸੰਸਥਾਗਤ ਨਿਵੇਸਕਾਂ (ਐੱਫ.ਆਈ.ਆਈ.) ਨੇ ਬੁੱਧਵਾਰ ਨੂੰ 1,691.02 ਕਰੋੜ ਰੁਪਏ ਦੇ ਸੇਅਰ ਵੇਚੇ।

## ਲਾਰੈਂਸ ਬਿਸ਼ਨੋਈ ਗੈਂਗ ਦੇ 8 ਗੈਂਗਸਟਰ ਹਥਿਆਰ ਤੇ ਕਾਰਤੂਸ ਸਣੇ ਗ੍ਰਿਫਤਾਰ

ਜਲੰਧਰ 3 ਸਤੰਬਰ। ਜਲੰਧਰ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਕਮਿਸ਼ਨਰੇਟ ਪੁਲਸ ਨੇ ਲਾਰੈਂਸ ਬਿਸ਼ਨੋਈ ਗੈਂਗ ਦੇ 8 ਗੈਂਗਸਟਰਾਂ ਨੂੰ ਹਥਿਆਰਾਂ ਸਮੇਤ ਗ੍ਰਿਫਤਾਰ ਕੀਤਾ। ਦੱਸਿਆ ਜਾ ਰਿਹਾ ਹੈ ਕਿ ਉਕਤ ਗੈਂਗਸਟਰ ਪੰਜਾਬ ਵਿਚ ਵੱਡੀ ਵਾਰਦਾਤ ਕਰਨ ਦੀ ਫਿਰਾਕ ਵਿਚ ਸਨ। ਗ੍ਰਿਫਤਾਰ ਕੀਤੇ ਗਏ ਗੈਂਗਸਟਰਾਂ ਕੋਲੋਂ ਤਿੰਨ ਪਿਸਤੌਲਾਂ, 10 ਕਾਰਤੂਸ ਅਤੇ ਵਾਹਨ ਬਰਾਮਦ ਕੀਤੇ ਗਏ ਹਨ। ਉਕਤ ਗੈਂਗਸਟਰ ਧਮਕੀਆਂ, ਫਿਰੌਤੀ, ਜਬਰੀ ਵਸੂਲੀ ਅਤੇ ਹੋਰ ਅਪਰਾਧਿਕ ਗਤੀਵਿਧੀਆਂ ਵਿਚ ਸ਼ਾਮਲ ਸਨ। ਪੁਲਸ ਵੱਲੋਂ ਗ੍ਰਿਫਤਾਰ ਕੀਤੇ ਗਏ ਗੈਂਗਸਟਰਾਂ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ ਅਤੇ ਵੱਡੇ ਖੁਲਾਸੇ ਹੋਣ ਦੀ ਉਮੀਦ ਜਤਾਈ ਜਾ ਰਹੀ ਹੈ।

# ਗਲੋਬਲ ਬਾਜਾਰ 'ਚ ਮਹੱਤਵਪੂਰਨ ਤਬਦੀਲੀ, ਦੁਨੀਆ ਭਰ ਦੇ ਨਿਵੇਸ਼ਕ ਭਾਰਤ 'ਚ ਕਰ ਰਹੇ ਮੋਟਾ ਨਿਵੇਸ਼

ਨਵੀਂ ਦਿੱਲੀ 3 ਸਤੰਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਵਪਾਰਕ ਨੀਤੀਆਂ ਕਾਰਨ ਭਾਰਤੀ ਬਾਜਾਰ 'ਚ ਇਤਿਹਾਸਕ ਉਛਾਲ ਆਉਣ ਵਾਲਾ ਹੈ ਕਿਉਂਕਿ ਨਿਵੇਸਕਾਂ ਨੇ ਚੀਨ ਦੀ ਡਗਮਗਾਉਂਦੀ ਅਰਥਵਿਵਸਥਾ 'ਚੋਂ ਅਰਬਾਂ ਡਾਲਰ ਕੱਢ ਲਏ ਹਨ ਅਤੇ ਭਾਰਤ ਨੂੰ ਦੁਨੀਆ 'ਚ ਸਭ ਤੋਂ ਤੇਜੀ ਨਾਲ ਵਧਦੀ ਅਰਥਵਿਵਸਥਾ ਮੰਨਦੇ ਹੋਏ ਮੋਟਾ ਨਿਵੇਸ਼ ਕੀਤਾ ਹੈ। ਜੋ ਕਿ ਹੁਣ ਤੱਕ ਵਿਸਵ ਅਰਥਵਿਵਸਥਾ ਦਾ ਧੁਰਾ ਸੀ, ਹੁਣ ਆਪਣੇ ਦਿਨ ਖਤਮ ਹੋਣ ਵਾਲਾ ਹੈ ਅਤੇ ਹੁਣ ਭਾਰਤ ਦਾ ਸਮਾਂ ਆ ਗਿਆ ਹੈ। ਗਲੋਬਲ ਕੈਸਫਲੋ ਦਾ ਵੱਡਾ ਹਿੱਸਾ ਹੁਣ ਭਾਰਤ ਵੱਲ ਆ ਰਿਹਾ ਹੈ। ਗਲੋਬਲ ਬਾਜਾਰ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ। ਨਿਵੇਸਕਾਂ ਨੇ ਚੀਨ ਦੀ ਕਮਜੋਰ ਆਰਥਿਕਤਾ 'ਚੋਂ ਆਪਣੇ ਅਰਬਾਂ ਡਾਲਰ ਕੱਢ ਲਏ ਹਨ। ਨਤੀਜੇ ਵਜੋਂ ਦੇਸ ਦੀ ਦੋ ਦਹਾਕਿਆਂ ਬਾਅਦ ਵਿਸਵ ਦੀ ਸਭ ਤੋਂ ਵੱਡੀ ਵਿਕਾਸ ਕਹਾਣੀ ਦਾਅ 'ਤੇ ਲੱਗ ਗਈ ਹੈ। ਨਿਵੇਸਕਾਂ ਵਲੋਂ ਅਰਬਾਂ ਡਾਲਰ ਕਢਵਾਉਣ ਕਾਰਨ ਵਿਸਵ ਬਾਜਾਰਾਂ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਆ ਰਹੀ ਹੈ। ਗੋਲਡਮੈਨ ਸਾਕਸ ਗਰੁੱਪ ਇੰਕ. ਅਤੇ ਮੋਰਗਨ ਸਟੈਨਲੀ ਵਰਗੀਆਂ ਵਾਲ ਸਟਰੀਟ ਦੇ ਦਿੱਗਜ ਅਗਲੇ ਦਹਾਕੇ ਲਈ ਇੱਕ ਪ੍ਰਮੁੱਖ ਨਿਵੇਸ ਸਥਾਨ ਵਜੋਂ ਦੱਖਣੀ ਏਸੀਆਈ ਦੇਸ ਦਾ ਸਮਰਥਨ ਕਰ ਰਹੇ ਹਨ। ਇਕ ਰਿਪੋਰਟ ਮੁਤਾਬਕ ਭਾਰਤ 'ਚ ਸੋਨੇ ਤੋਂ ਵੀ ਭਾਰੀ ਨਿਵੇਸ ਹੋਣ ਵਾਲਾ ਹੈ। ਉਸ ਦੀ ਨਕਦੀ ਦਾ ਬਹੁਤਾ ਹਿੱਸਾ ਹੁਣ ਭਾਰਤ ਵੱਲ ਜਾ ਰਿਹਾ ਹੈ,



ਗੋਲਡਮੈਨ ਸਾਕਸ ਗਰੁੱਪ ਇੰਕ. ਅਤੇ ਮੋਰਗਨ ਸਟੈਨਲੀ ਵਰਗੇ ਵਾਲ ਸਟਰੀਟ ਦੇ ਦਿੱਗਜਾਂ ਨੇ ਅਗਲੇ ਦਹਾਕੇ ਲਈ ਇੱਕ ਪ੍ਰਮੁੱਖ ਨਿਵੇਸ ਸਥਾਨ ਵਜੋਂ ਦੱਖਣੀ ਏਸੀਆਈ ਦੇਸ ਦਾ ਸਮਰਥਨ ਕੀਤਾ ਹੈ। 62 ਬਿਲੀਅਨ ਡਾਲਰ ਹੇਜ ਫੰਡ ਮਾਰਸਲ ਵੇਸ ਨੇ ਭਾਰਤ ਨੂੰ ਆਪਣੇ ਫਲੈਗਸ?ਿਪ ਹੇਜ ਫੰਡ 'ਤੇ ਅਮਰੀਕਾ ਤੋਂ ਬਾਅਦ ਸਭ ਤੋਂ ਵੱਡੀ ਸੁੱਧ ਲੰਬੀ ਮਿਆਦ ਦੀ ਸੱਟੇਬਾਜੀ ਵਜੋਂ ਦਰਜਾ ਦਿੱਤਾ ਹੈ। ਇੱਥੋਂ ਤੱਕ ਕਿ ਜਾਪਾਨ ਦੇ ਰਵਾਇਤੀ ਤੌਰ 'ਤੇ ਰੂੜੀਵਾਦੀ ਪ੍ਰਚੂਨ ਨਿਵੇਸਕ ਭਾਰਤ ਵਿਚ ਨਿਵੇਸ਼ ਵਧਾ ਰਹੇ ਹਨ ਅਤੇ ਚੀਨ ਵਿੱਚ ਨਿਵੇਸ ਘਟਾ ਰਹੇ ਹਨ। ਨਿਵੇਸਕ ਏਸੀਆ ਦੀਆਂ ਦੋ ਵੱਡੀਆਂ ਸਕਤੀਆਂ ਦੇ ਆਰਥਿਕ ਉਤਰਾਅ-ਚੜ੍ਹਾਅ 'ਤੇ ਪੂਰਾ ਧਿਆਨ ਦੇ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਰਤ ਦੇਸ਼ ਦੁਨੀਆ ਦੀ ਸਭ ਤੋਂ ਤੇਜੀ ਨਾਲ ਵਧ ਰਹੀ ਮੁੱਖ ਅਰਥਵਿਵਸਥਾ ਨੇ ਬੁਨਿਆਦੀ ਢਾਂਚੇ ਦਾ ਇੱਕ ਵਿਸਾਲ ਵਿਸਤਾਰ ਕੀਤਾ ਹੈ। ਨਤੀਜੇ ਵਜੋਂ ਗਲੋਬਲ ਪੂੰਜੀ ਅਤੇ ਸਪਲਾਈ ਲਾਈਨਾਂ ਬੀਜਿੰਗ ਤੋਂ ਮੂੰਹ ਮੋੜ ਰਹੀਆਂ ਹਨ। ਦੂਜੇ ਪਾਸੇ ਚੀਨ ਪੁਰਾਣੀਆਂ ਆਰਥਿਕ ਸਮੱਸਿਆਵਾਂ ਨਾਲ ਜੂਝ ਰਿਹਾ ਹੈ ਅਤੇ ਪੱਛਮੀ-ਅਗਵਾਈ ਵਾਲੀ ਪ੍ਰਣਾਲੀ ਨਾਲ ਵਧ ਰਹੀਆਂ ਦਰਾਰਾਂ ਨਾਲ ਜੂਝ ਰਿਹਾ ਹੈ। ਹਾਲਾਂਕਿ ਭਾਰਤ ਬਾਰੇ ਬੁਲਿਸ ਭਾਵਨਾ ਨਵੀਂ ਨਹੀਂ ਹੈ। ਨਿਵੇਸਕ ਹੁਣ ਇੱਕ ਅਜਿਹਾ ਬਾਜਾਰ ਦੇਖਣ ਦੀ ਜ?ਿਆਦਾ ਸੰਭਾਵਨਾ ਰੱਖਦੇ ਹਨ ਜੋ ਅਤੀਤ ਦੇ ਚੀਨ ਵਰਗਾ ਹੈ। ਜਾਪਾਨ ਦੇ ਪ੍ਰਚੂਨ ਨਿਵੇਸਕ ਜਿਹੜੇ ਪਹਿਲਾਂ ਅਮਰੀਕਾ ਵਿਚ ਨਿਵੇਸ਼ ਕਰਦੇ ਸਨ ਉਹ ਵੀ ਭਾਰਤ ਪ੍ਰਤੀ ਉਤਸਾਹ ਦਿਖਾ ਰਹੇ ਹਨ।

## ਵਿਦੇਸ਼ 'ਚ ਰੋਜੀ ਰੋਟੀ ਕਮਾਉਣ ਗਏ 26 ਸਾਲਾ ਨੌਜਵਾਨ ਨਾਲ ਵਾਪਰਿਆ ਭਾਣਾ

ਦੀਨਾਨਗਰ 3 ਸਤੰਬਰ। ਵਿਧਾਨ ਸਭਾ ਹਲਕਾ ਦੀਨਾਨਗਰ ਦੇ ਅਧੀਨ ਆਉਂਦੇ ਪਿੰਡ ਨਵਾਂ ਸਾਲਾ (ਗੁਰਦਾਸਪੁਰ) ਦੇ ਰਹਿਣ ਵਾਲੇ ਨੌਜਵਾਨ ਲਵਪ੍ਰੀਤ ਸਿੰਘ (26) ਪੁੱਤਰ ਹਰਜੀਤ ਸਿੰਘ ਦੀ ਬੀਤੇ ਦਿਨੀਂ ਅਮਰੀਕਾ ਵਿਖੇ ਸੜਕ ਹਾਦਸੇ ਵਿਚ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਹਾਦਸੇ 'ਚ ਉਸ ਦੇ ਦੋ ਹੋਰ ਸਾਥੀ ਵੀ ਜਖਮੀ ਹੋ ਗਏ । ਇਸ ਦੌਰਾਨ ਮ੍ਰਿਤਕ ਲਵਪ੍ਰੀਤ ਸਿੰਘ ਦੇ ਭਰਾ ਰਮਨ ਸਿੰਘ ਨੇ ਦੱਸਿਆ ਕਿ ਘਰ ਦੇ ਹਾਲਾਤ ਨੂੰ ਬਿਹਤਰ ਬਣਾਉਣ ਲਈ ਕਰੀਬ 7 ਸਾਲ ਪਹਿਲਾਂ ਲੱਖਾਂ ਰੁਪਏ ਖਰਚ ਕੇ ਉਨ੍ਹਾਂ ਆਪਣੇ ਮੁੰਡੇ ਨੂੰ ਅਮਰੀਕਾ ਦੇ ਸਹਿਰ ਕੈਲੀਫੋਰਨੀਆ ਭੇਜਿਆ ਸੀ ਅਤੇ ਦੋ ਦਿਨ ਪਹਿਲਾਂ ਉਹ ਪੱਕੇ ਹੋਣ ਦੇ ਕਾਗਜ ਲੈਣ ਲਈ ਅਮਰੀਕਾ ਦੇ ਕਿਸੇ ਸਹਿਰ ਗਿਆ ਸੀ। ਜਦੋਂ ਉਹ ਐੱਲ.ਏ. ਏਅਰਪੋਰਟ 'ਤੇ ਉਤਰਿਆ ਤਾਂ ਉਸ ਨੇ ਆਪਣੇ ਦੋਸਤ ਸੁਨੀਲ ਕਾਟਲ ਵਾਸੀ ਚਾਵਾ (ਗੁਰਦਾਸਪੁਰ) ਅਤੇ ਵਿਸਾਲ ਸਲਾਰੀਆ ਵਾਸੀ ਭੈਣੀ ਕਾਣੇ (ਗੁਰਦਾਸਪੁਰ) ਨੂੰ ਬੁਲਾਇਆ। ਇਸ ਤੋਂ ਬਾਅਦ ਇਹ ਤਿੰਨੋਂ ਦੋਸਤ ਕਾਰ ਵਿਚ ਸਵਾਰ ਹੋ ਕੇ ਆਪਣੇ ਸਹਿਰ ਕੈਲੀਫੋਰਨੀਆ ਆ ਰਹੇ ਸਨ ਕਿ ਐੱਲ.ਏ. ਨਜਦੀਕ ਪਹਾੜੀ ਇਲਾਕੇ ਵਿਚ ਪੁੱਜੇ ਤਾਂ ਕਾਰ ਦਾ ਸੰਤੁਲਨ ਵਿਗੜਨ ਕਾਰਨ ਕਾਰ ਡਿਵਾਈਡਰ ਨਾਲ ਟਕਰਾਉਂਦੇ ਹੋਏ



ਡੂੰਘੀ ਖੱਡ ਵਿਚ ਜਾ ਡਿੱਗੀ, ਜਿਸ ਦੌਰਾਨ ਲਵਪ੍ਰੀਤ ਸਿੰਘ ਦੇ ਕਾਫੀ ਸੱਟਾਂ ਲੱਗੀਆਂ ਜਦੋਂਕਿ ਸੁਨੀਲ ਕੁਮਾਰ ਦੇ ਲੱਤ ਦੇ ਸੱਟ ਲੱਗੀ ਪਰ ਵਿਸਾਲ ਸਲਾਰੀਆ ਵਾਲ-ਵਾਲ ਬਚ ਗਿਆ। ਵਿਸਾਲ ਸਲਾਰੀਆ ਜਦੋਂ ਹੋਸ ਵਿਚ ਆਇਆ ਤਾਂ ਉਸ ਨੇ ਪੁਲਸ ਕੰਟਰੋਲ ਰੂਮ ਫੋਨ ਕਰਕੇ ਐਂਬੂਲੈਂਸ ਨੂੰ ਬੁਲਾਈ ।

# ਪਤੰਗ ਚੜ੍ਹਾਉਂਦੇ ਹੋਏ ਛੱਤ ਤੋਂ ਡਿਗਿਆ ਬੱਚਾ, ਡਾਕਟਰਾਂ ਨੇ ਖੁਦ ਚੁੱਕਿਆ ਇਲਾਜ ਦਾ ਖਰਚਾ

ਚੰਡੀਗੜ੍ਹ 3 ਸਤੰਬਰ। ਆਮ ਤੌਰ 'ਤੇ ਪੀ.ਜੀ.ਆਈ. ਵਿਚ ਕਈ ਦੁਰਲੱਭ ਅਤੇ ਬਹੁਤ ਹੀ ਗੰਭੀਰ ਆਪ੍ਰੇਸਨ ਹੁੰਦੇ ਰਹੇ ਹਨ ਪਰ ਇਹ ਸਰਜਰੀ ਦੁਰਲੱਭ ਹੀ ਨਹੀਂ ਸੀ ਸਗੋਂ ਇਸ ਸਰਜਰੀ ਦੀ ਗੰਭੀਰਤਾ ਅਤੇ ਲੋੜ ਨੂੰ ਦੇਖਦਿਆਂ ਡਾਕਟਰਾਂ ਨੇ ਆਪਣੇ ਖਰਚੇ 'ਤੇ ਇਹ ਦੁਰਲੱਭ ਸਰਜਰੀ ਕਰ ਕੇ ਬੱਚੇ ਨੂੰ ਬਚਾ ਲਿਆ। 4 ਸਾਲਾਂ ਦੇ ਸਹਨ ਨੂੰ ਬਹੁਤ ਗੰਭੀਰ ਸੱਟਾਂ ਅਤੇ ਅਸਹਿ ਦਰਦ ਤੋਂ ਰਾਹਤ ਪਹੁੰਚਾਉਣ ਲਈ ਪੀ.ਜੀ.ਆਈ. ਦੇ ਡਾਕਟਰ ਮਦਦ ਲਈ ਅੱਗੇ ਆਏ। ਦਰਅਸਲ ਇਸ ਮਾਸੂਮ ਬੱਚੇ ਦੇ ਇਲਾਜ ਦਾ ਸਾਰਾ ਖਰਚਾ ਉਸ ਦੇ ਪਰਿਵਾਰ ਦੀ ਔਖੀ ਘੜੀ ਵਿਚ ਡਾਕਟਰਾਂ ਨੇ ਹੀ ਚੁੱਕਿਆ। ਜੇਕਰ ਇਸ ਬੱਚੇ ਦੀ ਸਰਜਰੀ ਵਿਚ ਦੇਰੀ ਹੋ ਜਾਂਦੀ ਤਾਂ ਸਾਇਦ ਚਿਹਰੇ 'ਤੇ ਲੱਗੀ ਗੰਭੀਰ ਸੱਟ ਅਤੇ ਇਨਫੈਕਸਨ ਕਾਰਨ ਹਾਲਤ ਹੋਰ ਗੰਭੀਰ ਹੋ ਜਾਂਦੀ। ਬੱਚੇ ਦਾ ਪਿਤਾ ਸਬਜੀ ਵੇਚਣ ਦਾ ਕੰਮ ਕਰਦਾ ਹੈ, ਜਿਸ ਕਾਰਨ ਉਹ ਇਲਾਜ ਦਾ ਖਰਚਾ ਚੁੱਕਣ ਵਿਚ ਅਸਮਰੱਥ ਸੀ। ਸਰਜਰੀ ਦਾ ਖਰਚਾ ਪੂਰਾ ਨਾ ਹੋਣ ਦੀ ਸਥਿਤੀ ਨੂੰ ਸਮਝਦੇ ਹੋਏ ਡਾਕਟਰਾਂ ਨੇ ਇਲਾਜ ਦਾ ਸਾਰਾ ਖਰਚਾ ਖੁਦ ਚੁੱਕਣ ਦਾ ਫੈਸਲਾ ਕੀਤਾ। ਐਤਵਾਰ ਪੀ.ਜੀ.ਆਈ. ਟਰਾਮਾ ਇੰਟੈਂਸਿਵ ਕੇਅਰ ਯੂਨਿਟ ਦੇ ਨਿਊਰੋ ਐਨੇਸਥੀਸੀਆ ਯੂਨਿਟ ਦੇ ਇੰਚਾਰਜ ਪ੍ਰੋ. ਨਿਧੀ ਪਾਂਡੇ ਦੀ ਟੀਮ ਨੇ ਇਸ ਗੰਭੀਰ ਸਰਜਰੀ ਨੂੰ ਪੂਰਾ ਕੀਤਾ। ਹੁਣ ਇਹ ਬੱਚਾ ਪੀ.ਜੀ.ਆਈ. ਦੇ ਆਈ.ਸੀ.ਯੂ. ਲਾਈਫ ਸਪੋਰਟ ਸਿਸਟਮ ਤੋਂ ਬਾਹਰ ਆ ਚੁੱਕਿਆ ਹੈ ਅਤੇ ਇਸ ਹਫਤੇ ਡਿਸਚਾਰਜ ਵੀ ਕਰ ਦਿੱਤਾ ਜਾਵੇਗਾ। ਆਨੰਦਪੁਰ ਦਾ 4 ਸਾਲ ਦਾ ਸਹਨ ਆਪਣੀ ਛੱਤ 'ਤੇ ਪਤੰਗ ਉਡਾ ਰਿਹਾ ਸੀ ਅਤੇ ਪਤੰਗ ਉਡਾਉਂਦੇ ਹੋਏ ਛੱਤ ਤੋਂ ਡਿੱਗ ਗਿਆ। ਛੱਤ ਤੋਂ ਡਿੱਗਦੇ ਹੋਏ ਸਹਨ ਹੇਠਾਂ ਰੱਖੇ



ਗਿਲਾਸ 'ਤੇ ਡਿੱਗ ਪਿਆ। ਇਹ ਗਲਾਸ ਬੱਚੇ ਦੇ ਮੂੰਹ ਵਿਚ ਇਸ ਤਰ੍ਹਾਂ ਫਸ ਗਿਆ ਸੀ ਕਿ ਦਿਮਾਗ ਅਤੇ ਅੱਖਾਂ ਨੂੰ ਵੀ ਗੰਭੀਰ ਜਖਮੀ ਕਰ ਸਕਦਾ ਸੀ। ਸਹਨ ਦੇ ਮਾਪੇ ਉਸ ਨੂੰ ਆਨੰਦਪੁਰ ਦੇ ਲੋਕਲ ਹਸਪਤਾਲ ਲੈ ਗਏ ਪਰ ਡਾਕਟਰਾਂ ਨੇ ਇਲਾਜ ਕਰਨ ਵਿਚ ਅਸਮਰਥਾ ਜਤਾਈ ਕਿਉਂਕਿ ਇਸ ਸਰਜਰੀ ਲਈ ਸਹੂਲਤਾਂ ਅਤੇ ਸਪੈਸ਼ਲਾਈਜੇਸ਼ਨ ਉਨ੍ਹਾਂ ਕੋਲ ਨਹੀਂ ਸੀ। ਇਸ ਤੋਂ ਬਾਅਦ ਡਾਕਟਰਾਂ ਦੀ ਸਲਾਹ 'ਤੇ ਬੱਚੇ ਦੇ ਮਾਪੇ ਬੱਚੇ ਨੂੰ ਪੀ.ਜੀ.ਆਈ. ਲੈ ਕੇ ਆ ਗਏ। ਇਥੇ ਟ੍ਰਾਮਾ ਦੀ ਇੰਟੈਂਸਿਵ ਕੇਅਰ ਯੂਨਿਟ ਵਿਚ ਡਾਕਟਰਾਂ ਨੇ ਵੇਖਿਆ ਕਿ ਬੱਚੇ ਦੀ ਜਲਦ ਸਰਜਰੀ ਦੀ ਜਰੂਰਤ ਹੈ ਕਿਉਂਕਿ ਗਲਾਸ ਇਸ ਤਰ੍ਹਾਂ ਫਸਿਆ ਸੀ ਕਿ ਦਿਮਾਗ ਅਤੇ ਅੱਖਾਂ ਤਕ ਇਨਫੈਕਸ਼ਨ ਪਹੁੰਚਣ ਕਾਰਨ ਕੇਸ ਗੰਭੀਰ ਹੋ ਸਕਦਾ ਸੀ। ਇਸ ਸਰਜਰੀ ਵਿਚ ਬੱਚੇ ਨੂੰ ਜਨਰਲ ਸਰਜਰੀ ਦੇ ਨਾਲ ਨਿਊਰੋ ਐਨੇਸਥੀਸੀਆ ਅਤੇ ਡੈਂਟਲ ਸਾਇੰਸ ਦੇ ਡਾਕਟਰਾਂ ਦੀ ਯੂਨਿਟ ਦੀ ਵੀ ਜਰੂਰਤ ਸੀ ਕਿਉਂਕਿ ਗਿਲਾਸ ਇਸ ਤਰ੍ਹਾਂ ਮੂੰਹ ਵਿਚ ਫਸਿਆ ਸੀ ਕਿ ਇਨ੍ਹਾਂ ਤਿੰਨਾਂ ਯੂਨਿਟਾਂ ਦੇ ਡਾਕਟਰਾਂ ਦੀ ਜਰੂਰਤ ਸੀ। ਬੱਚੇ ਦੀ ਸਰਜਰੀ ਵੀ ਜਲਦ ਜਰੂਰੀ ਸੀ ਅਤੇ ਇਸ ਸਰਜਰੀ 'ਤੇ ਲਗਭਗ 40 ਹਜ਼ਾਰ ਰੁਪਏ ਦਾ ਖਰਚਾ ਸੀ। ਬੱਚੇ ਦੇ ਮਾਪਿਆਂ ਕੋਲ ਇਸ ਸਰਜਰੀ ਦਾ ਖਰਚਾ ਨਹੀਂ ਸੀ ਪਰ ਡਾਕਟਰਾਂ ਨੂੰ ਇਹ ਸਰਜਰੀ ਜਲਦ ਤੋਂ ਜਲਦ ਕਰਨੀ ਪਈ ਕਿਉਂਕਿ ਲਗਾਤਾਰ ਖੂਨ ਲੈ ਕੇ ਆ ਗਏ। ਇਥੇ ਟ੍ਰਾਮਾ ਦੀ ਇੰਟੈਂਸਿਵ ਕੇਅਰ ਯੂਨਿਟ ਵਿਚ ਡਾਕਟਰਾਂ ਨੇ ਵੇਖਿਆ ਕਿ ਬੱਚੇ ਦੀ ਜਲਦ ਸਰਜਰੀ ਦੀ ਜਰੂਰਤ ਹੈ ਕਿਉਂਕਿ ਗਲਾਸ ਇਸ ਤਰ੍ਹਾਂ ਫਸਿਆ ਸੀ ਕਿ ਦਿਮਾਗ ਅਤੇ ਅੱਖਾਂ ਤਕ ਇਨਫੈਕਸ਼ਨ ਪਹੁੰਚਣ ਕਾਰਨ ਕੇਸ ਗੰਭੀਰ ਹੋ ਸਕਦਾ ਸੀ। ਇਸ ਸਰਜਰੀ ਵਿਚ ਬੱਚੇ ਨੂੰ ਜਨਰਲ ਸਰਜਰੀ ਦੇ ਨਾਲ ਨਿਊਰੋ ਐਨੇਸਥੀਸੀਆ ਅਤੇ ਡੈਂਟਲ ਸਾਇੰਸ ਦੇ ਡਾਕਟਰਾਂ ਦੀ ਯੂਨਿਟ ਦੀ ਵੀ ਜਰੂਰਤ ਵਗ ਰਿਹਾ ਸੀ ਅਤੇ ਜਖਮ ਨਾਲ ਬੱਚੇ ਦੀ ਜਾਨ 'ਤੇ ਮੁਸ਼ਕਿਲ ਆ ਸਕਦੀ ਸੀ। ਇਸ 'ਤੇ ਟ੍ਰਾਮਾ ਇੰਟੈਂਸਿਵ ਕੇਅਰ ਯੂਨਿਟ ਦੀ ਨਿਊਰੋ ਐਨੇਸਥੀਸੀਆ ਯੂਨਿਟ ਦੀ ਇੰਚਾਰਜ ਪ੍ਰੋ. ਨਿਧੀ ਪਾਂਡੇ ਦੀ ਟੀਮ ਨੇ ਬੱਚੇ ਦੀ ਸਰਜਰੀ ਦਾ ਖਰਚਾ ਖੁਦ ਉਠਾਉਣ ਦਾ ਫੈਸਲਾ ਕੀਤਾ। ਡਾਕਟਰਾਂ ਨੇ ਸਰਜਰੀ ਦਾ ਸਾਰਾ ਸਾਮਾਨ ਅਤੇ ਸਰਜਰੀ ਤੋਂ ਬਾਅਦ ਲੋੜ ਪੈਣ ਵਾਲੀ ਜਰੂਰਤ ਦਾ ਪੂਰਾ ਖਰਚਾ ਆਪਣੇ ਕੋਲੋਂ ਦਿੱਤਾ। ਇਸ ਤਰ੍ਹਾਂ ਬੱਚੇ ਦੀ ਐਤਵਾਰ ਸਰਜਰੀ ਕੀਤੀ ਗਈ। ਇਸ ਸਰਜਰੀ ਵਿਚ ਸ਼ਾਮਲ ਡਾ. ਸਤਨਾਮ ਜੋਜੀ ਅਨੁਸਾਰ ਬੱਚੇ ਦੇ ਮੂੰਹ ਦੀਆਂ ਹੱਡੀਆਂ ਅਤੇ ਚਿਹਰੇ ਦੇ ਜਖਮ ਨੂੰ ਠੀਕ ਕਰਨ ਦੇ ਨਾਲ ਹੀ ਮੂੰਹ ਵਿਚ ਫਸੇ ਗਿਲਾਸ ਨੂੰ ਕੱਢਣਾ ਇਕ ਮੁਸ਼ਕਿਲ ਕੰਮ ਸੀ ਪਰ ਡਾਕਟਰਾਂ ਨੇ ਨਾ ਸਿਰਫ ਬੱਚੇ ਦੇ ਇਲਾਜ ਦਾ ਪੂਰਾ ਖਰਚ ਉਠਾਇਆ, ਸਗੋਂ ਇਸ ਮੁਸ਼ਕਿਲ ਆਪ੍ਰੇਸ਼ਨ ਨੂੰ ਪੂਰਾ ਕਰ ਕੇ ਬੱਚੇ ਦੀ ਜਾਨ ਵੀ ਬਚਾਈ। ਪੀ.ਜੀ.ਆਈ. ਦੇ ਡਾਇਰੈਕਟਰ ਪ੍ਰੋ. ਵਿਵੇਕ ਲਾਲ ਅਨੁਸਾਰ ਸਾਡੇ ਲਈ ਹਰ ਮਰੀਜ਼ ਦੀ ਤਰ੍ਹਾਂ ਇਸ ਬੱਚੇ ਦੀ ਜਾਨ 'ਤੇ ਬਣੇ ਜੋਖਿਮ ਨੂੰ ਜਲਦ ਦੂਰ ਕਰਨਾ ਸੀ ਪਰ ਡਾਕਟਰਾਂ ਨੇ ਇਸ ਬੱਚੇ ਦੀ ਸਰਜਰੀ ਵਿਚ ਮਦਦ ਕਰ ਕੇ ਬਹੁਤ ਵਧੀਆ ਕੰਮ ਕੀਤਾ ਹੈ। ਹੁਣ ਇਹ ਬੱਚਾ ਚੰਗੀ ਤਰ੍ਹਾਂ ਰਿਕਵਰ ਕਰ ਰਿਹਾ ਹੈ। ਬੱਚੇ ਦੇ ਮੂੰਹ 'ਤੇ ਆਇਆ ਜਖਮ ਵੀ ਆਉਣ ਵਾਲੇ ਸਮੇਂ ਵਿਚ ਪੂਰੀ ਤਰ੍ਹਾਂ ਠੀਕ ਹੋ ਜਾਵੇਗਾ ਅਤੇ ਬੱਚਾ ਆਮ ਜੀਵਨ ਜੀਅ ਸਕਦਾ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਬੇਕਾਬੂ ਹੋ ਕੇ ਡਿਵਾਈਡਰ 'ਚ ਜਾ ਵੱਜੀ ਕਾਰ, 1 ਔਰਤ ਦੀ ਹੋਈ ਮੌਤ, ਬੱਚੇ ਸਣੇ 2 ਹੋਰ ਜਖਮੀ

ਤਲਵੰਡੀ ਭਾਈ 3 ਸਤੰਬਰ। ਬਠਿੰਡਾ-ਅੰਮ੍ਰਿਤਸਰ ਨੈਸ਼ਨਲ ਹਾਈਵੇਅ 'ਤੇ ਚੋਟੀਆ ਟੀ-ਪੁਆਇੰਟ ਨੇੜੇ ਬਣੇ ਟਰੱਕ ਲੇ ਬਾਈ ਦੇ ਸਾਹਮਣੇ ਇਕ ਕਾਰ ਹਾਦਸਾਗ੍ਰਸਤ ਹੋ ਜਾਣ ਦੀ ਦੁਖਦਾਈ ਖਬਰ ਮਿਲੀ ਹੈ, ਜਿਸ 'ਚ ਇਕ ਔਰਤ ਦੀ ਮੌਤ ਹੋ ਗਈ, ਜਦ ਕਿ 2 ਹੋਰ ਗੰਭੀਰ ਜਖਮੀ ਹੋ ਗਏ। ਮੌਕੇ 'ਤੇ ਮੌਜੂਦ



ਤਲਵੰਡੀ ਭਾਈ ਦੇ ਪੁਲਸ ਥਾਣੇ ਦੇ ਬਲਦੇਵ ਸਿੰਘ ਮੁਤਾਬਕ ਮ੍ਰਿਤਕਾ ਦੀ ਪਛਾਣ ਸੁਖਜੀਤ ਕੌਰ (26) ਪਤਨੀ ਰਾਜਵੀਰ ਸਿੰਘ ਵਾਸੀ ਮਾਹਲਾ ਕਲਾਂ, ਜ਼ਿਲ੍ਹਾ ਮੋਗਾ ਵਜੋਂ ਹੋਈ ਹੈ, ਜਦ ਕਿ ਜਖਮੀਆਂ 'ਚ ਜਗਰੂਪ ਸਿੰਘ ਪੁੱਤਰ ਸੁਰਜੀਤ ਸਿੰਘ ਅਤੇ ਇਕ 5 ਸਾਲਾ ਬੱਚਾ ਸ਼ਾਮਲ ਦੱਸਿਆ ਗਿਆ ਹੈ। ਉਕਤ ਕਾਰ ਸਵਾਰ ਪਿੰਡ ਮਾਹਲਾ ਕਲਾਂ ਤੋਂ ਕਪੂਰਥਲਾ ਦੇ ਪਿੰਡ ਗਿੱਗੜਵਿੰਡੀ ਜਾ ਰਹੇ ਸਨ ਕਿ ਤਲਵੰਡੀ ਭਾਈ ਨੇੜੇ ਕਾਰ ਬੇਕਾਬੂ ਹੋਕੇ ਸੜਕ ਕਿਨਾਰੇ ਡਿਵਾਈਡਰਾਂ ਨਾਲ ਟਕਰਾਉਂਦੀ ਹੋਈ ਹਾਦਸਾਗ੍ਰਸਤ ਹੋ ਗਈ। ਕਾਰ ਸਵਾਰ ਸੁਖਜੀਤ ਕੌਰ ਦੇ ਸਿਰ 'ਚ ਡੂੰਘੀ ਸੱਟ ਲੱਗਣ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

# ਕੀ ਭਾਰਤ 'ਚ ਮੁੜ ਫੈਲਣ ਵਾਲਾ ਹੈ ਕੋਰੋਨਾ ? ਮਾਹਰਾਂ ਨੇ ਸਾਵਧਾਨ ਰਹਿਣ ਦੀ ਦਿੱਤੀ ਸਲਾਹ

ਨਵੀਂ ਦਿੱਲੀ 3 ਸਤੰਬਰ। ਅਮਰੀਕਾ ਤੇ ਦੱਖਣੀ ਕੋਰੀਆ ਸਮੇਤ ਕਈ ਦੇਸਾਂ 'ਚ ਮਾਮਲਿਆਂ 'ਚ ਵਾਧੇ ਦੇ ਵਿਚਕਾਰ ਇਕ ਮਾਹਰ ਨੇ ਸੁੱਕਰਵਾਰ ਨੂੰ ਕਿਹਾ ਕਿ ਭਾਰਤ ਨੂੰ ਇੱਕ ਹੋਰ ਕੋਵਿਡ -19 ਲਹਿਰ ਲਈ ਤਿਆਰ ਰਹਿਣਾ ਚਾਹੀਦਾ ਹੈ। ਯੂਐੱਸ ਸੈਂਟਰਜ ਫਾਰ ਡਿਜੀਜ ਕੰਟਰੋਲ ਐਂਡ ਪ੍ਰੀਵੈਂਸਨ (ਸੀਡੀਸੀ) ਦੇ ਅਨੁਮਾਨਾਂ ਅਨੁਸਾਰ ਦੇਸ ਦੇ 25 ਰਾਜਾਂ ਵਿਚ ਕੋਵਿਡ ਦੀ ਲਾਗ ਵਧ ਰਹੀ ਹੈ। ਦੱਖਣੀ ਕੋਰੀਆ ਵੀ ਬਹੁਤ ਸਾਰੇ ਹਸਪਤਾਲਾਂ 'ਚ ਲੋਕਾਂ ਨੂੰ ਦਾਖਲ ਕਰਵਾਇਆ ਜਾ ਰਿਹਾ ਹੈ। ਵਰਲਡ ਹੈਲਥ ਆਰਗੇਨਾਈਜੇਸਨ (ਡਬਲਯੂਐੱਚਓ) ਦੇ ਤਾਜਾ ਅਪਡੇਟ ਨੇ ਦਿਖਾਇਆ ਕਿ 24 ਜੂਨ ਤੋਂ 21 ਜੁਲਾਈ ਦੇ ਵਿਚਕਾਰ 85 ਦੇਸਾਂ ਵਿੱਚ ਹਰ ਹਫਤੇ ਸਾਰਸ-ਕੋਵ-2 ਲਈ ਔਸਤਨ 17,358 ਕੋਵਿਡ ਨਮੂਨਿਆਂ ਦੀ ਜਾਂਚ ਕੀਤੀ ਗਈ। ਦੇ ਅਨੁਸਾਰ ਭਾਰਤ ਵਿਚ ਇਸ ਸਾਲ ਜੂਨ ਅਤੇ ਜੁਲਾਈ ਦੇ ਵਿਚਕਾਰ 908 ਨਵੇਂ ਕੋਵਿਡ -19 ਮਾਮਲੇ ਅਤੇ ਦੋ ਮੌਤਾਂ ਵੀ ਸਾਹਮਣੇ ਆਈਆਂ ਹਨ। ਨੋਇਡਾ ਦੀ ਸ?ਿਵ ਨਾਦਰ ਯੂਨੀਵਰਸਿਟੀ ਦੇ ਵਾਇਰੋਲੋਜਿਸਟ ਪ੍ਰੋਫੈਸਰ ਦੀਪਕ ਸਹਿਗਲ ਨੇ



ਆਈਏਐੱਨਐੱਸ ਨੂੰ ਦੱਸਿਆ ਕਿ ਭਾਰਤ ਵਿਚ ਸਥਿਤੀ ਦੂਜੇ ਦੇਸਾਂ ਵਾਂਗ ਗੰਭੀਰ ਨਹੀਂ ਹੈ, ਪਰ ਸਾਨੂੰ ਇਸ ਲਈ ਤਿਆਰ ਰਹਿਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਵਾਇਰਸ ਨਿਸਚਤ ਤੌਰ 'ਤੇ ਦੁਬਾਰਾ ਉੱਭਰਿਆ ਹੈ ਤੇ ਨੇ ਦੱਸਿਆ ਕਿ ਇਸ ਵਾਇਰਸ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਲਗਭਗ 26 ਫੀਸਦੀ ਅਤੇ ਮਾਮਲਿਆਂ ਵਿਚ ਵਾਧਾ 11 ਫੀਸਦੀ ਦਰਜ ਹੋਇਆ ਹੈ ਤੇ ਇਹ ਕਾਫੀ ਚਿੰਤਾਜਨਕ ਹੈ। ਹਾਲ 'ਚ ਵਾਇਰਸ ਦਾ ਫੈਲਾਅ ਰੂਪਾਂ ਵਿਚ ਹੋਇਆ ਹੈ, ਜੋ ਓਮੀਕਰੋਨ ਵੈਰੀਐਂਟ ਨਾਲ ਸਬੰਧਤ ਹੈ। ਓਮੀਕਰੋਨ ਬਹੁਤ ਜ?ਿਆਦਾ ਪ੍ਰਸਾਰਣਯੋਗ ਸੀ ਤੇ ਬਹੁਤ ਮੁਸ਼ਕਲ ਨਾਲ ਇਸ ਤੋਂ ਬਚਿਆ ਜਾ ਸਕਦਾ ਸੀ। ਜਨਵਰੀ ਵਿੱਚ ਵਿਸਵ ਪੱਧਰ 'ਤੇ ਪਹਿਲੀ ਵਾਰ ਪਛਾਣਿਆ ਗਿਆ, .2 ਦੇ .1 ਦਾ ਵੇਰੀਐਂਟ ਹੈ। ਭਾਰਤ ਵਿਚ .2 ਪਹਿਲੀ ਵਾਰ ਉੜੀਸਾ ਵਿਚ ਦਸੰਬਰ 2023 'ਚ ਖੋਜਿਆ ਗਿਆ ਸੀ। ਸਹਿਗਲ ਨੇ ਕਿਹਾ ਕਿ ਕੇਪੀ ਸਟ੍ਰੇਨ ਸਪਾਈਕ ਖੇਤਰ 'ਚ ਤਿੰਨ ਪਰਿਵਰਤਨ ਦੇ ਨਾਲ ਓਮੀਕਰੋਨ ਵੇਰੀਐਂਟ ਦੇ ਡੈਰੀਵੇਟਿਵਜ ਹਨ। ਜੀਨੋਮਿਕਸ ਕਨਸੋਰਟੀਅਮ) ਦੇ ਡੇਟਾ ਨੇ ਦਿਖਾਇਆ ਹੈ ਕਿ ਇਹ ਵੇਰੀਐਂਟ ਪਹਿਲਾਂ ਹੀ ਭਾਰਤ ਵਿਚ ਫੈਲਿਆ ਹੈ। .,ਜਿਸ ਵਿਚ .3.1.1 ਤੇ ਇਸਦੇ ਰਿਸਤੇਦਾਰਾਂ ਜਿਵੇਂ ਕਿ ਵੇਰੀਐਂਟ ਜਾਂ .2 ਸਾਮਲ ਹਨ, ਜੁਲਾਈ ਦੇ ਆਖਰੀ ਹਫਤੇ ਵਿੱਚ ਇਕੱਠੇ ਕੀਤੇ ਗਏ ਭਾਰਤ ਵਿੱਚ ਕੋਵਿਡ ਕ੍ਰਮ ਦੇ ਸਾਰੇ ਨਮੂਨਿਆਂ ਦਾ ਲਗਭਗ 39 ਫੀਸਦੀ ਸ਼ਾਮਲ ਹੈ। ਇਸ ਦੌਰਾਨ ਕੇਂਦਰੀ ਸਿਹਤ ਮੰਤਰਾਲੇ ਦੇ ਕੋਵਿਡ ਡੈਸਬੋਰਡ ਨੇ ਦਿਖਾਇਆ ਹੈ ਕਿ ਭਾਰਤ ਦੇ ਕਈ ਰਾਜ 279 ਸਰਗਰਮ ਕੇਸਾਂ ਦੇ ਨਾਲ ਕੋਵਿਡ ਦੇ ਮਾਮਲਿਆਂ ਵਿੱਚ ਵਾਧਾ ਦੇਖ ਰਹੇ ਹਨ। ਅਸਾਮ, ਨਵੀਂ ਦਿੱਲੀ, ਗੁਜਰਾਤ, ਕਰਨਾਟਕ, ਕੇਰਲ, ਮਹਾਰਾਸਟਰ ਅਤੇ ਮੱਧ ਪ੍ਰਦੇਸ ਵਿੱਚ ਲਾਗਾਂ ਵਿੱਚ ਵਾਧਾ ਹੋ ਰਿਹਾ ਹੈ। ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ () ਤੇ ਨੈਸਨਲ ਸੈਂਟਰ ਫਾਰ ਡਿਜੀਜ ਕੰਟਰੋਲ () ਦੇ ਅਨੁਸਾਰ ਬਹੁਤ ਜ?ਿਆਦਾ ਪ੍ਰਸਾਰਿਤ .1 ਤੇ .2 ਸਟ੍ਰੇਨ, ਜੋ ਕਿ .1 ਰੂਪ ਤੋਂ ਵਿਕਸਿਤ ਹੋਏ ਹਨ, ਭਾਰਤ ਵਿੱਚ ਕੋਵਿਡ ਦੇ ਵਾਧੇ ਲਈ ਜ?ਿੰਮੇਵਾਰ ਹਨ। ਕੇਂਦਰੀ ਸਿਹਤ ਮੰਤਰੀ ਜੇਪੀ ਨੱਡਾ ਨੇ ਜੁਲਾਈ ਵਿੱਚ ਸੰਸਦ ਨੂੰ ਸੂਚਿਤ ਕੀਤਾ ਸੀ ਕਿ ਹਾਲਾਂਕਿ ਹੁਣ ਤੱਕ ਹਸਪਤਾਲ ਵਿਚ ਦਾਖਲ ਹੋਣ ਜਾਂ ਬਿਮਾਰੀ ਦੀ ਗੰਭੀਰਤਾ ਵਿੱਚ ਕੋਈ ਵਾਧਾ ਨਹੀਂ ਹੋਇਆ ਹੈ। ਸਹਿਗਲ ਨੇ ਕਿਹਾ ਕਿ ਸਰਕਾਰ ਨੇ ਨਿਗਰਾਨੀ ਨੂੰ ਵਧਾ ਦਿੱਤਾ ਹੈ, ਖਾਸ ਕਰਕੇ ਜੀਨੋਮ ਕ੍ਰਮ ਦੇ ਨਾਲ। ਇਹ ਯਕੀਨੀ ਬਣਾਉਣ ਲਈ ਵੀ ਯਤਨ ਕੀਤੇ ਜਾ ਰਹੇ ਹਨ ਕਿ ਆਬਾਦੀ ਵਿਚ ਟੀਕੇ ਅਤੇ ਬੂਸਟਰ ਖੁਰਾਕਾਂ ਆਸਾਨੀ ਨਾਲ ਉਪਲਬਧ ਹੋਣ। ਸਾਡੇ ਕੋਲ ਇੱਕ ਬੂਸਟਰ ਵੈਕਸੀਨ ਦੀ ਇੱਕ ਖੁਰਾਕ ਹੋ ਸਕਦੀ ਹੈ ਜੋ ਅਸਲ ਵਿੱਚ ਮਦਦ ਕਰੇਗੀ। ਨਹੀਂ ਤਾਂ ਇੱਥੇ ਬਹੁਤ ਸਾਰੇ ਜੋਖਮ ਹਨ ਜਿਨ੍ਹਾਂ ਨੂੰ ਸਾਨੂੰ ਭਵਿੱਖ ਵਿੱਚ ਘਟਾਉਣ ਦੀ ਜਰੂਰਤ ਹੋਏਗੀ।

# ਜਾਣੋ ਫਿੱਟ ਰਹਿਣ ਲਈ ਰੋਜਾਨਾ ਕਿਸ ਸਮੇਂ ਤੇ ਕਿੰਨੀਆਂ ਰੋਟੀਆਂ ਖਾਣੀਆਂ ਚਾਹੀਦੀਆਂ ਹਨ?

ਜਲੰਧਰ 3 ਸਤੰਬਰ। ਰੋਟੀ ਭਾਰਤੀ ਭੋਜਨ ਦਾ ਬਹੁਤ ਮਹੱਤਵਪੂਰਨ ਹਿੱਸਾ ਹੈ, ਜਿਸ ਤੋਂ ਬਿਨਾਂ ਭਾਰਤੀ ਭੋਜਨ ਪੂਰਾ ਨਹੀਂ ਹੁੰਦਾ। ਇਹ ਭਾਰਤੀ ਰੋਟੀਆਂ ਕਈ ਤਰੀਕਿਆਂ ਨਾਲ ਬਣੀਆਂ ਹੁੰਦੀਆਂ ਹਨ, ਕੁਝ ਫੁਲਕਾ ਬਣਾਉਂਦੇ ਹਨ, ਕੁਝ ਰੋਟੀਆਂ ਬਣਾਉਂਦੇ ਹਨ, ਕੁਝ ਪਰੌਂਠੇ ਖਾਣਾ ਪਸੰਦ ਕਰਦੇ ਹਨ ਤਾਂ ਕੁਝ ਤਵਾ ਜਾਂ ਤੰਦੂਰੀ ਰੋਟੀ ਬਣਾਉਂਦੇ ਹਨ। ਪਰ ਹਮੇਸਾ ਇਸ ਗੱਲ ਨੂੰ ਲੈ ਕੇ ਭੰਬਲਭੂਸਾ ਬਣਿਆ ਰਹਿੰਦਾ ਹੈ ਕਿ ਸਾਨੂੰ ਕਿੰਨੀ ਰੋਟੀਆਂ ਖਾਣੀਆਂ ਚਾਹੀਦੀਆਂ ਹਨ, ਤਾਂ ਆਓ ਅਸੀਂ ਤੁਹਾਨੂੰ ਦੱਸਦੇ ਹਾਂ ਕਿ ਤੁਹਾਨੂੰ ਇਕ ਦਿਨ ਵਿੱਚ ਕਿੰਨੀਆਂ ਰੋਟੀਆਂ ਖਾਣੀਆਂ ਚਾਹੀਦੀਆਂ ਹਨ। ਜੇਕਰ ਤੁਸੀਂ ਆਪਣਾ ਵਜਨ ਘੱਟ ਕਰਨਾ ਚਾਹੁੰਦੇ ਹੋ ਤਾਂ ਔਰਤਾਂ ਨੂੰ ਆਪਣੇ ਡਾਈਟ ਪਲਾਨ ਦੇ ਮੁਤਾਬਕ 1400 ਕੈਲੋਰੀ ਦਾ ਸੇਵਨ ਕਰਨਾ ਚਾਹੀਦਾ ਹੈ, ਜਿਸ 'ਚ ਉਹ ਸਵੇਰੇ ਦੋ ਰੋਟੀਆਂ ਅਤੇ ਸਾਮ ਨੂੰ ਦੋ ਰੋਟੀਆਂ ਖਾ ਸਕਦੀਆਂ ਹਨ। ਇਸ ਦੇ ਨਾਲ ਹੀ ਮਰਦਾਂ ਨੂੰ ਭਾਰ ਘਟਾਉਣ ਲਈ ਦਿਨ ਵਿਚ 1700 ਕੈਲੋਰੀਜ ਦੀ ਖਪਤ ਕਰਨੀ ਪੈਂਦੀ ਹੈ, ਜਿਸ ਵਿਚ ਉਹ ਲੰਚ ਅਤੇ ਡਿਨਰ ਵਿਚ ਤਿੰਨ ਰੋਟੀਆਂ ਖਾ ਸਕਦੇ ਹਨ।



ਜੇਕਰ ਤੁਸੀਂ ਰਾਤ ਨੂੰ ਰੋਟੀ ਖਾ ਰਹੇ ਹੋ, ਤਾਂ ਇਹ ਜਰੂਰੀ ਹੈ ਕਿ ਤੁਸੀਂ ਇਸ ਦੇ ਬਾਅਦ ਥੋੜ੍ਹਾ ਤੁਰੋ, ਤਾਂ ਜੋ ਇਹ ਚੰਗੀ ਤਰ੍ਹਾਂ ਹਜਮ ਹੋ ਜਾਵੇ, ਕਿਉਂਕਿ ਰਾਤ ਨੂੰ ਰੋਟੀ ਨੂੰ ਪਚਣ ਵਿੱਚ ਜ?ਿਆਦਾ ਸਮਾਂ ਲੱਗਦਾ ਹੈ। ਇਸੇ ਤਰ੍ਹਾਂ ਦਿਨ ਵਿਚ ਰੋਟੀ ਖਾਣ ਤੋਂ ਬਾਅਦ ਕਦੇ ਵੀ ਇਕਦਮ ਲੇਟ ਨਾ ਜਾਓ, ਘੱਟੋ-ਘੱਟ ਅੱਧੇ ਘੰਟੇ ਬਾਅਦ ਹੀ ਆਰਾਮ ਕਰੋ। ਜੇਕਰ ਤੁਸੀਂ ਤੇਜੀ ਨਾਲ ਭਾਰ ਘਟਾਉਣਾ ਚਾਹੁੰਦੇ ਹੋ, ਤਾਂ ਤੁਹਾਨੂੰ ਕਣਕ ਦੇ ਆਟੇ ਦੀ ਰੋਟੀ ਦੀ ਬਜਾਏ ਜਵਾਰ, ਬਾਜਰਾ ਜਾਂ ਰਾਗੀ ਦੇ ਆਟੇ ਦੀ ਰੋਟੀ ਖਾਣੀ ਚਾਹੀਦੀ ਹੈ। ਇਹ ਗਲੂਟਨ ਫ੍ਰੀ ਹੁੰਦੇ ਹਨ ਅਤੇ ਇਨ੍ਹਾਂ ਵਿੱਚ ਫਾਈਬਰ ਦੀ ਮਾਤਰਾ ਜ?ਿਆਦਾ ਹੁੰਦੀ ਹੈ ਜੋ ਤੁਹਾਡਾ ਪੇਟ ਜਲਦੀ ਭਰਦਾ ਹੈ ਅਤੇ ਇਹ ਰੋਟੀਆਂ ਚੰਗੀ ਤਰ੍ਹਾਂ ਪਚ ਵੀ ਜਾਂਦੀਆਂ ਹਨ। ਇਹ ਰੋਟੀਆਂ ਭਾਰ ਘਟਾਉਣ ਵਿੱਚ ਬਹੁਤ ਕਾਰਗਰ ਮੰਨੀਆਂ ਜਾਂਦੀਆਂ ਹਨ।

## ਫੈਕਟਰੀ 'ਚ ਅਮੋਨੀਆ ਗੈਸ ਲੀਕ ਹੋਣ ਕਾਰਨ ਇੱਕ ਮਜਦੂਰ ਦੀ ਮੌਤ, ਦੋ ਦੀ ਹਾਲਤ ਵਿਗੜੀ

ਥੂਥੁਕੁਡੀ 3 ਸਤੰਬਰ। ਤਾਮਿਲਨਾਡੂ ਦੇ ਥੂਥੁਕੁਡੀ 'ਚ ਸੁੱਕਰਵਾਰ ਸਾਮ ਨੂੰ ਇਕ ਫੈਕਟਰੀ 'ਚ ਅਮੋਨੀਆ ਗੈਸ ਦੇ ਲੀਕ ਹੋਣ ਕਾਰਨ ਇਕ ਮਜਦੂਰ ਦੀ ਮੌਤ ਹੋ ਗਈ ਅਤੇ ਦੋ ਹੋਰ ਬੀਮਾਰ ਹੋ ਗਏ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਹਰੀਹਰਨ (24) ਇੱਥੇ ਮੁਥੱਈਆਪੁਰਮ ਵਿੱਚ ਇੱਕ ਰਸਾਇਣਕ ਅਤੇ ਖਾਦ ਫੈਕਟਰੀ ਵਿੱਚ ਖਰਾਬ ਪਾਈਪਲਾਈਨ



ਦੀ ਮੁਰੰਮਤ ਕਰ ਰਿਹਾ ਸੀ ਜਦੋਂ ਅਚਾਨਕ ਪਾਈਪਲਾਈਨ ਵਿੱਚੋਂ ਵੱਡੀ ਮਾਤਰਾ ਵਿੱਚ ਅਮੋਨੀਆ ਗੈਸ ਲੀਕ ਹੋਣ ਲੱਗੀ। ਉਨ੍ਹਾਂ ਦੱਸਿਆ ਕਿ ਹਰੀਹਰਨ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਦੋ ਹੋਰ ਮਜਦੂਰ ਗੈਸ ਕਾਰਨ ਦਮ ਘੁੱਟਣ ਕਾਰਨ ਬੇਹੋਸ ਹੋ ਗਏ ਅਤੇ ਉਨ੍ਹਾਂ ਨੂੰ ਸਰਕਾਰੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਪੁਲਸ ਦੇ ਅਨੁਸਾਰ, ਬਿਮਾਰ ਮਜਦੂਰਾਂ ਦੀ ਪਛਾਣ ਥੂਥੁਕੁਡੀ ਦੇ ਐਸ ਧਨਰਾਜ ਅਤੇ ਤਿਰੁਪੁਰ ਦੇ ਮਰੀਮੁਥੂ ਵਜੋਂ ਹੋਈ ਹੈ। ਦੋਵਾਂ ਦਾ ਇਲਾਜ ਚੱਲ ਰਿਹਾ ਹੈ।

# ਪਿਆਰ 'ਚ ਪਤੀ ਬਣ ਰਿਹਾ ਸੀ ਰੋੜਾ, ਪਤਨੀ ਨੇ ਪ੍ਰੇਮੀ ਨਾਲ ਮਿਲ ਕੇ ਰਚ 'ਤੀ ਸਾਜਿਸ਼

ਲਖਨਊ 3 ਸਤੰਬਰ। ਉੱਤਰ ਪ੍ਰਦੇਸ ਦੇ ਬਿਜਨੌਰ 'ਚ ਇਕ ਵਿਅਕਤੀ ਦੀ ਹੱਤਿਆ ਦੇ ਮਾਮਲੇ 'ਚ ਪੁਲਸ ਨੇ ਉਸ ਦੀ ਪਤਨੀ ਅਤੇ ਉਸ ਦੀ ਪਤਨੀ ਦੇ ਪ੍ਰੇਮੀ ਸਮੇਤ ਚਾਰ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਏਐੱਸਪੀ ਸੰਜੀਵ ਬਾਜਪਾਈ ਨੇ ਦੱਸਿਆ ਕਿ ਨਜੀਬਾਬਾਦ ਪੁਲਸ ਨੂੰ ਬੁੱਧਵਾਰ ਨੂੰ ਮਥੁਰਾਪੁਰ ਮੋੜ ਪਿੰਡ ਵਿੱਚ ਇੱਕ ਖੇਤ ਦੇ ਕੰਢੇ ਇੱਕ ਅਣਪਛਾਤੇ ਵਿਅਕਤੀ ਦੀ ਲਾਸ ਮਿਲੀ ਸੀ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੇ ਗਲੇ 'ਚ ਰੁਮਾਲ ਬੰਨ੍ਹਿਆ ਹੋਇਆ ਸੀ ਤੇ ਉਸ ਦੇ ਸਰੀਰ 'ਤੇ ਤੇਜਧਾਰ ਹਥਿਆਰ ਨਾਲ ਹਮਲਾ ਕਰਨ ਦੇ ਨਿਸਾਨ ਸਨ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀ ਪਛਾਣ ਰਈਸ (40) ਵਾਸੀ ਹਰਿਦੁਆਰ ਵਜੋਂ ਹੋਈ ਹੈ ਅਤੇ ਜਾਂਚ ਦੌਰਾਨ ਮ੍ਰਿਤਕ ਦੀ ਪਤਨੀ ਦਿਲਸਾਨਾ, ਉਸ ਦੇ ਪ੍ਰੇਮੀ ਜਾਵੇਦ ਅਲੀ, ਅਬਦੁਲ ਵਾਹਿਦ ਅਤੇ ਆਕਾਸ ਦੇ ਨਾਂ ਸਾਹਮਣੇ ਆਏ ਹਨ। ਬਾਜਪਾਈ ਨੇ ਦੱਸਿਆ ਕਿ ਵੀਰਵਾਰ ਨੂੰ ਚਾਰ ਵਿਅਕਤੀਆਂ ਤੋਂ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਦਿਲਸਾਨਾ ਲਈ ਅਬਦੁਲ ਵਾਹਿਦ ਨਾਲ ਸੰਪਰਕ ਕੀਤਾ, ਜਿਸ ਨੇ ਉਨ੍ਹਾਂ ਦੀ ਆਕਾਸ ਨਾਲ ਜਾਣ-ਪਛਾਣ ਕਰਵਾਈ। ਉਸ ਨੇ ਦੱਸਿਆ ਕਿ



ਅਤੇ ਜਾਵੇਦ ਦੇ ਨਾਜਾਇਜ ਸਬੰਧ ਸਨ ਅਤੇ ਦੋਵਾਂ ਨੇ ਦਿਲਸਾਨਾ ਦੇ ਪਤੀ ਰਈਸ ਤੋਂ ਛੁਟਕਾਰਾ ਪਾਉਣ ਆਕਾਸ ਨੇ ਰਈਸ ਦੇ ਕਤਲ ਲਈ 1 ਲੱਖ ਰੁਪਏ ਦੀ ਸੁਪਾਰੀ ਲਈ ਸੀ, ਜਿਸ 'ਚੋਂ ਉਸ ਨੇ ਕਤਲ ਤੋਂ ਪਹਿਲਾਂ 40 ਹਜਾਰ ਰੁਪਏ ਲਏ ਸਨ। ਵਾਜਪਾਈ ਨੇ ਕਿਹਾ ਕਿ ਜਾਵੇਦ ਨੇ ਰਈਸ ਨੂੰ ਅਬਦੁਲ ਵਾਹਿਦ ਅਤੇ ਆਕਾਸ ਦੇ ਨਾਲ ਨੌਕਰੀ ਦਿਵਾਉਣ ਦੇ ਬਹਾਨੇ ਨਜੀਬਾਬਾਦ ਭੇਜਿਆ, ਜਿੱਥੇ ਦੋਵਾਂ ਨੇ ਰਈਸ ਦਾ ਕਤਲ ਕਰ ਦਿੱਤਾ।

## ਬਰਾਤ ਦੌਰਾਨ ਰੰਗ 'ਚ ਪਿਆ ਭੰਗ, ਔਰਤਾਂ ਦੀ ਵੀਡੀਓ ਬਣਾਉਣ ਨੂੰ ਲੈ ਕੇ ਦੋ ਪੱਖਾਂ 'ਚ ਹੋਈ ਝੜਪ

ਸਹਾਰਨਪੁਰ 3 ਸਤੰਬਰ। ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਜ਼?ਿਲ੍ਹੇ ਦੇ ਗੰਗੋਹ ਥਾਣੇ ਅਧੀਨ ਇਕ ਪਿੰਡ 'ਚ ਆਈ ਬਰਾਤ 'ਚ ਰੰਗ 'ਚ ਭੰਗ ਪੈ ਗਿਆ। ਦਰਅਸਲ ਬਰਾਤ 'ਚ ਸ਼ਾਮਲ ਕੁਝ ਨੌਜਵਾਨਾਂ ਵਲੋਂ ਛੱਤ 'ਤੇ ਬੈਠੀਆਂ ਔਰਤਾਂ ਦੇ ਵੀਡੀਓ ਬਣਾ ਲਏ ਗਏ, ਜਿਸ ਨੂੰ ਲੈ ਕੇ ਦੋ ਪੱਖਾਂ ਵਿਚਾਲੇ ਝੜਪ ਹੋ ਗਈ। ਜਿਸ ਤੋਂ ਬਾਅਦ ਪੁਲਸ ਨੇ 4 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਮੁਤਾਬਕ ਰੁਸਤਮ ਪਿੰਡ 'ਚ ਬੁੱਧਵਾਰ ਸ਼ਾਮ ਬਰਾਤ ਆਈ



ਸੀ ਅਤੇ ਲਾੜੇ ਪੱਖ ਦੇ ਕੁਝ ਲੋਕਾਂ ਵਲੋਂ ਛੱਤ 'ਤੇ ਬੈਠੀਆਂ ਔਰਤਾਂ ਦਾ ਵੀਡੀਓ ਬਣਾਏ ਜਾਣ 'ਤੇ ਲਾੜੀ ਪੱਖ ਨੇ ਵਿਰੋਧ ਕੀਤਾ। ਜਿਸ ਤੋਂ ਬਾਅਦ ਦੋਹਾਂ ਪੱਖਾਂ ਵਿਚਾਲੇ ਕੁੱਟਮਾਰ ਹੋਈ। ਪੁਲਸ ਸੁਪਰਡੈਂਟ ਸਾਗਰ ਜੈਨ ਨੇ ਦੱਸਿਆ ਕਿ ਸੂਚਨਾ ਮਿਲਣ ਮਗਰੋਂ ਪੁਲਸ ਦੀ ਇਕ ਟੀਮ ਘਟਨਾ ਵਾਲੀ ਥਾਂ 'ਤੇ ਪਹੁੰਚੀ ਅਤੇ ਸਥਿਤੀ ਨੂੰ ਕੰਟਰੋਲ ਕੀਤਾ। ਉਨ੍ਹਾਂ ਨੇ ਕਿਹਾ ਕਿ ਦੋਹਾਂ ਪੱਖਾਂ ਦੇ ਦੋ-ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਨਸ਼ਾ ਤਸਕਰੀ ਦੇ ਦੋਸ 'ਚ ਪੁਲਸ ਕਾਂਸਟੇਬਲ ਸਮੇਤ ਦੋ ਗ੍ਰਿਫਤਾਰ

ਈਟਾਨਗਰ 3 ਸਤੰਬਰ। ਅਰੁਣਾਚਲ ਪ੍ਰਦੇਸ ਪੁਲਸ ਨੇ ਨਸੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ ਵਿਚ ਇਕ ਪੁਲਸ ਕਾਂਸਟੇਬਲ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਸੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਜ਼?ਿਲ੍ਹੇ ਦੇ ਡਿਪਟੀ ਸੁਪਰਡੈਂਟ ਆਫ ਪੁਲਸ (ਡੀਐੱਸਪੀ) ਮੋਗੇ ਬੋਲੇ ਨੇ ਕਿਹਾ ਕਿ ਪੁਲਸ ਨੇ ਵੀਰਵਾਰ ਨੂੰ ਰਾਜ ਦੇ ਪੱਛਮੀ ਸਿਆਂਗ ਜ਼?ਿਲ੍ਹੇ ਦੇ ਪੁਸੀ ਡੋਕੇ ਪਿੰਡ ਤੋਂ ਕਾਂਸਟੇਬਲ ਅਤੇ ਨਸਾ



ਤਸਕਰ ਨੂੰ ਗ੍ਰਿਫਤਾਰ ਕੀਤਾ। ਉਨ੍ਹਾਂ ਦੱਸਿਆ ਕਿ ਉਸ ਕੋਲੋਂ 50 ਹਜਾਰ ਰੁਪਏ ਦੀ 13.36 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਆਸਾਮ ਦੇ ਸਿਲਾਪਾਥਰ ਤੋਂ ਜ਼?ਿਲ੍ਹਾ ਹੈੱਡਕੁਆਰਟਰ ਆਲੋ ਵਿਖੇ ਨਸੀਲੇ ਪਦਾਰਥ ਲਿਜਾਏ ਜਾਣ ਦੀ ਗੁਪਤ ਸੂਚਨਾ ਮਿਲੀ ਸੀ, ਜਿਸ ਤੋਂ ਬਾਅਦ ਕਾਰਵਾਈ ਕਰਨ ਲਈ ਪੁਲਸ ਟੀਮ ਦਾ ਗਠਨ ਕੀਤਾ ਗਿਆ ਸੀ। ਡੀਐੱਸਪੀ ਨੇ ਦੱਸਿਆ ਕਿ ਪੁਲਸ ਟੀਮ ਨੇ ਪਿੰਡ ਪੁਸੀ ਦੋਕੇ ਨੇੜੇ ਨੈਸਨਲ ਹਾਈਵੇ-13 'ਤੇ ਨਾਕਾਬੰਦੀ ਕਰ ਕੇ ਜਾਂਚ ਸੁਰੂ ਕਰ ਦਿੱਤੀ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਸਾਮ ਕਰੀਬ 7:40 ਵਜੇ ਟੀਮ ਨੇ ਇੱਕ ਸੱਕੀ ਵਾਹਨ ਨੂੰ ਰੋਕ ਕੇ ਉਸ ਵਿਚੋਂ ਪਾਬੰਦੀਸੁਦਾ ਵਸਤੂਆਂ ਬਰਾਮਦ ਕੀਤੀਆਂ। ਡੀਐੱਸਪੀ ਨੇ ਦੱਸਿਆ ਕਿ ਵਾਰਦਾਤ ਵਿੱਚ ਵਰਤੀ ਗਈ ਗੱਡੀ ਇੱਕ ਕਾਂਸਟੇਬਲ ਦੀ ਸੀ। ਉਨ੍ਹਾਂ ਦੱਸਿਆ ਕਿ ਦੋਵਾਂ ਨੂੰ ਗ੍ਰਿਫਤਾਰ ਕਰਨ ਉਪਰੰਤ ਥਾਣਾ ਆਲੋ ਵਿਖੇ ਨਾਰਕੋਟਿਕ ਡਰੱਗਜ ਐਂਡ ਸਾਈਕੋਟ੍ਰੋਪਿਕ ਸਬਸਟਾਂਸਿਜ (ਐੱਨਡੀਪੀਐੱਸ) ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ .

# ਹੈਰੋਇਨ ਦੀ ਤਸਕਰੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ

ਜਲੰਧਰ 3 ਸਤੰਬਰ। ਜਲੰਧਰ ਦੇ ਪੁਲਸ ਕਮਿਸਨਰੇਟ ਸਵਪਨ ਸਰਮਾ ਦੀ ਅਗਵਾਈ ਹੇਠ ਪੁਲਸ ਕਮਿਸਨਰੇਟ ਨੇ 250 ਗ੍ਰਾਮ ਹੈਰੋਇਨ ਸਮੇਤ 4 ਸਮੱਗਲਰਾਂ ਨੂੰ ਕਾਬੂ ਕਰਕੇ ਨਸ਼?ਿਆਂ ਦੀ ਤਸਕਰੀ ਕਰਨ ਵਾਲੇ ਇਕ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਵੇਰਵੇ ਦਿੰਦੇ ਪੁਲਸ ਕਮਿਸਨਰ ਨੇ ਦੱਸਿਆ ਕਿ ਪੁਲਸ ਨੂੰ ਸੂਹ ਮਿਲੀ ਸੀ ਕਿ ਸਹਿਰ 'ਚ ਇਕ ਗਿਰੋਹ ਹੈਰੋਇਨ ਦੀ ਤਸਕਰੀ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਵਾਈ ਪੁਆਇੰਟ ਹਰਨਾਮ-ਦਾਸਪੁਰਾ ਨੇੜੇ ਜਾਲ ਵਿਛਾਇਆ ਗਿਆ ਤਾਂ ਇਕ ਨੌਜਵਾਨ ਸਨੀ ਵੇਹਮੀ ਪੁੱਤਰ ਸੁਨੀਲ ਵਾਸੀ ਗੀਤਾ ਕਾਲੋਨੀ ਗਲੀ ਨੰ 6 ਕਾਲਾ ਸੰਘਿਆ ਰੋਡ, ਜਲੰਧਰ ਹੁਣ . -246 ਕਿਸਨਪੁਰਾ ਜਲੰਧਰ ਨੂੰ ਵੇਖਿਆ ਗਿਆ। ਸਵਪਨ ਸਰਮਾ ਨੇ ਦੱਸਿਆ ਕਿ ਉਕਤ ਨੌਜਵਾਨ 'ਤੇ ਸੱਕ ਪੈਣ 'ਤੇ ਪੁਲਸ ਨੇ ਉਸ ਨੂੰ ਰੋਕ ਕੇ ਉਸ ਦੀ ਚੈਕਿੰਗ ਕੀਤੀ ਤਾਂ ਉਸ ਕੋਲੋਂ 100 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਕਮਿਸਨਰ ਨੇ ਦੱਸਿਆ ਕਿ ਥਾਣਾ ਡਿਵੀਜਨ ਨੰਬਰ 2, ਜਲੰਧਰ ਵਿਖੇ ਐੱਫ. ਆਈ. ਆਰ. 91 ਮਿਤੀ 22 ਅਗਸਤ ਅਧੀਨ 21 ਐੱਨ. ਡੀ. ਪੀ.




ਪੜ੍ਹਾਈ ਦਾ ਦਬਾਅ, ਕਰੀਅਰ ਦੀ ਜ਼ਬਰੀ ਚੋਣ, ਮਾਨਸਿਕ ਸਿਹਤ ਦੀਆਂ ਉਲਝਣਾਂ ਅਤੇ ਵਿੱਤੀ ਬੋਝ ਕਰ ਕੇ ਨੌਜਵਾਨ ਆਪਣੀਆਂ ਜਾਨਾਂ ਗੁਆ ਰਹੇ ਹਨ। ਆਈਆਈਟੀਜ਼ ਜਿਹੇ ਪ੍ਰਮੁੱਖ ਸੰਸਥਾਨਾਂ ਵਿੱਚ 2019 ਤੋਂ ਲੈ ਕੇ 2023 ਤੱਕ 69 ਵਿਦਿਆਰਥੀਆਂ ਵੱਲੋਂ ਖ਼ੁਦਕੁਸ਼ੀ ਕੀਤੇ ਜਾਣ ਦੇ ਅੰਕੜਿਆਂ ਤੋਂ ਇਸ ਸੰਕਟ ਦੇ ਹੋਰ ਖ਼ਤਰਨਾਕ ਰੂਪ ਧਾਰਨ ਦੀ ਪੁਸ਼ਟੀ ਹੁੰਦੀ ਹੈ ਅਤੇ ਇਸ ਦੇ ਨਾਲ ਰਾਜਸਥਾਨ ਦੇ ਕੋਟਾ ਵਿੱਚ ਨੌਜਵਾਨ ਵਿਦਿਆਰਥੀਆਂ ਵੱਲੋਂ ਖ਼ੁਦਕੁਸ਼ੀ ਕਰਨ ਦੇ ਰੁਝਾਨ ਵਿੱਚ ਤੇਜ਼ੀ ਆਈ ਦੇਖੀ ਗਈ ਹੈ। ਇਸ ਸੰਕਟ ਦਾ ਇੱਕ ਅਹਿਮ ਕਾਰਨ ਇਹ ਹੈ ਕਿ ਭਾਰਤ ਅੰਦਰ ਰੁਜ਼ਗਾਰ ਦੇ ਅਵਸਰ ਘਟਦੇ ਜਾ ਰਹੇ ਹਨ ਜਿਸ ਨਾਲ ਵਿਦਿਆਰਥੀਆਂ ਲਈ ਦਮਘੋਟੂ ਮਾਹੌਲ ਬਣਦਾ ਜਾ ਰਿਹਾ ਹੈ। ਉਨ੍ਹਾਂ ’ਤੇ ਮੁਕਾਬਲੇ ’ਚ ਅੱਗੇ ਰਹਿਣ ਦਾ ਦਬਾਅ ਏਨਾ

ਜ਼ਿਆਦਾ ਹੁੰਦਾ ਹੈ ਕਿ ਉਹ ਕਈ ਤਰ੍ਹਾਂ ਦੀਆਂ ਮਾਨਸਿਕ ਕੁੰਠਾਵਾਂ ਦਾ ਸ਼ਿਕਾਰ ਹੋ ਜਾਂਦੇ ਹਨ। ਹੋਰ ਜ਼ਿਆਦਾ ਨੌਕਰੀਆਂ ਪੈਦਾ ਕਰਨ ਵਿੱਚ ਸਰਕਾਰ ਦੀ ਭੂਮਿਕਾ ਨਾ ਕੇਵਲ ਜ਼ਰੂਰੀ ਹੈ ਸਗੋਂ ਇਹ ਕੰਮ ਫ਼ੌਰੀ ਕਰਨ ਦੀ ਵੀ ਲੋੜ ਹੈ। ਇਸ ਤੋਂ ਬਿਨਾਂ ਵਿਦਿਆਰਥੀਆਂ ’ਤੇ ਦਬਾਓ ਵਧਦਾ ਹੀ ਜਾਵੇਗਾ।

ਪਰਿਵਾਰਾਂ ਦੀ ਵੀ ਅਹਿਮ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਉਨ੍ਹਾਂ ਦੀ ਰੁਚੀ ਨਾਲ ਮੇਲ ਖਾਂਦੇ ਕਰੀਅਰ ਚੁਣਨ ਵਿੱਚ ਮਾਰਗ ਦਰਸ਼ਨ ਦੇਣ ਨਾ ਕਿ ਉਨ੍ਹਾਂ ਉੱਪਰ ਆਪਣੀਆਂ ਮਰਜ਼ੀ ਜਾਂ ਇੱਛਾਵਾਂ ਥੋਪਣ।

ਸਕੂਲਾਂ ਨੂੰ ਵੀ ਅਜਿਹੇ ਪ੍ਰੋਗਰਾਮ ਲਾਗੂ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ ਜਿਨ੍ਹਾਂ ਨਾਲ ਕਮਜ਼ੋਰ ਵਿਦਿਆਰਥੀਆਂ ਨੂੰ ਸਹਾਇਤਾ ਮਿਲ ਸਕੇ ਅਤੇ ਨਾਲ ਹੀ ਅਧਿਆਪਕ ਉਨ੍ਹਾਂ ਦੇ ਅਕਾਦਮਿਕ ਮਾਰਗ ਦਰਸ਼ਕ ਅਤੇ ਭਾਵੁਕ ਉਸਤਾਦ ਵੀ ਬਣ ਸਕਣ। ਭਾਰਤ ਵਿੱਚ ਨੌਜਵਾਨ ਜੋਖ਼ਿਮ ਭਰਿਆ ਜੀਵਨ ਜਿਊਂਦੇ ਹਨ ਜਿਸ ਕਰ ਕੇ ਇੱਥੇ ਵਿਵਸਥਾ ਵਿੱਚ ਸੁਧਾਰ, ਮਾਨਸਿਕ ਸਿਹਤ ਸਹਾਇਤਾ ਅਤੇ ਰੁਜ਼ਗਾਰ ਮੌਕਿਆਂ ਵਿੱਚ ਇਜ਼ਾਫੇ ਨੂੰ ਤਰਜੀਹ ਮਿਲਣੀ ਚਾਹੀਦੀ ਹੈ ਤਾਂ ਕਿ ਹੋਰ ਜ਼ਿਆਦਾ ਤਰਾਸਦੀਆਂ ਦੀ ਰੋਕਥਾਮ ਹੋ ਸਕੇ ਅਤੇ ਨੌਜਵਾਨਾਂ ਲਈ ਉੱਜਲਾ ਭਵਿੱਖ ਸੁਨਿਸ਼ਚਤ ਹੋ ਸਕੇ।

# ਬੱਚਿਆਂ ਨਾਲ ਹੁੰਦੀ ਜਿਨਸੀ ਛੇੜਛਾੜ ਤੇ ਉਪਾਅ

**ਜੂਲੀਓ ਰਿਬੇਰੋ**

ਮੁੰਬਈ ਸ਼ਹਿਰ ਦੇ ਨਾਲ ਲੱਗਦੇ ਠਾਣੇ ਜ਼ਿਲ੍ਹੇ ਦੇ ਨਿੱਕੇ ਜਿਹੇ ਕਸਬੇ ਬਦਲਾਪੁਰ ’ਚ ਇੱਕ ਪ੍ਰਾਈਵੇਟ ਸਕੂਲ ’ਚ ਦੋ ਤਿੰਨ ਸਾਲਾਂ ਦੀਆਂ ਬੱਚੀਆਂ ਦਾ ਸਫ਼ਾਈ ਸੇਵਕ ਨੇ ਜਿਨਸੀ ਸ਼ੋਸ਼ਣ ਕੀਤਾ। ਉਸ ਨੂੰ ਅਪਰਾਧ ਹੋਣ ਤੋਂ ਕੁਝ ਦਿਨ ਪਹਿਲਾਂ ਹੀ ਕੰਮ ਉੱਤੇ ਰੱਖਿਆ ਗਿਆ ਸੀ। ਸਕੂਲ ਦੇ ਪ੍ਰੀ-ਪ੍ਰਾਇਮਰੀ ਸੈਕਸ਼ਨ ਵਿੱਚ ਉਹ ਇੱਕੋ-ਇੱਕ ਪੁਰਸ਼ ਕਰਮਚਾਰੀ ਸੀ। ਲਗਾਤਾਰ ਦੋ ਦਿਨ, ਇੱਕ ਅਧਿਆਪਕ ਉਸ ਦੇ ਨਾਲ ਦੋ ਨਿੱਕੀਆਂ ਲੜਕੀਆਂ ਨੂੰ ਪਖਾਨੇ ਭੇਜਦਾ ਰਿਹਾ। ਪੜਤਾਲ ਵਿੱਚ ਸਾਹਮਣੇ ਆਇਆ ਹੈ ਕਿ ਉਸ ਨੂੰ ਕੰਮ ਉੱਤੇ ਰੱਖਣ ਤੋਂ ਪਹਿਲਾਂ ਕੋਈ ਪਿਛੋਕੜ ਨਹੀਂ ਜਾਂਚਿਆ ਗਿਆ। ਪੁਲੀਸ ਵੱਲੋਂ ਉਸ ਦੇ ਪਿਛੋਕੜ ਦੀ ਕੀਤੀ ਜਾਂਚ ਵਿੱਚ ਖੁਲਾਸਾ ਹੋਇਆ ਹੈ ਕਿ ਉਹ ਮਹਿਜ਼ 24 ਸਾਲਾਂ ਦਾ ਸੀ ਪਰ ਇੱਕ ਸਾਲ ਤੋਂ ਵੀ ਘੱਟ ਸਮੇਂ ’ਚ ਉਸ ਦੇ ਤਿੰਨ ਵਿਆਹ ਹੋ ਚੁੱਕੇ ਸਨ। ਪਹਿਲੀ ਪਤਨੀ ਨੂੰ ਉਸ ਨੇ ਵਿਆਹ ਤੋਂ ਦੋ ਜਾਂ ਤਿੰਨ ਦਿਨਾਂ ਬਾਅਦ ਛੱਡ ਦਿੱਤਾ ਸੀ ਤੇ ਦੂਜੀ ਨੂੰ ਵਿਆਹ ਦੇ ਦਸ ਦਿਨਾਂ ਦੇ ਅੰਦਰ। ਤੀਜੀ ਪਤਨੀ, ਜਿਸ ਦੇ ਨਾਲ ਉਹ ਇਸ ਵੇਲੇ ਰਹਿ ਰਿਹਾ ਹੈ, ਪੰਜ ਮਹੀਨਿਆਂ ਦੀ ਗਰਭਵਤੀ ਹੈ।

ਜੇ ਢੁੱਕਵਾਂ ਪਿਛੋਕੜ ਜਾਂਚਿਆ ਵੀ ਗਿਆ ਹੁੰਦਾ ਤਾਂ ਵੀ ਸ਼ਾਇਦ ਇਸ ਵਿਅਕਤੀ ਦੀਆਂ ਪ੍ਰਵਿਰਤੀਆਂ ਬਾਰੇ ਸੰਦੇਹ ਰਹਿੰਦਾ। ਉਸ ਵੱਲੋਂ ਤਿੰਨ ਵਾਰ ਸਾਥੀ ਬਦਲਣ ਦੀ ਕਾਰਵਾਈ ਤੋਂ ਪ੍ਰਿੰਸੀਪਲ ਨੂੰ ਚੌਕਸ ਜ਼ਰੂਰ ਹੋ ਜਾਣਾ ਚਾਹੀਦਾ ਸੀ ਤੇ ਉਹ ਕਈ ਬਾਲੜੀਆਂ ਵਾਲੇ ਸਕੂਲ ਵਿੱਚ ਉਸ ਨੂੰ ਕੰਮ ਉੱਤੇ ਰੱਖਣ ਤੋਂ ਪਹਿਲਾਂ ਫੇਰ ਸ਼ਾਇਦ ਸੋਚਦੇ।

ਜਿਨਸੀ ਅਪਰਾਧ ਲਗਭਗ ਹਰ ਰੋਜ਼ ਮੀਡੀਆ ਵਿੱਚ ਰਿਪੋਰਟ ਹੁੰਦੇ ਹਨ। ਇਹ ਕੇਸ ਸ਼ਾਇਦ ਵਿਸ਼ੇਸ਼ ਤੌਰ ’ਤੇ ਇਸ ਲਈ ਸੁਰਖੀਆਂ ਵਿੱਚ ਆਇਆ ਹੈ ਕਿਉਂਕਿ ਸਕੂਲ ਕਥਿਤ ਤੌਰ ’ਤੇ ਮਹਾਰਾਸ਼ਟਰ ਦੀ ਇਕ ਸੱਤਾਧਾਰੀ ਧਿਰ ਨਾਲ ਜੁੜੇ ਕਿਸੇ ਵਿਅਕਤੀ ਦਾ ਦੱਸਿਆ ਜਾ ਰਿਹਾ ਹੈ। ਸਾਲ ਖ਼ਤਮ ਹੋਣ ਤੋਂ ਪਹਿਲਾਂ ਰਾਜ ਵਿੱਚ



ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਵਿਰੋਧੀ ਧਿਰ ਨੇ ਸ਼ਾਇਦ ਮਹਿਸੂਸ ਕੀਤਾ ਹੋਵੇ ਕਿ ਇਸ ਤਰ੍ਹਾਂ ਦਾ ਅਪਰਾਧ ਕਿਉਂਕਿ ਮਾਪਿਆਂ ਤੇ ਆਮ ਨਾਗਰਿਕਾਂ ਦੇ ਮਨਾਂ ਦੀ ਸ਼ਾਂਤੀ ਭੰਗ ਕਰ ਸਕਦਾ ਹੈ, ਇਸ ਲਈ ਹੰਗਾਮਾ ਖੜ੍ਹਾ ਕਰ ਕੇ ਵੋਟਿੰਗ ਦੇ ਸਰੂਪ ਨੂੰ ਪ੍ਰਭਾਵਿਤ ਕਰਨ ਲਈ ਇਹ ਬਿਲਕੁਲ ਦਰੁਸਤ ਕੇਸ ਹੈ।

ਵਿਰੋਧੀ ਧਿਰਾਂ ਵੱਲੋਂ ਬੰਦ ਦਾ ਐਲਾਨ ਕੀਤਾ ਗਿਆ ਸੀ, ਪਰ ਬੰਬੇ ਹਾਈ ਕੋਰਟ ਵੱਲੋਂ ਇੱਕ ਲੋਕ ਹਿੱਤ ਪਟੀਸ਼ਨ ’ਤੇ ਸੁਣਵਾਈ ਦੌਰਾਨ ਇਸ ਤਰ੍ਹਾਂ ਦੇ ਬੰਦ ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤਾ ਗਿਆ, ਜਿਸ ਤੋਂ ਬਾਅਦ ਬੰਦ ਦੇ ਸੱਦੇ ਨੂੰ ਵਾਪਸ ਲੈ ਲਿਆ ਗਿਆ। ਸਾਬਕਾ ਕੈਬਨਿਟ ਸਕੱਤਰ ਬੀਜੀ ਦੇਸ਼ਮੁਖ, ਮੁੰਬਈ ਦੇ ਜਸਲੋਕ ਹਸਪਤਾਲ ਦੇ ਸਾਬਕਾ ਮੈਡੀਕਲ ਡਾਇਰੈਕਟਰ ਡਾ. ਆਰਕੇ ਆਨੰਦ ਵੱਲੋਂ ਸਥਾਪਿਤ ਇੱਕ ਐੱਨਜੀਓ- ‘ਪਬਲਿਕ ਕੰਸਰਨ ਫਾਰ ਗਵਰਨੈਂਸ ਟਰੱਸਟ (ਪੀਸੀਜੀਟੀ, 30 ਸਾਲ ਪਹਿਲਾਂ ਮੁੰਬਈ ’ਚ ਸਥਾਪਿਤ) ਅਤੇ ਮੈਂ ਸਿਆਸੀ ਧਿਰਾਂ ਵੱਲੋਂ ਇਸ ਤਰ੍ਹਾਂ ਦੇ ਦਿੱਤੇ ਜਾਣ ਵਾਲੇ ਸੱਦਿਆਂ ਵਿਰੁੱਧ ਹਾਈਕੋਰਟ ਦਾ ਰੁਖ਼ ਕੀਤਾ ਸੀ। ਪਟੀਸ਼ਨ ਵਿੱਚ ਦਲੀਲ ਦਿੱਤੀ ਗਈ ਸੀ ਕਿ ਇਸ ਤਰ੍ਹਾਂ ਦੇ ਬੰਦ ਨਾਲ ਵਰਕਰ ਆਪਣੀ ਰੋਜ਼ੀ-ਰੋਟੀ ਕਮਾਉਣ ਤੋਂ ਵਾਂਝੇ ਹੋ ਜਾਂਦੇ ਹਨ ਤੇ ਦੁਕਾਨ-ਦਫ਼ਤਰ ਵੀ ਨਾ ਚਾਹੁੰਦਿਆਂ ਹੋਇਆਂ ਬੰਦ ਰੱਖਣੇ ਪੈਂਦੇ ਹਨ।

‘ਪੀਸੀਜੀਟੀ’ ਨੇ ਆਪਣਾ ਕੇਸ ਅਦਾਲਤ ਵਿੱਚ ਜਿੱਤ ਲਿਆ। ਉਦੋਂ ਵਿਰੋਧੀ ਧਿਰ ਦੀਆਂ ਦੋ ਸਿਆਸੀ ਪਾਰਟੀਆਂ-ਭਾਜਪਾ ਤੇ ਸ਼ਿਵ ਸੈਨਾ ਨੂੰ ਬੰਦ ਕਾਰਨ ਫੈਲੀ ਅਸ਼ਾਂਤੀ ਦਾ ਜ਼ਿੰਮੇਵਾਰ ਠਹਿਰਾਉਂਦਿਆਂ 20-20 ਲੱਖ ਰੁਪਏ ਜੁਰਮਾਨਾ ਵੀ ਲਾਇਆ ਗਿਆ ਸੀ। ਮਹੱਤਵਪੂਰਨ ਗੱਲ ਇਹ ਸੀ ਕਿ ਬੰਦ ਨੂੰ ਸਿਆਸੀ ਹਥਿਆਰ ਵਜੋਂ ਘੱਟੋ-ਘੱਟ ਮੁੰਬਈ ਸ਼ਹਿਰ ਵਿੱਚ ਤਾਂ ਵਰਤਣਾ ਬੰਦ ਕਰ ਦਿੱਤਾ ਗਿਆ। ਬੰਦ ਦੀ ਮਾਰ ਸਹਿਣ ਵਾਲੇ ਕੁਝ ਨਾਗਰਿਕਾਂ ਨੇ ਅਦਾਲਤ ’ਚ ਹਲਫ਼ਨਾਮੇ ਦੇ ਕੇ ਇਸ ਨਾਲ ਹੁੰਦੀ ਕਠਿਨਾਈ ਬਾਰੇ ਦੱਸਿਆ ਸੀ। ਉਨ੍ਹਾਂ ਬੇਘਰਿਆਂ ਨੂੰ ਹੋਣ ਵਾਲੇ ਕਸ਼ਟ, ਜੋ ਰੋਜ਼ਾਨਾ ਦਾ ਖਾਣਾ ਕਿਸੇ ਹੋਟਲ-ਰੈਸਤਰਾਂ ਤੋਂ ਲੈਂਦੇ ਸਨ, ਛੋਟੇ ਬੱਚੇ ਜੋ ਪੋਸ਼ਣ ਲਈ ਦੁੱਧ ਵਾਲੀਆਂ ਵੈਨਾਂ ਉੱਤੇ ਨਿਰਭਰ ਸਨ, ਦੀਆਂ ਤਕਲੀਫਾਂ ਨੂੰ ਅਦਾਲਤ ਵਿੱਚ ਉਭਾਰਿਆ ਸੀ।

ਪ੍ਰਸਤਾਵਿਤ ਬੰਦ ਦੀ ਥਾਂ ਸਕੂਲ ਜਾਣ ਵਾਲੇ ਬੱਚਿਆਂ ਦੇ ਮਾਪਿਆਂ, ਸਿਆਸਤਦਾਨਾਂ ਤੇ ਉਨ੍ਹਾਂ ਦੇ ਸਮਰਥਕਾਂ ਨੇ ਆਪਣੇ ਮੂੰਹ ਕਾਲੇ ਕੱਪੜਿਆਂ ਨਾਲ ਬੰਨ੍ਹੇ ਤੇ ਸਕੂਲੀ ਬੱਚਿਆਂ ਲਈ ਬਿਹਤਰ ਸੁਰੱਖਿਆ ਦੀ ਮੰਗ ਕਰਦਿਆਂ ਸ਼ਹਿਰ ਵਿੱਚੋਂ ਦੀ ਮਾਰਚ ਕੀਤਾ।

ਪੰਜ ਸਾਲ ਪਹਿਲਾਂ ਪ੍ਰਾਈਵੇਟ ਸਕੂਲ ਜਾਂਦੇ ਛੋਟੇ ਲੜਕਿਆਂ ਦੇ ਪਿਤਾਵਾਂ ਦਾ ਇੱਕ ਵਫ਼ਦ ਮੈਨੂੰ ਪੇਸ਼ੇਵਰ ਮਦਦ ਦੀ ਪੇਸ਼ਕਸ਼ ਨਾਲ ਮਿਲਿਆ, ਉਹ ਆਪਣੀ ਵਿਅਕਤੀਗਤ ਮੁਹਾਰਤ ਮੁਤਾਬਿਕ ਸਕੂਲਾਂ ’ਚ ਬੱਚਿਆਂ ਨਾਲ ਛੇੜਛਾੜ ਦੇ ਸੰਕਟ ਦਾ ਹੱਲ ਸੁਝਾਉਣਾ ਚਾਹੁੰਦੇ ਸਨ। ‘ਪੀਸੀਜੀਟੀ’ ਨੇ ਉਦੋਂ ਇੱਕ ਹੋਰ ਐੱਨਜੀਓ ਨਾਲ ਹੱਥ ਮਿਲਾਏ ਜੋ ਇਸੇ ਮੁੱਦੇ ਉੱਤੇ ਕੰਮ ਕਰ ਰਿਹਾ ਸੀ ਅਤੇ ਮੁੰਬਈ ਦੇ ਪੁਲੀਸ ਕਮਿਸ਼ਨਰ ਤੱਕ ਪਹੁੰਚ ਕੀਤੀ। ਉਨ੍ਹਾਂ ਇਸ ਕੰਮ ਲਈ ਅਪਰਾਧ ਸ਼ਾਖਾ ਦੇ ਡੀਸੀਪੀ ਪੱਧਰ ਦੇ ਇੱਕ ਅਧਿਕਾਰੀ ਨੂੰ ਸਾਡੇ ਨਾਲ ਜੋੜਿਆ। ਅਸੀਂ ਕਈ ਸੈਮੀਨਾਰ ਤੇ ਬੈਠਕਾਂ ਕੀਤੀਆਂ, ਜਿਨ੍ਹਾਂ ਵਿੱਚ ਸਰਕਾਰੀ ਤੇ ਨਿਗਮ ਸਕੂਲਾਂ ਦੇ ਪ੍ਰਿੰਸੀਪਲਾਂ ਲਈ ਸਿਖਲਾਈ ਵਰਕਸ਼ਾਪਾਂ ਲਾਉਣਾ ਵੀ ਸ਼ਾਮਿਲ ਸੀ। ਇਹ ਵਰਕਸ਼ਾਪਾਂ ‘ਪੋਕਸੋ’ (ਜਿਨਸੀ ਅਪਰਾਧਾਂ ਤੋਂ ਬੱਚਿਆਂ ਨੂੰ ਬਚਾਉਣਾ) ਐਕਟ ’ਤੇ ਅਧਾਰਿਤ ਸਨ ਕਿ ਕਿਵੇਂ ਇਸ ਨੂੰ ਅਸਰਦਾਰ ਢੰਗ ਨਾਲ ਲਾਗੂ ਕੀਤਾ ਜਾ ਸਕਦਾ ਹੈ।

ਮੰਦੇਭਾਗੀਂ ਸਾਡੀਆਂ ਪ੍ਰੀਲਿਮਨਰੀਆਂ ਮੁਕੰਮਲ ਹੋਣ ਤੋਂ ਛੇਤੀ ਬਾਅਦ ਹੀ ਕੋਵਿਡ-19 ਦਾ ਹਮਲਾ ਸ਼ੁਰੂ ਹੋ ਗਿਆ। ਸਿਟੀ ਪੁਲੀਸ ਨੇ ‘ਦੀਦੀ’ ਪ੍ਰੋਗਰਾਮ ਸ਼ੁਰੂ ਕੀਤਾ ਸੀ ਜਿਸ ਤਹਿਤ ਕਮਿਸ਼ਨਰੇਟ ਦੇ ਸਾਰੇ 91 ਪੁਲੀਸ ਸਟੇਸ਼ਨਾਂ ਵਿੱਚ ਇੱਕ ਮਹਿਲਾ ਕਾਂਸਟੇਬਲ ਨੂੰ ਨਿਯੁਕਤ ਕਰ ਕੇ ਹਰ ਮਹੀਨੇ ਇਲਾਕੇ ਦੇ ਹਰੇਕ ਸਕੂਲ ਵਿੱਚ ਭੇਜਿਆ ਜਾਂਦਾ ਹੈ ਜਿੱਥੇ ਉਹ ਮਾਪੇ-ਅਧਿਆਪਕ ਮਿਲਣੀ ਨੂੰ ਸੰਬੋਧਨ ਕਰਦੀ ਹੈ ਅਤੇ ਪਹਿਲਾਂ ਮਾਪਿਆਂ ਅਤੇ ਫਿਰ ਅਧਿਆਪਕਾਂ ਅਤੇ ਸੀਨੀਅਰ ਵਿਦਿਆਰਥੀਆਂ ਨੂੰ ਜਿਨਸੀ ਛੇੜਛਾੜ ਦੇ ਸੰਭਾਵੀ ਖ਼ਤਰੇ ਅਤੇ ਇਸ ਦੀ ਰੋਕਥਾਮ ਦੇ ਤੌਰ ਤਰੀਕਿਆਂ ਮੁਤੱਲਕ ਸਚੇਤ ਕਰਦੀ ਹੈ।

ਜਿਨਸੀ ਛੇੜਛਾੜ ਕਰਨ ਵਾਲਾ ਸਕੂਲ ਦੇ ਅੰਦਰੋਂ ਹੀ ਹੈ ਜਾਂ ਫੇਰ ਕੋਈ ਬਾਹਰਲਾ ਹੈ, ਅਜਿਹੇ ਮਾਮਲਿਆਂ ਵਿੱਚ ਕਿਵੇਂ ਕਾਰਵਾਈ ਕਰਨੀ ਹੈ, ਇਸ ਬਾਰੇ ਵੀ ਦੱਸਿਆ ਜਾਂਦਾ ਹੈ। ਮਾਪੇ-ਅਧਿਆਪਕ ਮਿਲਣੀ ਮੌਕੇ ਪੁਲੀਸ ਦੀ ਮੌਜੂਦਗੀ ਨਾਲ ਮਾਪਿਆਂ ਦੇ ਮਨਾਂ ਵਿੱਚ ਇਹ ਭਰੋਸਾ ਪੈਦਾ ਹੋਇਆ ਹੈ ਕਿ ਸਕੂਲ ਅਤੇ ਰਾਜ ਵੱਲੋਂ ਉਨ੍ਹਾਂ ਦੇ ਬੱਚਿਆਂ ਦੀ ਸੁਰੱਖਿਆ ਪ੍ਰਤੀ ਧਿਆਨ ਦਿੱਤਾ ਜਾ ਰਿਹਾ ਹੈ। ਇਸ ਤਰ੍ਹਾਂ ਪੁਲੀਸ ਕੋਲ ਵੀ ਸਕੂਲ ਵੱਲੋਂ ਕੀਤੀ ਗਈ ਕਿਸੇ ਵੀ ਸ਼ਿਕਾਇਤ ਨਾਲ ਸਿੱਝਣ ਵਿੱਚ ਦੇਰੀ ਕਰਨ ਦਾ ਕੋਈ ਬਹਾਨਾ ਨਹੀਂ ਬਚਦਾ। ਬੱਚਿਆਂ ਨੂੰ ਲਿਆਉਣ ਲਈ ਸਕੂਲਾਂ ਵੱਲੋਂ ਠੇਕੇ ’ਤੇ ਲਈਆਂ ਬੱਸਾਂ ਵਿੱਚ, ਕਲਾਸਰੂਮਾਂ ਜਾਂ ਸਟਾਫਰੂਮਾਂ ਵਿੱਚ ਜਾਂ ਗ਼ੈਰ ਅਧਿਆਪਨ ਅਮਲੇ ਜਾਂ ਸੀਨੀਅਰ ਵਿਦਿਆਰਥੀਆਂ ਵੱਲੋਂ ਲੈਬਾਂ ਵਿੱਚ ਬੱਚਿਆਂ ਨਾਲ ਦੁਰਾਚਾਰ ਦੀਆਂ ਘਟਨਾਵਾਂ, ਅਜਿਹੀਆਂ ਅਲਾਮਤਾਂ ਹਨ, ਜਿਨ੍ਹਾਂ ਨੂੰ ਸਿੱਧੇ ਤੌਰ ’ਤੇ ਨਜਿੱਠਣ ਦੀ ਲੋੜ ਹੈ।

ਇਨ੍ਹਾਂ ਦੇ ਬੁਨਿਆਦੀ ਕਾਰਨਾਂ ਦੀ ਨਿਸ਼ਾਨਦੇਹੀ ਅਤੇ ਇਸ ਦੇ ਸੰਭਾਵੀ ਹੱਲਾਂ ਲਈ ਮਾਹਿਰ ਮਨੋਵਿਗਿਆਨੀਆਂ ਵੱਲੋਂ ਕੇਸ ਦਾ ਅਧਿਐਨ ਕਰਨ ਅਤੇ ਵਿਸ਼ਲੇਸ਼ਣ ਦੀ ਫ਼ੌਰੀ ਲੋੜ ਹੈ। ਇਸ ਨਾਲ ਮਾਪਿਆਂ ਅਤੇ ਅਧਿਆਪਕਾਂ ਨੂੰ ਇੱਕ ਅਜਿਹੇ ਖ਼ਤਰੇ ਵੱਲ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਮਿਲੇਗੀ ਜਿਸ ਨੇ ਨਾ ਕੇਵਲ ਸਾਡੇ ਦੇਸ਼ ਸਗੋਂ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਨੂੰ ਕਲਾਵੇ ਵਿੱਚ ਲਿਆ ਹੋਇਆ ਹੈ। ਕੁਝ ਯੂਰਪੀ ਦੇਸ਼ਾਂ ਵਿੱਚ ਬਾਲ ਅਸ਼ਲੀਲਤਾ (ਪੋਰਨੋਗ੍ਰਾਫੀ) ਇਸ ਕਦਰ ਅਲਾਮਤ ਬਣ ਗਈ ਹੈ ਕਿ ਇਸ ਸਮੱਸਿਆ ਨਾਲ ਨਜਿੱਠਣ ਲਈ ਅਪਰਾਧ ਰੋਕੂ ਵਿਸ਼ੇਸ਼ ਦਸਤੇ ਕਾਇਮ ਕੀਤੇ ਗਏ ਹਨ। ਸਾਡੇ ਦੇਸ਼ ਵਿੱਚ ਬਹੁਤ ਸਾਰੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਜਿਨਸੀ ਅਪਰਾਧੀਆਂ ਦੀ ਤਾਦਾਦ ਵਿੱਚ ਚੋਖਾ ਵਾਧਾ ਹੁੰਦਾ ਜਾ ਰਿਹਾ ਹੈ ਜਿਸ ਵੱਲ ਫ਼ੌਰੀ ਧਿਆਨ ਦੇਣ ਅਤੇ ਸੂਬੇ ਦੀ ਸ਼ਮੂਲੀਅਤ ਯਕੀਨੀ ਬਣਾਉਣ ਦੀ ਲੋੜ ਹੈ। ਮੁੰਬਈ ਵਿੱਚ ਬਹੁਤ ਸਾਰੀਆਂ ਗ਼ੈਰ-ਸਰਕਾਰੀ ਸੰਸਥਾਵਾਂ ਇਸ ਅਲਾਮਤ ਨਾਲ ਸਿੱਝਣ ਲਈ ਅਧਿਕਾਰੀਆਂ ਦੀ ਮਦਦ ਕਰ ਰਹੀਆਂ ਹਨ। ਮੌਜੂਦਾ ਕੇਂਦਰ ਸਰਕਾਰ ਇਸ ਕਿਸਮ ਦੇ ਸਮੂਹਿਕ ਮੁੱਦਿਆਂ ਨਾਲ ਸਿੱਝਣ ਵਾਲੀਆਂ ਨਾਗਰਿਕ ਸੰਸਥਾਵਾਂ ਉੱਪਰ ਭਰੋਸਾ ਨਹੀਂ ਕਰਦੀ। ਇਸ ਕਿਸਮ ਦੀਆਂ ਐਨਜੀਓਜ਼ ਦੀ ਕਾਰਪੋਰੇਟ ਫੰਡਿੰਗ ਰੋਕ ਦਿੱਤੀ ਗਈ ਅਤੇ ਇਨ੍ਹਾਂ ਫੰਡਾਂ ਦਾ ਰੁਖ਼ ਹੁਣ ਪੀਐਮ ਕੇਅਰਜ਼ ਫੰਡ ਵੱਲ ਕਰ ਦਿੱਤਾ ਗਿਆ ਹੈ।

ਸਰਕਾਰ ਨੂੰ ਇਹ ਨਸੀਹਤ ਲੈਣੀ ਚਾਹੀਦੀ ਹੈ ਕਿ ਅਜਿਹੀਆਂ ਗ਼ੈਰ ਸਰਕਾਰੀ ਜਥੇਬੰਦੀਆਂ ’ਤੇ ਛਾਪੇ ਨਾ ਮਾਰੇ ਜਾਣ ਜਿਨ੍ਹਾਂ ਦਾ ਇਕਮਾਤਰ ਮੰਤਵ ਆਮ ਲੋਕਾਂ ਦੀਆਂ ਜ਼ਿੰਦਗੀਆਂ ਦੀ ਬਿਹਤਰੀ ਹੈ। ਹਰੇਕ ਐਨਜੀਓ ਨੂੰ ਇਕੋ ਖਾਨੇ ਵਿਚ ਸੁੱਟਣਾ ਸ਼ਾਸਕੀ ਤੌਰ-ਤਰੀਕਿਆਂ ਦੇ ਸਾਂਚੇ ਵਿੱਚ ਫਿੱਟ ਨਹੀਂ ਬੈਠਦਾ ਤੇ ਅਜੀਬ ਜਾਪਦਾ ਹੈ।

# ‘ਚੰਡੀਗੜ੍ਹ ਮੋਰਚਾ’: ਮੁੱਖ ਮੰਤਰੀ ਵੱਲੋਂ ਕਿਸਾਨ ਤੇ ਮਜ਼ਦੂਰ ਧਿਰਾਂ ਨੂੰ ਗੱਲਬਾਤ ਦਾ ਸੱਦਾ

**ਚੰਡੀਗੜ੍ਹ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਖੇਤੀ ਨੀਤੀ ਨੂੰ ਲੈ ਕੇ ਕਿਸਾਨ ਤੇ ਮਜ਼ਦੂਰ ਧਿਰਾਂ ਵੱਲੋਂ ਪਹਿਲੀ ਸਤੰਬਰ ਨੂੰ ਲਗਾਏ ਜਾਣ ਵਾਲੇ ‘ਚੰਡੀਗੜ੍ਹ ਮੋਰਚਾ’ ਨੂੰ ਟਾਲਣ ਦੇ ਰੌਅ ਵਿੱਚ ਹੈ। ਪੁਲੀਸ ਅਫ਼ਸਰਾਂ ਦੀ ਟੀਮ ਵੱਲੋਂ ਕਿਸਾਨ ਤੇ ਮਜ਼ਦੂਰ ਆਗੂਆਂ ਨਾਲ ਮੀਟਿੰਗਾਂ ਦਾ ਸਿਲਸਿਲਾ ਦੋ ਦਿਨਾਂ ਤੋਂ ਜਾਰੀ ਹੈ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਨੇ ਖੇਤੀ ਨੀਤੀ ਸਮੇਤ ਭਖਦੀਆਂ ਮੰਗਾਂ ਨੂੰ ਲੈ ਕੇ 1 ਸਤੰਬਰ ਤੋਂ ਚੰਡੀਗੜ੍ਹ ਵਿੱਚ ਮੋਰਚਾ ਲਾਉਣ ਦਾ ਫ਼ੈਸਲਾ ਕੀਤਾ ਹੈ ਅਤੇ ਦੋ ਸਤੰਬਰ ਨੂੰ ਪੰਜਾਬ ਵਿਧਾਨ ਸਭਾ ਵੱਲ ਮਾਰਚ ਕਰਨ ਦਾ ਐਲਾਨ ਕੀਤਾ ਹੈ ਕਿਉਂਕਿ ਦੋ ਸਤੰਬਰ ਨੂੰ ਮੌਨਸੂਨ ਸੈਸ਼ਨ ਸ਼ੁਰੂ ਹੋ ਰਿਹਾ ਹੈ। ਕਿਸਾਨ ਤੇ ਮਜ਼ਦੂਰ ਆਗੂਆਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦੋਵੇਂ ਜਥੇਬੰਦੀਆਂ ਨੂੰ ਪਹਿਲੀ ਸਤੰਬਰ ਨੂੰ ਮੀਟਿੰਗ ਦਾ ਸੱਦਾ ਦਿੱਤਾ ਹੈ। ਦੂਜੇ ਪਾਸੇ ਪੁਲੀਸ ਅਧਿਕਾਰੀ ਪਹਿਲੀ ਸਤੰਬਰ ਦੀ ਮੀਟਿੰਗ ਤੋਂ ਪਹਿਲਾਂ ਧਰਾਤਲ ਤਿਆਰ ਕਰਨ ਵਿੱਚ ਜੁਟੇ ਹੋਏ ਹਨ। ਮੁੱਖ ਮੰਤਰੀ ਦਫ਼ਤਰ ਵਿੱਚ ਆਪਸੀ ਤਾਲਮੇਲ ਬਣਾਉਣ ਵਿਚ ਲੱਗਿਆ ਹੋਇਆ ਹੈ।



ਬੀਕੇਯੂ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ, ਝੰਡਾ ਸਿੰਘ ਜੇਠੂਕੇ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਜੋਰਾ ਸਿੰਘ ਨਸਰਾਲੀ ਤੇ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਨੇ ਜਾਰੀ ਬਿਆਨ ਵਿੱਚ ਦੱਸਿਆ ਕਿ ਚੰਡੀਗੜ੍ਹ ਦੇ ਐੱਸਐੱਸਪੀ ਵੱਲੋਂ ਉਨ੍ਹਾਂ ਦੀਆਂ ਜਥੇਬੰਦੀਆਂ ਨੂੰ 3 ਸਤੰਬਰ ਨੂੰ ਮੀਟਿੰਗ ਦਾ ਸੱਦਾ ਦਿੱਤਾ ਗਿਆ ਅਤੇ ਮੁੱਖ ਮੰਤਰੀ ਨੇ ਪਹਿਲੀ ਸਤੰਬਰ ਨੂੰ ਗੱਲਬਾਤ ਲਈ ਸੱਦਾ ਭੇਜਿਆ ਹੈ। ਉਨ੍ਹਾਂ ਮੀਟਿੰਗ ਦਾ ਸੱਦਾ ਪ੍ਰਵਾਨ ਕਰਨ ਦੇ ਨਾਲ ਹੀ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ 1 ਸਤੰਬਰ ਨੂੰ ਪਰਿਵਾਰਾਂ ਸਮੇਤ ਚੰਡੀਗੜ੍ਹ ਵਿੱਚ ਲੱਗ ਰਹੇ ਖੇਤੀ ਨੀਤੀ ਮੋਰਚੇ ’ਚ ਪਹੁੰਚਣ ਦਾ ਜ਼ੋਰਦਾਰ ਸੱਦਾ ਦਿੱਤਾ। ਦੋਵਾਂ ਜਥੇਬੰਦੀਆਂ ਵੱਲੋਂ ਪਿਛਲੇ ਡੇਢ ਸਾਲ ਤੋਂ ਸਰਕਾਰ ਨੂੰ ਖੇਤੀ ਨੀਤੀ ਦੇ ਖਰੜੇ ਸੌਂਪ ਕੇ ਆਮ ਆਦਮੀ ਪਾਰਟੀ ਵੱਲੋਂ ਚੋਣ ਗਾਰੰਟੀ ਅਨੁਸਾਰ ਖੇਤੀ ਸੰਕਟ ਦੇ ਹੱਲ ਲਈ ਨਵੀਂ ਖੇਤੀ ਨੀਤੀ ਬਣਾਉਣ ਦੀ ਲਗਾਤਾਰ ਮੰਗ ਕੀਤੀ ਜਾ ਰਹੀ ਹੈ ਪਰ ਸਰਕਾਰ ਵੱਲੋਂ ਕੋਈ ਹੁੰਗਾਰਾ ਨਹੀਂ ਭਰਿਆ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਖੇਤੀ ਨੀਤੀ ਬਣਾਉਣ ਲਈ ਗਠਿਤ ਕਮੇਟੀ ਵੱਲੋਂ ਵੀ ਪਿਛਲੇ ਸਾਲ ਅਕਤੂਬਰ ਮਹੀਨੇ ’ਚ ਖੇਤੀ ਨੀਤੀ ਤਿਆਰ ਕਰਕੇ ਸਰਕਾਰ ਨੂੰ ਸੌਂਪਣ ਦੇ ਬਾਵਜੂਦ ਸਰਕਾਰ ਵੱਲੋਂ ਕੋਈ ਸਾਰਥਿਕ ਕਦਮ ਨਹੀਂ ਚੁੱਕਿਆ ਗਿਆ।

ਸੰਯੁਕਤ ਕਿਸਾਨ ਮੋਰਚਾ ਵੱਲੋਂ ਵੀ ਦੋ ਸਤੰਬਰ ਨੂੰ ਚੰਡੀਗੜ੍ਹ ਵਿਚ ਪ੍ਰਦਰਸ਼ਨ ਕਰਨ ਦਾ ਪ੍ਰੋਗਰਾਮ ਉਲੀਕਿਆ ਹੋਇਆ ਹੈ, ਜਿਸ ਵਿੱਚ ਮੁੱਖ ਮੁੱਦਾ ਜ਼ਮੀਨੀ ਪਾਣੀ ਅਤੇ ਸਹਿਕਾਰੀ ਅਦਾਰਿਆਂ ਦੇ ਨਿਘਾਰ ਨੂੰ ਰੋਕਣ ਦਾ ਹੈ। ਸੀਨੀਅਰ ਆਗੂ ਬਲਬੀਰ ਸਿੰਘ ਰਾਜੇਵਾਲ ਦਾ ਕਹਿਣਾ ਕਿ ਪੰਜਾਬ ਸਰਕਾਰ ਤਰਫ਼ੋਂ ਗੱਲਬਾਤ ਲਈ ਸੁਨੇਹਾ ਮਿਲਿਆ ਸੀ ਪ੍ਰੰਤੂ ਉਹ ਦੋ ਸਤੰਬਰ ਨੂੰ ਚੰਡੀਗੜ੍ਹ ਵਿੱਚ ਪ੍ਰਦਰਸ਼ਨ ਲਈ ਆਉਣਗੇ।

# ਚੰਦਰਯਾਨ-3 ਦੀ ਸਫ਼ਲਤਾ ’ਚ ਮੋਗਾ ਜ਼ਿਲ੍ਹੇ ਦੇ ਇੱਕ ਹੋਰ ਵਿਗਿਆਨੀ ਦਾ ਯੋਗਦਾਨ

**ਚੰਡੀਗੜ੍ਹ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਦੇ ਵੱਕਾਰੀ ਪ੍ਰਾਜੈਕਟ ਚੰਦਰਯਾਨ-3 ’ਚ ਮੋਗਾ ਦੇ ਨੌਜਵਾਨ ਨੇ ਅਹਿਮ ਯੋਗਦਾਨ ਪਾਇਆ ਹੈ, ਜਿਸ ਦਾ ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ ਸਨਮਾਨ ਕੀਤਾ ਗਿਆ ਹੈ। ਇਸ ਪ੍ਰਾਪਤੀ ’ਤੇ ਉਸ ਦੇ ਮਾਪਿਆਂ ’ਚ ਖ਼ੁਸ਼ੀ ਦੀ ਲਹਿਰ ਹੈ। ਇਸ ਤੋਂ ਪਹਿਲਾਂ ਵੀ ਮੋਗਾ ਦੇ ਵਿਗਿਆਨੀ ਹਰਜੀਤ ਸਿੰਘ ਦੇ ਚੰਦਰਯਾਨ ’ਚ ਅਹਿਮ ਯੋਗਦਾਨ ਕਾਰਨ ਇਸਰੋ ਨੇ ਸਨਮਾਨ ਵਜੋਂ ਡਾਕ ਟਿਕਟ ਜਾਰੀ ਕੀਤਾ ਸੀ। ਨਿਹਾਲ ਸਿੰਘ ਵਾਲਾ ਸਬ ਡਿਵੀਜ਼ਨ ਅਧੀਨ ਪਿੰਡ ਖਾਈ ਦਾ ਵਸਨੀਕ ਨਵਦੀਪ ਸਿੰਘ ਥਾਪਰ ਕਾਲਜ ਪਟਿਆਲਾ ਤੋਂ ਬੀਟੈੱਕ ਦੀ ਪੜ੍ਹਾਈ ਕਰ ਰਿਹਾ ਹੈ। ਉਸ ਨੂੰ ਇਸਰੋ ਦੇ ਹੈਦਰਾਬਾਦ ਸੈਂਟਰ ’ਚ ਭੇਜਿਆ ਗਿਆ, ਜਿੱਥੇ ਪਿਛਲੇ ਸਾਲ ਚੰਦਰਯਾਨ-3 ਦੇ ਚੰਦ ਉੱਪਰ ਸਫਲ ਉੱਤਰਨ ਤੋਂ ਬਾਅਦ ਅੱਗੇ ਵਧਣ ਵਿੱਚ ਮੁਸ਼ਕਲ ਆ ਰਹੀ ਸੀ। ਇਸ ਰੁਕਾਵਟ ਨੂੰ ਹੱਲ ਕਰਨ ਦਾ ਜ਼ਿੰਮਾ ਨਵਦੀਪ ਸਿੰਘ ਨੂੰ ਦਿੱਤਾ ਗਿਆ। ਉਸ ਨੇ ਇਹ ਰੁਕਾਵਟ ਦੂਰ ਕਰਨ ਲਈ ਰੋਡਮੈਪ ਤਿਆਰ ਕੀਤਾ। ਇਸ ਗਾਈਡ ਮੈਪ ਨਾਲ ਹੀ ਚੰਦਰਯਾਨ-3 ਦਾ ਟਰਾਇਲ ਸਫਲ ਹੋਇਆ। ਇਸਰੋ ਨੇ ਨਵਦੀਪ ਸਿੰਘ ਦੇ ਕੰਮ ਦੀ ਸ਼ਲਾਘਾ ਕਰਦਿਆਂ ਉਸ ਦਾ ਨਾਂ ਸਨਮਾਨ ਲਈ ਭੇਜਿਆ ਸੀ। ਨਵਦੀਪ ਸਿੰਘ ਦੇ ਪਿਤਾ ਗੁਰਪ੍ਰੀਤ ਸਿੰਘ ਫੌਜ ਵਿੱਚ ਸੂਬੇਦਾਰ ਹਨ। ਮਾਪਿਆਂ ਨੇ ਕਿਹਾ ਕਿ ਇਹ ਪਲ ਉਨ੍ਹਾਂ, ਪਿੰਡ ਲਈ, ਪੰਜਾਬ ਅਤੇ ਪੂਰੇ ਭਾਰਤ ਦੇਸ਼ ਲਈ ਮਾਣ ਵਾਲੇ ਹਨ। ਚੰਦਰਯਾਨ ਕਿਸੇ ਪੱਥਰ ਨਾਲ ਟਕਰਾ ਕੇ ਰੁਕ ਜਾਂਦਾ ਸੀ ਜਾਂ ਫਿਰ ਅੱਗੇ ਆਏ ਖੱਡੇ ਵਿੱਚ ਰੁਕ ਜਾਂਦਾ ਸੀ, ਇਸ ਰੁਕਾਵਟ ਨੂੰ ਦੂਰ ਕਰਨ ਲਈ ਨਵਦੀਪ ਨੇ ਰੋਡਮੈਪ ਤਿਆਰ ਕੀਤਾ, ਜਿਸ ਨਾਲ ਰੁਕਾਵਟ ਦੂਰ ਹੋ ਗਈ।



ਵਿਗਿਆਨੀ ਨਵਦੀਪ ਸਿੰਘ ਦਾ ਸਨਮਾਨ ਕਰਦੇ ਹੋਏ ਰਾਸ਼ਟਰਪਤੀ ਦਰੋਪਦੀ ਮੁਰਮੂ।

# ਓਲੰਪੀਅਨ ਵਿਨੇਸ਼ ਫੋਗਾਟ ਨੇ ਹਰਿਮੰਦਰ ਸਾਹਿਬ ਮੱਥਾ ਟੇਕਿਆ



ਦਰਬਾਰ ਸਾਹਿਬ ਨਤਮਸਤਕ ਹੋਣ ਪਹੁੰਚੀ ਵਿਨੇਸ਼ ਫੋਗਾਟ।

**ਅੰਮ੍ਰਿਤਸਰ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੀ ਕੁਸ਼ਤੀ ਖਿਡਾਰਨ ਤੇ ਓਲੰਪੀਅਨ ਵਿਨੇਸ਼ ਫੋਗਾਟ ਨੇ ਅੱਜ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਉਹ ਭਵਿੱਖ ਵਿੱਚ ਮਾਨਵਤਾ ਦੇ ਭਲੇ ਲਈ ਕੰਮ ਕਰਨ ਦੀ ਚਾਹਵਾਨ ਹੈ। ਓਲੰਪਿਕ ਖੇਡਾਂ ਤੋਂ ਪਰਤਣ ਮਗਰੋਂ ਵਿਨੇਸ਼ ਫੋਗਾਟ ਪਹਿਲੀ ਵਾਰ ਹਰਿਮੰਦਰ ਸਾਹਿਬ ਨਤਮਸਤਕ ਹੋਣ ਪੁੱਜੀ। ਇਸ ਮੌਕੇ ਉਸ ਦੇ ਪਤੀ ਅਤੇ ਹੋਰ ਪਰਿਵਾਰਿਕ ਮੈਂਬਰ ਵੀ ਨਾਲ ਸਨ। ਇਸ ਮੌਕੇ ਵਿਨੇਸ਼ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦਰਬਾਰ ਸਾਹਿਬ ਦਾ ਸੁਨਹਿਰੀ ਮਾਡਲ ਅਤੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ। ਵਿਨੇਸ਼ ਨੇ ਆਖਿਆ ਕਿ ਹਰਿਮੰਦਰ ਸਾਹਿਬ ਨਤਮਸਤਕ ਹੋ ਕੇ ਉਸ ਨੂੰ ਸਕੂਨ ਤੇ ਨਵੀਂ ਚੇਤਨਾ ਮਿਲੀ ਹੈ। ਉਹ ਅੱਜ ਜਿਸ ਵੀ ਮੁਕਾਮ ’ਤੇ ਪੁੱਜੀ ਹੈ, ਉਹ ਗੁਰੂ ਘਰ ਦੀ ਕਿਰਪਾ ਸਦਕਾ ਹੈ। ਉਸ ਨੇ ਅੱਜ ਵੀ ਗੁਰੂ ਘਰ ਵਿੱਚ ਅਰਦਾਸ ਕੀਤੀ ਹੈ ਕਿ ਪਰਮਾਤਮਾ ਉਸ ਨੂੰ ਮਾਨਵਤਾ ਦੇ ਭਲੇ ਲਈ ਚੰਗੇ ਕੰਮ ਕਰਨ ਵਾਸਤੇ ਰਾਹ ਦਿਖਾਵੇ। ਆਪਣੇ ਭਵਿੱਖ ਦੀ ਯੋਜਨਾ ਅਤੇ ਆਪਣੀ ਖੇਡ ਨੂੰ ਨਿਰੰਤਰ ਜਾਰੀ ਰੱਖਣ ਬਾਰੇ ਪੁੱਛੇ ਸਵਾਲਾਂ ਦੇ ਜਵਾਬ ਵਿੱਚ ਉਨ੍ਹਾਂ ਕੋਈ ਟਿੱਪਣੀ ਨਹੀਂ ਕੀਤੀ।

ਦੱਸਣਯੋਗ ਹੈ ਕਿ ਵਿਨੇਸ਼ ਫੋਗਾਟ ਨੂੰ ਓਲੰਪਿਕ ਖੇਡਾਂ ਦੇ ਕੁਸ਼ਤੀ ਮੁਕਾਬਲੇ ਦੇ ਫਾਈਨਲ ਵਿੱਚ ਸਿਰਫ 100 ਗ੍ਰਾਮ ਵੱਧ ਭਾਰ ਹੋਣ ਕਾਰਨ ਅਯੋਗ ਕਰਾਰ ਦੇ ਦਿੱਤਾ ਗਿਆ ਸੀ।

# ਜ਼ਮੀਨ ਦੇ ਇੰਤਕਾਲ ਬਦਲੇ 10,000 ਰੁਪਏ ਰਿਸ਼ਵਤ ਲੈਂਦਾ ਪਟਵਾਰੀ ਵਿਜੀਲੈਂਸ ਬਿਊਰੋ ਵੱਲੋਂ ਕਾਬੂ



**ਪਟਿਆਲਾ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਮਾਲ ਪਟਵਾਰੀ ਸੋਹਨ ਗਿਰ, ਮਾਲ ਹਲਕਾ ਅਮਾਮ ਨਗਰ, ਪਿੰਡ ਕਰਹਾਲੀ ਜ਼ਿਲ੍ਹਾ ਪਟਿਆਲਾ ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਪਟਵਾਰੀ ਨੂੰ ਗੁਰਦੇਵ ਸਿੰਘ ਵਾਸੀ ਅਮਾਮ ਨਗਰ, ਪਿੰਡ ਕਰਹਾਲੀ, ਜ਼ਿਲ੍ਹਾ ਪਟਿਆਲਾ ਦੀ ਸ਼ਿਕਾਇਤ ਦੇ ਆਧਾਰ ’ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਕਤ ਪਟਵਾਰੀ ਉਸ ਦੇ ਦਾਦੇ ਦੀ ਜ਼ਮੀਨ ਦਾ ਇੰਤਕਾਲ ਉਸ ਦੇ ਨਾਂ ਕਰਵਾਉਣ ਬਦਲੇ 10,000 ਰੁਪਏ ਰਿਸ਼ਵਤ ਮੰਗ ਰਿਹਾ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ਾਂ ਦੀ ਮੁੱਢਲੀ ਪੜਤਾਲ ਉਪਰੰਤ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਉਕਤ ਪਟਵਾਰੀ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

ਉਨ੍ਹਾਂ ਅੱਗੇ ਦੱਸਿਆ ਕਿ ਉਕਤ ਪਟਵਾਰੀ ਖਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਉਸ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਚੀਫ਼ ਜਸਟਿਸ ਸ਼ੀਲ ਨਾਗੂ ਵੱਲੋਂ ਵਰਚੁਉਲ ਮੋਡ ਰਾਹੀਂ ਨਵੇਂ ਜੁਡੀਸ਼ੀਅਲ ਕੋਰਟ ਕੰਪਲੈਕਸ ਮੁਕੇਰੀਆਂ ਦਾ ਉਦਘਾਟਨ

**ਚੰਡੀਗੜ੍ਹ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਮਾਨਯੋਗ ਚੀਫ਼ ਜਸਟਿਸ ਸ਼ੀਲ ਨਾਗੂ ਵੱਲੋਂ ਅੱਜ ਵਰਚੁਉਲ ਮੋਡ ਰਾਹੀਂ ਨਵੇਂ ਜੁਡੀਸ਼ੀਅਲ ਕੋਰਟ ਕੰਪਲੈਕਸ ਮੁਕੇਰੀਆਂ ਦਾ ਉਦਘਾਟਨ ਕੀਤਾ ਗਿਆ। ਇਸ ਦੌਰਾਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਮਾਨਯੋਗ ਜੱਜ ਅਤੇ ਬਿਲਡਿੰਗ ਕਮੇਟੀ ਦੇ ਚੇਅਰਮੈਨ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਅਤੇ ਹੋਰ ਜੱਜ ਸਾਹਿਬਾਨ ਉਨ੍ਹਾਂ ਦੇ ਨਾਲ ਮੌਜੂਦ ਸਨ ਜਦਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜ ਅਤੇ ਸੈਸ਼ਨ ਡਵੀਜ਼ਨ ਹੁਸ਼ਿਆਰਪੁਰ ਦੇ ਪ੍ਰਬੰਧਕੀ ਜੱਜ ਜਸਟਿਸ ਮੰਜਰੀ ਨਹਿਰੂ ਕੌਲ ਨਵੇਂ ਜੁਡੀਸ਼ੀਅਲ ਕੋਰਟ ਕੰਪਲੈਕਸ ਮੁਕੇਰੀਆਂ ਵਿਖੇ ਹੋਏ। ਸ਼ਾਨਦਾਰ ਉਦਘਾਟਨੀ ਸਮਾਗਮ ਵਿਚ ਮੌਜੂਦ ਰਹੇ। ਇਸ ਦੌਰਾਨ ਉਨ੍ਹਾਂ ਜ਼ਿਲ੍ਹਾ ਤੇ ਸ਼ੈਸ਼ਨ ਜੱਜ ਹੁਸ਼ਿਆਰਪੁਰ ਦਿਲਬਾਗ ਸਿੰਘ ਜੌਹਲ, ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ, ਐਸ. ਐਸ. ਪੀ ਹੁਸ਼ਿਆਰਪੁਰ ਸੁਰੇਂਦਰ ਲਾਂਬਾ ਅਤੇ ਹੋਰਨਾਂ ਜੁਡੀਸ਼ੀਅਲ ਅਧਿਕਾਰੀਆਂ ਸਮੇਤ ਨਵੇਂ ਕੰਪਲੈਕਸ ਦੇ ਵੱਖ-ਵੱਖ ਸੈਕਸ਼ਨਾਂ ਦਾ ਦੌਰਾ ਵੀ ਕੀਤਾ। 6 ਏਕੜ ਰਕਬੇ ਵਿਚ ਕਰੀਬ 15 ਕਰੋੜ 26 ਲੱਖ ਰੁਪਏ ਦੀ ਲਾਗਤ ਨਾਲ ਬਣੇ ਇਸ ਅਤਿ-ਆਧੁਨਿਕ ਸੁਵਿਧਾਵਾਂ ਨਾਲ ਲੈਸ ਦੋ ਮੰਜ਼ਿਲਾ ਆਲੀਸ਼ਾਨ ਕੰਪਲੈਕਸ ਦਾ ਉਦਘਾਟਨ ਕਰਦਿਆਂ ਮਾਨਯੋਗ ਚੀਫ਼ ਜਸਟਿਸ ਸ਼ੀਲ ਨਾਗੂ ਨੇ ਕਿਹਾ ਕਿ ਇਹ ਨਵਾਂ ਨਿਆਇਕ ਕੰਪਲੈਕਸ ਸਿਰਫ਼ ਇਕ ਇਮਾਰਤ ਨਹੀਂ, ਬਲਕਿ ਇਹ ਮੁਕੇਰੀਆ ਦੇ ਨਿਵਾਸੀਆਂ ਲਈ ਨਿਆਂ ਪ੍ਰਾਪਤੀ ਦੀ ਇੱਕ ਨਵੀਂ ਕਿਰਨ ਹੈ। ਉਨ੍ਹਾਂ ਕਿਹਾ ਕਿ ਇਸ ਕੰਪਲੈਕਸ ਨਾਲ ਨਿਆਂ ਪ੍ਰਕ੍ਰਿਆ ਨੂੰ ਬਿਹਤਰੀ ਮਿਲੇਗੀ ਅਤੇ ਸਾਰੇ ਮੁਕੱਦਮੇ ਸਮੇਂ ਸਿਰ ਸੁਣਨ ਲਈ ਢੁਕਵੇਂ ਸਾਧਨ ਮਿਲਣਗੇ। ਉਨ੍ਹਾਂ ਕਿਹਾ ਕਿ

ਇਹ ਕੰਪਲੈਕਸ ਇਲਾਕੇ ਦੇ ਨਿਆਇਕ ਢਾਂਚੇ ਵਿਚ ਨਵੀਂ ਤੇਜ਼ੀ ਅਤੇ ਕਾਰਗੁਜ਼ਾਰੀ ਲਿਆਵੇਗਾ। ਉਨ੍ਹਾਂ ਇਸ ਕੰਪਲੈਕਸ ਨੂੰ ਸਮਾਂਬੱਧ ਢੰਗ ਨਾਲ ਮੁਕੰਮਲ ਕਰਨ ਲਈ ਲੋਕ ਨਿਰਮਾਣ ਵਿਭਾਗ ਅਤੇ ਆਰਕੀਟੈਕਚਰ ਵਿਭਾਗ ਪੰਜਾਬ ਦੀ ਸ਼ਲਾਘਾ ਕੀਤੀ।



ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਮਾਨਯੋਗ ਜੱਜ ਅਤੇ ਬਿਲਡਿੰਗ ਕਮੇਟੀ ਦੇ ਚੇਅਰਮੈਨ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਨੇ ਮੁਕੇਰੀਆਂ ਵਾਸੀਆਂ ਨੂੰ ਇਸ ਕੰਪਲੈਕਸ ਲਈ ਵਧਾਈ ਦਿੰਦਿਆਂ ਕਿਹਾ ਕਿ ਹੁਸ਼ਿਆਰਪੁਰ ਦੇ ਨਵੇਂ ਜ਼ਿਲ੍ਹਾ ਸੈਸ਼ਨ ਕੋਰਟ ਕੰਪਲੈਕਸ ਤੋਂ ਬਾਅਦ ਇਹ ਕੰਪਲੈਕਸ ਉਨ੍ਹਾਂ ਲਈ ਇਕ ਤੋਹਫ਼ਾ ਹੈ।

ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜ ਅਤੇ ਸੈਸ਼ਨ ਡਵੀਜ਼ਨ ਹੁਸ਼ਿਆਰਪੁਰ ਦੇ ਪ੍ਰਬੰਧਕੀ ਜੱਜ ਜਸਟਿਸ ਮੰਜਰੀ ਨਹਿਰੂ ਕੌਲ ਨੇ ਇਸ ਮੌਕੇ ਕਿਹਾ ਕਿ ਨਵੀਂ ਇਮਾਰਤ ਦੇ ਬਣਨ ਨਾਲ ਮੁਕੇਰੀਆ ਵਿਖੇ ਨਿਆਂ ਪ੍ਰਕਿਰਿਆ ਵਿਚ ਤੇਜ਼ੀ ਆਵੇਗੀ ਅਤੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਇਥੇ ਜੱਜ, ਵਕੀਲ, ਅਤੇ ਨਿਆਇਕ ਅਧਿਕਾਰੀ ਆਸਾਨੀ ਨਾਲ ਆਪਣਾ ਕੰਮ ਕਰ ਸਕਣਗੇ। ਇਸ ਤੋਂ ਪਹਿਲਾਂ ਜ਼ਿਲ੍ਹਾ ਤੇ ਸ਼ੈਸ਼ਨ ਜੱਜ ਹੁਸ਼ਿਆਰਪੁਰ ਦਿਲਬਾਗ ਸਿੰਘ ਜੌਹਲ ਨੇ ਮਾਨਯੋਗ ਚੀਫ਼ ਜਸਟਿਸ ਅਤੇ ਹੋਰਨਾਂ ਜੁਡੀਸ਼ੀਅਲ ਅਧਿਕਾਰੀਆਂ ਦਾ ਸਵਾਗਤ ਕਰਦਿਆਂ ਦੱਸਿਆ ਕਿ ਇਸ ਆਲੀਸ਼ਾਨ ਕੰਪਲੈਕਸ ਵਿਚ 4 ਕੋਰਟ ਰੂਮ, 3 ਜੁਡੀਸ਼ੀਅਲ ਰੈਜ਼ੀਡੈਂਸ, ਮੀਡੀਏਸ਼ਨ ਸੈਂਟਰ, ਫਰੰਟ ਆਫਿਸ, ਲਾਇਬ੍ਰੇਰੀ, ਕੰਟੀਨ, ਬਾਰ ਰੂਮਸ, ਵੀਡੀਓ ਕਾਨਫਰੰਸਿੰਗ ਸਿਸਟਮ ਅਤੇ ਹੋਰ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ। ਇਸ ਤੋਂ ਇਲਾਵਾ ਵਕੀਲਾਂ ਵੱਲੋਂ ਆਪਣੀ ਪੱਧਰ @ਤੇ 90 ਚੈਂਬਰਾਂ ਦਾ ਨਿਰਮਾਣ ਕੀਤਾ ਗਿਆ ਹੈ।

ਇਸ ਮੌਕੇ ਜੁਡੀਸ਼ੀਅਲ ਤੇ ਸਿਵਲ ਅਧਿਕਾਰੀਆਂ ਤੋਂ ਇਲਾਵਾ ਬਾਰ ਐਸੋਸੀਏਸ਼ਨਾਂ ਦੇ ਅਹੁਦੇਦਾਰ, ਮੈਂਬਰ ਅਤੇ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।

# ਲੋੜਵੰਦ ਕੈਦੀਆਂ ਦੀ ਮੱਦਦ ਲਈ ਇਮਪਾਵਰਡ ਕਮੇਟੀ ਨੇ 5 ਕੇਸਾਂ ਨੂੰ ਵਿਚਾਰਿਆ

**ਰੂਪਨਗਰ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਜੇਲ ਰੂਪਨਗਰ ਵਿੱਚ ਲੋੜਵੰਦ ਕੈਦੀਆਂ ਨੂੰ ਜੇਕਰ ਕੋਈ ਜੁਰਮਾਨਾ ਲੱਗਦਾ ਹੈ ਤਾਂ ਕਈ ਮਾਮਲਿਆ ਵਿੱਚ ਕੈਦੀਆਂ ਦੇ ਵਿੱਤੀ ਹਾਲਾਤ ਠੀਕ ਨਾ ਹੋਣ ਕਾਰਨ ਇਹ ਜੁਰਮਾਨੇ ਦੇਣ ਵਿੱਚ ਅਸਮਰੱਥ ਹੁੰਦੇ ਹਨ, ਇਨ੍ਹਾਂ ਕੈਦੀਆਂ ਦੇ ਜੁਰਮਾਨੇ ਸਬੰਧੀ 5 ਮਾਮਲਿਆਂ ਨੂੰ ਅੱਜ ਡਿਪਟੀ ਕਮਿਸ਼ਨਰ ਦੇ ਦਫ਼ਤਰ ਵਿਖੇ ਇਮਪਾਵਰਡ ਕਮੇਟੀ ਵਲੋਂ ਵਿਚਾਰਿਆ ਗਿਆ।

ਇਸ ਬਾਰੇ ਜਾਣਕਾਰੀ ਦਿੰਦਿਆ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਮੀਟਿੰਗ ਦਾ ਮੁੱਖ ਮੰਤਵ ਲੋੜਵੰਦ ਕੈਦੀਆਂ ਦੇ ਮਾਮਲਿਆਂ ਨੂੰ ਵਿਚਾਰਨਾ ਹੈ ਜਿਸ ਤਹਿਤ ਜੁਰਮਾਨੇ ਲਈ ਮਾਲੀ ਮੱਦਦ ਕੀਤੀ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ ਇਮਪਾਵਰਡ ਕਮੇਟੀ ਲੋੜਵੰਦ ਕੈਦੀ ਦੀ ਜ਼ਮਾਨਤ ਅਤੇ ਜੁਰਮਾਨੇ ਸਬੰਧੀ ਮਾਮਲਿਆਂ ਨੂੰ ਵਿਚਾਰ ਕੇ ਅੰਤਿਮ ਨਿਰਦੇਸ਼ ਦਿੰਦੀ ਹੈ ਪਰ ਇਸ ਤੋਂ ਪਹਿਲਾ ਕਮੇਟੀ ਵਲੋਂ ਅੰਡਰ ਟਰਾਇਲ ਕੈਦੀਆਂ ਦੇ ਮਾਮਲਿਆਂ ਦਾ ਡੂੰਘਾਈ ਨਾਲ ਨਿਰੀਖਣ ਕੀਤਾ ਜਾਂਦਾ ਹੈ ।

# ਤੁਹਾਡੀ ਸਿਹਤ

## ਸਰੀਰ ਦੀਆਂ ਇਨ੍ਹਾਂ ਸਮੱਸਿਆਵਾਂ ਨੂੰ ਜੜ੍ਹ ਤੋਂ ਖਤਮ ਕਰਦੀ ਹੈ 'ਐਲੋਵੇਰਾ'



ਐਲੋਵੇਰਾ ਜਿੱਥੇ ਖੂਬਸੂਰਤ ਸਕਿਨ ਅਤੇ ਵਾਲਾਂ ਲਈ ਫ਼ਾਇਦੇਮੰਦ ਮੰਨੀ ਜਾਂਦੀ ਹੈ, ਉੱਥੇ ਹੀ ਇਹ ਤੁਹਾਡੀ ਸਿਹਤ ਲਈ ਵੀ ਕਿਸੇ ਵਰਦਾਨ ਨਾਲੋਂ ਘੱਟ ਨਹੀਂ ਹੁੰਦੀ। ਐਲਵੇਰਾ ਇੱਕ ਅਜਿਹਾ ਬੂਟਾ ਹੈ, ਜਿਸ ਨੂੰ ਘਰ 'ਚ ਲਗਾਉਣ ਨਾਲ ਕਈ ਤਰ੍ਹਾਂ ਦੇ ਫ਼ਾਇਦੇ ਹੁੰਦੇ ਹਨ। ਐਲੋਵੇਰਾ ਜੈੱਲ ਸਿਹਤ ਦੇ ਨਾਲ ਚਮੜੀ ਦੀ ਵੀ ਕਈ ਸਮੱਸਿਆਵਾਂ ਨੂੰ ਦੂਰ ਕਰਦਾ ਹੈ। ਇਸ ਦੀ ਵਰਤੋਂ ਨਾਲ ਤੁਸੀਂ ਪੇਟ ਸਬੰਧੀ ਕਈ ਬੀਮਾਰੀਆਂ, ਸਿਰਦਰਦ, ਭੁੱਖ ਨਾ ਲੱਗਣਾ, ਦੰਦਾਂ ਦੀ ਸਮੱਸਿਆ ਵਰਗੀਆਂ ਤਮਾਮ ਸਮੱਸਿਆਵਾਂ ਤੋਂ ਆਸਾਨੀ ਨਾਲ ਛੁਟਕਾਰਾ ਪਾ ਸਕਦੇ ਹੋ। ਗਰਮੀ ਦੇ ਮੌਸਮ 'ਚ ਚਮੜੀ ਨੂੰ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਹੋ ਜਾਂਦੀਆਂ ਹਨ। ਅਜਿਹੇ 'ਚ ਐਲੋਵੇਰਾ ਜੈੱਲ ਦਾ ਇਸਤੇਮਾਲ ਵੀ ਕੀਤਾ ਜਾ ਸਕਦਾ ਹੈ। ਇਸ 'ਚ ਮੌਜੂਦ ਵਿਟਾਮਿਨਸ ਅਤੇ ਮਿਨਰਲਸ ਚਮੜੀ ਨੂੰ ਨਿਖਾਰਣ 'ਚ ਮਦਦ ਕਰਦੇ ਹਨ। ਅੱਜ ਅਸੀਂ ਤੁਹਾਨੂੰ ਐਲੋਵੇਰਾ ਨਾਲ ਸਿਹਤ ਨੂੰ ਹੋਣ ਵਾਲੇ ਫ਼ਾਇਦਿਆਂ ਬਾਰੇ ਹੀ ਦੱਸਣ ਜਾ ਰਹੇ ਹਾਂ। ਆਓ ਜਾਣਦੇ ਹਾਂ ਫ਼ਾਇਦਿਆਂ ਬਾਰੇ।

ਐਲੋਵੇਰਾ ਦਾ ਫ਼ਾਇਦੇ

ਕਬਜ਼ ਦੀ ਸਮੱਸਿਆ ਦੂਰ ਕਰੇ

ਜੇ ਤੁਹਾਡਾ ਪੇਟ ਸਾਫ਼ ਨਹੀਂ ਰਹਿੰਦਾ ਤਾਂ ਇਸ 'ਚ ਵੀ ਐਲੋਵੇਰਾ ਜੂਸ ਦੀ ਵਰਤੋਂ ਤੁਹਾਡੇ ਲਈ ਫ਼ਾਇਦੇਮੰਦ ਹੋਵੇਗੀ। ਐਲੋਵੇਰਾ 'ਚ ਕਈ ਐਂਟੀ-ਬੈਕਟੀਰੀਅਲ ਅਤੇ ਐਂਟੀਔਕਸੀਡੈਂਟ ਪਾਏ ਜਾਂਦੇ ਹਨ, ਜੋ ਕਬਜ਼ ਨੂੰ ਦੂਰ ਕਰਦੇ ਹਨ। ਰੋਜ਼ਾਨਾ ਸਵੇਰੇ ਖਾਲੀ ਪੇਟ ਜੂਸ ਪੀਣ ਨਾਲ ਤੁਹਾਡਾ ਪੇਟ ਸਾਫ਼ ਰਹੇਗਾ ਅਤੇ ਤੁਹਾਡੀ ਕਬਜ਼ ਦੀ ਸਮੱਸਿਆ ਵੀ ਦੂਰ ਹੋ ਜਾਵੇਗੀ।

ਸਿਰਦਰਦ ਤੋਂ ਦੇਵੇ ਛੁਟਕਾਰਾ

ਐਲੋਵੇਰਾ ਸਿਰ ਦਰਦ ਤੋਂ ਛੁਟਕਾਰਾ ਦਿਵਾਉਣ 'ਚ ਕਾਫ਼ੀ ਲਾਹੇਵੰਦ ਹੁੰਦੀ ਹੈ। ਜੇ ਤੁਹਾਨੂੰ ਅਕਸਰ ਸਿਰਦਰਦ ਦੀ ਸ਼ਿਕਾਇਤ ਰਹਿੰਦੀ ਹੈ ਤਾਂ ਰੋਜ਼ਾਨਾ ਐਲੋਵੇਰਾ ਦਾ ਜੂਸ ਖਾਲੀ ਪੇਟ ਪੀਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਤੁਹਾਨੂੰ ਸਿਰਦਰਦ ਤੋਂ ਛੁਟਕਾਰਾ ਮਿਲੇਗਾ।



ਦੰਦਾਂ ਨਾਲ ਸੰਬੰਧੀ ਸਮੱਸਿਆ

ਐਲੋਵੇਰਾ 'ਚ ਐਂਟੀ-ਮਾਈਕ੍ਰੋਲਾਈਲ ਮੌਜੂਦ ਹੁੰਦੇ ਹਨ, ਜੋ ਤੁਹਾਡੇ ਦੰਦਾਂ ਨੂੰ ਸਾਫ਼ ਰੱਖਣ 'ਚ ਮਦਦ ਕਰਦੇ ਹਨ। ਇਸ ਦੇ ਨਾਲ ਹੀ ਇਹ ਦੰਦਾਂ 'ਚ ਹੋਣ ਵਾਲੇ ਬੈਕਟੀਰੀਅਲ ਇਨਫ਼ੈਕਸ਼ਨ ਨੂੰ ਵੀ ਤੁਹਾਨੂੰ ਦੂਰ ਰੱਖਦੇ ਹਨ।

ਸਰੀਰ ਦੇ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਣ 'ਚ ਮਦਦਗਾਰ

ਸਹੀ ਖਾਣ-ਪੀਣ ਨਾ ਹੋਣ ਕਾਰਨ ਸਾਡੇ ਸਰੀਰ 'ਚ ਕਈ ਜ਼ਹਿਰੀਲੇ ਤੱਤ ਪੈਦਾ ਹੋ ਜਾਂਦੇ ਹਨ। ਜਿਸ ਵਜ੍ਹਾ ਨਾਲ ਸਾਨੂੰ ਬਹੁਤ ਸਾਰੀਆਂ ਪੇਟ ਅਤੇ ਸਕਿਨ ਸੰਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਐਲੋਵੇਰਾ ਸਰੀਰ ਦੀ ਡਿਟਾਕਸੀਫ਼ਿਕੇਸ਼ਨ ਦੀ ਪ੍ਰਕਿਰਿਆ ਦੇ ਜ਼ਰੀਏ ਸਰੀਰ 'ਚੋਂ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢਣ 'ਚ ਮਦਦ ਕਰਦਾ ਹੈ।

ਭੁੱਖ ਨਾ ਲੱਗਣ ਦੀ ਸਮੱਸਿਆ

ਐਲੋਵੇਰਾ ਭੁੱਖ ਵਧਾਉਣ 'ਚ ਵੀ ਲਾਹੇਵੰਦ ਹੁੰਦੀ ਹੈ। ਜੇ ਤੁਹਾਨੂੰ ਭੁੱਖ ਨਹੀਂ ਲੱਗਦੀ ਤਾਂ ਰੋਜ਼ਾਨਾ ਐਲੋਵੇਰਾ ਦਾ ਜੂਸ ਪੀਣਾ ਚਾਹੀਦਾ ਹੈ। ਇਹ ਤੁਹਾਡੇ ਲਈ ਰਾਮਬਾਣ ਦੀ ਤਰ੍ਹਾਂ ਹੈ। ਇਸ ਦੀ ਵਰਤੋਂ ਨਾਲ ਤੁਹਾਡੀ ਭੁੱਖ ਨਾ ਲੱਗਣ ਦੀ ਸਮੱਸਿਆ ਦੂਰ ਹੋ ਜਾਵੇਗੀ।

## ਬਦਹਜ਼ਮੀ ਨੂੰ ਦੂਰ ਕਰਨਗੇ ਇਹ 7 ਘਰੇਲੂ ਨੁਸਖੇ



ਖਾਣੇ ਦੇ ਸ਼ੌਕੀਨ ਲੋਕ ਕਈ ਵਾਰ ਲੋੜ ਤੋਂ ਜ਼ਿਆਦਾ ਖਾਣਾ ਖਾ ਲੈਂਦੇ ਹਨ ਜਿਸ ਦਾ ਨਤੀਜਾ ਉਨ੍ਹਾਂ ਨੂੰ ਬਦਹਜ਼ਮੀ ਦੇ ਰੂਪ 'ਚ ਭੁਗਤਨਾ ਪੈਂਦਾ ਹੈ। ਖਾਣਾ ਨਾ ਪਚਨਾ, ਅਪਚ ਹੋ ਜਾਂਦਾ ਜਾਂ ਪੇਟ 'ਚ ਲਗਾਤਾਰ ਗੈਸ ਬਣਦੇ ਰਹਿਣ ਨੂੰ ਬਦਹਜ਼ਮੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਜਿਸ ਵਜ੍ਹਾ ਨਾਲ ਖੱਟੇ ਡਕਾਰ ਅਤੇ ਪੇਟ 'ਚ ਜਲਨ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਪ੍ਰੇਸ਼ਾਨੀ ਤੋਂ ਬਚਣ ਲਈ ਤੁਸੀਂ ਘਰ 'ਚ ਕਈ ਤਰ੍ਹਾਂ ਦੇ ਉਪਾਅ ਕਰ ਸਕਦੇ ਹੋ। ਤਾਂ ਚੱਲੋ ਜਾਣਦੇ ਹਾਂ ਬਦਹਜ਼ਮੀ ਦੂਰ ਕਰਨ ਦੇ ਘਰੇਲੂ ਤਰੀਕਿਆਂ ਦੇ ਬਾਰੇ 'ਚ...

ਨਿੰਬੂ

ਇੱਕ ਨਿੰਬੂ ਲਓ, ਉਸ ਨੂੰ ਵਿਚਕਾਰੋਂ ਕੱਟ ਕੇ ਕਾਲੇ ਨਮਕ ਅਤੇ ਕਾਲੀ ਮਿਰਚ ਦੇ ਨਾਲ ਭਰ ਦਿਓ। ਹੁਣ ਨਿੰਬੂ ਨੂੰ ਤਵੇ 'ਤੇ ਰੱਖ ਕੇ 2 ਤੋਂ 3 ਮਿੰਟ ਤੱਕ ਚੰਗੀ ਤਰ੍ਹਾਂ ਨਾਲ ਭੁੰਨੋ। ਭੁੰਨਣ ਦੇ ਬਾਅਦ ਇਸ ਦੇ ਰਸ ਨੂੰ ਨਿਚੋੜ ਕੇ ਖਾਣੇ ਦੇ ਬਾਅਦ ਅੱਧਾ ਗਿਲਾਸ ਪਾਣੀ 'ਚ ਮਿਲਾ ਕੇ ਪਿਓ। ਖਾਣੇ ਦੇ ਬਾਅਦ ਗੈਸ, ਭਾਰਾਪਣ ਅਤੇ ਅਪਚ ਵਰਗੀਆਂ ਸਮੱਸਿਆਵਾਂ ਤੋਂ ਕਾਫ਼ੀ ਰਾਹਤ ਮਿਲੇਗੀ।

ਅਜ਼ਵਾਈਨ

ਬਦਹਜ਼ਮੀ ਦੂਰ ਕਰਨ ਦਾ ਸਭ ਤੋਂ ਆਸਾਨ ਤਾਰੀਕਾ, 1 ਟੀ-ਸਪੂਨ ਅਜ਼ਵਾਈਨ 'ਚ ਇੱਕ ਚੁਟਕੀ ਕਾਲਾ ਨਮਕ ਪਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਲਓ। ਹੁਣ ਇਸ ਨੂੰ ਸਵੇਰ-ਸ਼ਾਮ ਕੋਸੇ ਪਾਣੀ ਨਾਲ ਖਾਓ। ਅਜਿਹਾ ਰੋਜ਼ਾਨਾ ਕਰਨ ਨਾਲ ਤੁਹਾਡਾ ਪੇਟ ਵੀ ਸਿਹਤਮੰਦ ਰਹੇਗਾ ਅਤੇ ਤੁਹਾਨੂੰ ਬਦਹਜ਼ਮੀ ਦੀ ਸਮੱਸਿਆ 'ਤੋਂ ਆਰਾਮ ਮਿਲੇਗਾ।

ਲੌਂਗ

ਪੰਜ ਲੌਂਗ ਅਤੇ ਦਸ ਗ੍ਰਾਮ ਮਿਸ਼ਰੀ ਨੂੰ ਚੰਗੀ ਤਰ੍ਹਾਂ ਪੀਸ ਲਓ। ਹੁਣ ਇਸ ਮਿਸ਼ਰਨ ਨੂੰ ਇੱਕ ਗਿਲਾਸ ਹਲਕੇ ਕੋਸੇ ਪਾਣੀ ਦੇ ਨਾਲ ਰੋਜ਼ਾਨਾ ਖਾਓ। ਰੋਜ਼ ਇਸ ਦੀ ਵਰਤੋਂ ਨਾਲ ਤੁਹਾਡੀ ਬਦਹਜ਼ਮੀ ਦੀ ਸਮੱਸਿਆ ਦੂਰ ਹੋ ਜਾਵੇਗੀ।

ਪੱਕਾ ਪਪੀਤਾ

ਨਾਸ਼ਤੇ 'ਚ ਪੱਕਾ ਪਪੀਤਾ ਖਾਣ ਨਾਲ ਬਦਹਜ਼ਮੀ ਦੀ ਸਮੱਸਿਆ ਦੂਰ ਹੁੰਦੀ ਹੈ। ਦਰਅਸਲ ਪਪੀਤਾ ਅੰਤੜੀਆਂ ਦੀ ਵਧੀਆ ਸਫ਼ਾਈ ਕਰਦਾ ਹੈ ਅਤੇ ਇਹ ਬਦਹਜ਼ਮੀ ਦੇ ਲਈ ਚੰਗਾ ਮੰਨਿਆ ਜਾਂਦਾ ਹੈ।

ਲੱਸੀ

ਇੱਕ ਗਲਾਸ ਲੱਸੀ 'ਚ ਇੱਕ ਚੁਟਕੀ ਕਾਲਾ ਨਮਕ ਅਤੇ ਥੋੜ੍ਹੀ ਜਿਹੀ ਅਜ਼ਵਾਈਨ ਮਿਲਾ ਕੇ ਰੋਜ਼ਾਨਾ ਖਾਣੇ ਨਾਲ ਇਸ ਦੀ ਵਰਤੋਂ ਕਰੋਂ। ਅਜਿਹਾ ਕਰਨ ਨਾਲ ਤੁਹਾਡੇ ਸਰੀਰ 'ਚ ਠੰਡਕ ਵੀ ਰਹੇਗੀ ਅਤੇ ਤੁਹਾਡੀ ਬਦਹਜ਼ਮੀ ਦੀ ਸਮੱਸਿਆ ਵੀ ਦੂਰ ਹੋਵੇਗੀ।

ਅਦਰਕ ਅਤੇ ਸੇਂਧਾ ਨਮਕ

ਜੇਕਰ ਖਾਣੇ ਦਾ ਬਾਅਦ ਭਾਰੀਪਨ ਮਹਿਸੂਸ ਹੁੰਦਾ ਹੈ ਤਾਂ ਇੱਕ ਇੰਚ ਅਦਰਕ ਦੇ ਟੁੱਕੜੇ 'ਚ ਇੱਕ ਚੁਟਕੀ ਕਾਲਾ ਨਮਕ ਮਿਲਾ ਕੇ ਪੇਸਟ ਤਿਆਰ ਕਰ ਲਓ। ਇਸ ਪੇਸਟ ਨੂੰ ਦੁਪਿਹਰ ਦੇ ਖਾਣੇ 'ਚ ਹਲਕੇ ਕੋਸੇ ਪਾਣੀ ਨਾਲ ਖਾਓ।

ਪਾਣੀ ਪੀਣ ਦਾ ਸਹੀ ਤਰੀਕਾ

ਖੜ੍ਹੇ ਹੋ ਕੇ ਪਾਣੀ ਪੀਣਾ ਜਾਂ ਫ਼ਿਰ ਗਟਾਗਟ ਪਾਣੀ ਪੀ ਲੈਣ ਨਾਲ ਵੀ ਬਦਹਜ਼ਮੀ ਹੁੰਦੀ ਹੈ। ਪਾਣੀ ਹਮੇਸ਼ਾ ਬੈਠ ਕੇ ਆਰਾਮ-ਆਰਾਮ ਨਾਲ ਪੀਓ। ਪੇਟ ਨਾਲ ਜੁੜੀਆਂ ਤਮਾਮ ਪ੍ਰੇਸ਼ਾਨੀਆਂ ਤੋਂ ਬਚਣ ਲਈ ਸਵੇਰੇ-ਸਵੇਰੇ ਕੋਸਾ ਪਾਣੀ ਨਾ ਭੁੱਲੋ।

## ਹੈਲਦੀ ਰਹਿਣਾ ਚਾਹੁੰਦੇ ਹੋ ਤਾਂ ਰਸੋਈ 'ਚੋਂ ਦੂਰ ਕਰੋ ਇਹ 3 ਟੇਸਟੀ ਚੀਜ਼ਾਂ

ਅਸੀਂ ਖਾਣਾ ਇਸ ਲਈ ਖਾਂਦੇ ਹਾਂ ਤਾਂ ਜੋ ਸਾਨੂੰ ਜ਼ਰੂਰੀ ਤੱਤ ਅਤੇ ਊਰਜਾ ਮਿਲ ਸਕੇ ਪਰ ਸਾਡੀ ਰਸੋਈ 'ਚ ਮੌਜੂਦ ਕੁਝ ਖਾਣ ਵਾਲੇ ਪਦਾਰਥ ਅਜਿਹੇ ਵੀ ਹਨ ਜੋ ਸਿਹਤ ਨੂੰ ਲਾਭ ਨਹੀਂ ਸਗੋਂ ਨੁਕਸਾਨ ਪਹੁੰਚਾਉਂਦੇ ਹਨ। ਇਸ 'ਚ ਚੀਨੀ, ਨਕਮ, ਮੈਦਾ ਵਰਗੀਆਂ ਚੀਜ਼ਾਂ ਸ਼ਾਮਲ ਹਨ, ਕਈ ਹੈਲਥ ਵਿਸ਼ੇਸ਼ਕ ਤਾਂ ਇਨ੍ਹਾਂ ਖਾਣ ਵਾਲੀਆਂ ਚੀਜ਼ਾਂ ਨੂੰ ਰ੍ਹੀਜਵਕ੍ਰ ਰਜਤਰਅ ਦਾ ਨਾਂ ਵੀ ਦਿੰਦੇ ਹਨ।



ਚੀਨੀ, ਨਮਕ, ਮੈਦਾ ਅਤੇ ਸਫ਼ੇਦ ਚੌਲ ਕੁਝ ਅਜਿਹੇ ਹੀ ਖਾਧ ਪਦਾਰਥ ਹਨ ਜਿਨ੍ਹਾਂ 'ਚ ਪੋਸ਼ਕਤਾ ਬਿਲਕੁੱਲ ਨਹੀਂ ਹੁੰਦੀ ਹੈ। ਇਨ੍ਹਾਂ ਨੂੰ ਖਾਣੇ ਨਾਲ ਕਾਫ਼ੀ ਨੁਕਸਾਨ ਹੁੰਦਾ ਹੈ। ਹਾਂ, ਥੋੜ੍ਹੀ ਮਾਤਰਾ 'ਚ ਇਨ੍ਹਾਂ ਦੀ ਵਰਤੋਂ ਸਾਡੇ ਲਈ ਜ਼ਰੂਰੀ ਹੈ ਪਰ ਜ਼ਿਆਦਾ ਮਾਤਰਾ 'ਚ ਇਨ੍ਹਾਂ ਸਭ ਚੀਜ਼ਾਂ ਦੀ ਵਰਤੋਂ ਸਿਹਤ ਨੂੰ ਕਈ ਤਰ੍ਹਾਂ ਨਾਲ ਨੁਕਸਾਨ ਪਹੁੰਚਾਉਂਦਾ ਹੈ।

ਸਫ਼ੇਦ ਚੀਨੀ

ਸਫ਼ੇਦ ਚੀਨੀ ਨੂੰ ਰਿਫ਼ਾਇੰਡ ਸ਼ੂਗਰ ਵੀ ਕਿਹਾ ਜਾਂਦਾ ਹੈ। ਇਸ ਨੂੰ ਰਿਫ਼ਾਈਨ ਕਰਨ ਲਈ ਸਲਫ਼ਰ ਹਾਈ ਆਕਸਾਈਡ, ਫ਼ਾਸਫ਼ੋਰਿਕ ਐਸਿਡ, ਕੈਲਸ਼ੀਅਮ ਹਾਈਡ੍ਰੋਕਸਾਈਡ ਅਤੇ ਐਕਟਿਵੇਟਿਡ ਕਾਰਬਨ ਦੀ ਵਰਤੋਂ ਕੀਤੀ ਜਾਂਦੀ ਹੈ। ਰਿਫ਼ਾਈਨਿੰਗ ਦੇ ਬਾਅਦ ਇਸ 'ਚ ਮੌਜੂਦ ਵਿਟਾਮਿਨਸ, ਮਿਨਰਲਸ, ਪ੍ਰੋਟੀਨ, ਐਂਜ਼ਾਈਮਸ ਅਤੇ ਦੂਜੇ ਲਾਭਦਾਇਕ ਪੋਸ਼ਕ ਤੱਤ ਨਸ਼ਟ ਹੋ ਜਾਂਦੇ ਹਨ, ਸਿਰਫ਼ ਸੁਕਰੋਜ਼ ਹੀ ਬਚਦਾ ਹੈ ਅਤੇ ਸੁਕਰੋਜ਼ ਦੀ ਜ਼ਿਆਦਾ ਮਾਤਰਾ ਸਰੀਰ ਲਈ ਘਾਤਕ ਹੁੰਦੀ ਹੈ।

ਸਿਹਤ ਦੀਆਂ ਸਮੱਸਿਆਵਾਂ

ਚੀਨੀ ਦੀ ਜ਼ਿਆਦਾ ਵਰਤੋਂ ਨਾਲ ਕੋਲੇਸਟ੍ਰਾਲ, ਇੰਸੁਲਿਨ ਰੇਜ਼ੀਸਟੇਂਸ ਅਤੇ ਉੱਚ ਬਲੱਡ ਪ੍ਰੈਸ਼ਰ ਵਰਗੀਆਂ ਪ੍ਰੇਸ਼ਾਨੀਆਂ ਹੋ ਜਾਂਦੀਆਂ ਹਨ। ਚੀਨੀ ਦੀ ਜ਼ਿਆਦਾ ਵਰਤੋਂ ਨਾਲ ਪੇਟ 'ਤੇ ਵਸਾ ਦੀਆਂ ਪਰਤਾਂ ਜਮ੍ਹਾ ਹੋ ਜਾਂਦੀਆਂ ਹਨ। ਇਸ ਦੇ ਕਾਰਨ ਮੋਟਾਪਾ, ਦੰਦਾਂ ਦੀ ਜਲਨ, ਸ਼ੂਗਰ ਅਤੇ ਖਰਾਬ ਇਮਊਨ ਸਿਸਟਮ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਵਿਅਕਤੀ ਨੂੰ ਕਰਨਾ ਪੈਂਦਾ ਹੈ।

ਨਮਕ

ਖਾਣੇ 'ਚ ਜੇਕਰ ਨਮਕ ਦੀ ਮਾਤਰਾ ਜ਼ਿਆਦਾ ਹੋ ਜਾਵੇ ਤਾਂ ਖਾਣੇ ਦਾ ਪੂਰਾ ਸੁਆਦ ਖਰਾਬ ਹੋ ਜਾਂਦਾ ਹੈ। ਉਸ ਤਰ੍ਹਾਂ ਜੇਕਰ ਸ਼ੂਗਰ 'ਚ ਜ਼ਿਆਦਾ ਮਾਤਰਾ 'ਚ ਨਮਕ ਜਾਣ ਲੱਗ ਜਾਵੇ ਤਾਂ ਇਹ ਸਿਹਤ ਨੂੰ ਕਈ ਤਰ੍ਹਾਂ ਨਾਲ ਨੁਕਸਾਨ ਪਹੁੰਚਾ ਸਕਦਾ ਹੈ।

ਸਿਹਤ ਸੰਬੰਧੀ ਸਮੱਸਿਆਵਾਂ

ਨਮਕ ਦੀ ਜ਼ਿਆਦਾ ਵਰਤੋਂ ਦਿਲ ਦੀਆਂ ਬੀਮਾਰੀਆਂ ਦੇ ਖਤਰੇ ਨੂੰ ਵਧਾ ਦਿੰਦਾ ਹੈ। ਵਿਸ਼ੇਸ਼ਕਾਂ ਦੀ ਮੰਨੀਏ ਤਾਂ ਜ਼ਿਆਦਾ ਨਮਕ ਹਾਈ ਬੀ ਪੀ ਦਾ ਕਾਰਨ ਵੀ ਬਣਦਾ ਹੈ। ਸ਼ਰੀਰ 'ਚ ਜ਼ਿਆਦਾ ਨਮਕ ਦੀ ਮਾਤਰਾ ਨਾਲ ਡਿਹਾਈਡ੍ਰੇਸ਼ਨ ਦੀ ਸਮੱਸਿਆ ਹੋ ਸਕਦੀ ਹੈ। ਅਜਿਹੇ 'ਚ ਇਨ੍ਹਾਂ ਸਭ ਪ੍ਰੇਸ਼ਾਨੀਆਂ ਤੋਂ ਬਚਣ ਲਈ ਜਿੰਨਾ ਹੋ ਸਕੇ ਓਨੀ ਘਟ ਮਾਤਰਾ 'ਚ ਨਮਕ ਦੀ ਵਰਤੋਂ ਕਰੋ।

ਮੈਦਾ

ਮੈਦਾ ਕਣਕ ਨਾਲ ਬਣਦਾ ਹੈ। ਇੱਕ ਪਾਸੇ ਜਿਥੇ ਕਣਕ ਨੂੰ ਸਿਹਤ ਲਈ ਚੰਗਾ ਮੰਨਿਆ ਜਾਂਦਾ ਹੈ, ਉੱਧਰ ਮੈਦੇ ਨੂੰ ਖਤਰਨਾਕ। ਉਸ ਦੀ ਸਭ ਤੋਂ ਵੱਡੀ ਵਜ੍ਹਾ ਇਹ ਹੈ ਕਿ ਮੈਦਾ ਬਣਾਉਂਦੇ ਸਮੇਂ ਕਣਕ ਦੇ ਉੱਪਰ ਛਿਲਕੇ ਨੂੰ ਪੂਰੀ ਤਰ੍ਹਾਂ ਨਾਲ ਹਟਾ ਦਿੱਤਾ ਜਾਂਦਾ ਹੈ। ਜਿਸ ਨਾਲ ਇਸ ਦਾ ਫ਼ਾਈਬਰ ਪੂਰੀ ਤਰ੍ਹਾਂ ਨਾਲ ਨਿਕਲ ਜਾਂਦਾ ਹੈ। ਫ਼ਾਈਬਰ ਮੁਕਤ ਹੋਣ ਦੀ ਵਜ੍ਹਾ ਨਾਲ ਮੈਦੇ ਦੀ ਵਰਤੋਂ ਕਬਜ਼ ਦੀ ਪ੍ਰੇਸ਼ਾਨੀ ਦਾ ਕਾਰਨ ਬਣਦਾ ਹੈ।

## ਰਾਤ ਨੂੰ ਸੌਣ ਤੋਂ ਪਹਿਲਾਂ ਪੀਓ ਪਿਆਜ਼ ਦੀ ਚਾਹ

ਹੁਣ ਤੱਕ ਤੁਸੀਂ ਕਾਲੀ ਚਾਹ, ਨਿੰਬੂ ਦੀ ਚਾਹ, ਗ੍ਰੀਨ ਟੀ ਆਦਿ ਕਈ ਚਾਹਾਂ ਪੀਤੀਆਂ ਹੋਣਗੀਆਂ ਪਰ ਕੀ ਤੁਸੀਂ ਕਦੇ ਪਿਆਜ਼ ਦੀ ਚਾਹ ਪੀਤੀ ਹੈ? ਜੇਕਰ ਨਹੀਂ ਤਾਂ ਇੱਕ ਵਾਰ ਜ਼ਰੂਰ ਪੀ ਕੇ ਦੇਖੋ। ਵਿਟਾਮਿਨਸ ਅਤੇ ਪੋਸ਼ਟਿਕ ਤੱਤਾਂ ਨਾਲ ਭਰਪੂਰ ਪਿਆਜ਼ ਦੀ ਚਾਹ ਸਿਹਤ ਨੂੰ ਕਈ ਤਰ੍ਹਾਂ ਦੇ ਫ਼ਾਇਦੇ ਪਹੁੰਚਾਉਣ 'ਚ ਸਹਾਇਕ ਹੁੰਦੀ ਹੈ। ਇਸ ਚਾਹ 'ਚ ਵਿਟਾਮਿਨ-3, ਫ਼ਾਈਟੋਕੈਮੀਕਲਸ ਭਰਪੂਰ ਮਾਤਰਾ ਵਿੱਚ ਪਾਇਆ ਜਾਂਦਾ ਹੈ, ਜੋ ਸਾਡੇ ਸਰੀਰ ਨੂੰ ਕਈ ਰੋਗਾਂ ਨਾਲ ਲੜਣ ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਇਸ ਚਾਹ ਨੂੰ ਪੀਣ ਨਾਲ ਕਈ ਬੀਮਾਰੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਥੇ ਦੱਸ ਦੇਈਏ ਕਿ ਚਾਹ ਬਣਾਉਣ ਲਈ ਤੁਸੀਂ ਸਿਰਫ਼ ਬੈਂਗਨੀ ਰੰਗ ਪਿਆਜ਼ ਦੀ ਹੀ ਵਰਤੋਂ ਕਰ ਸਕਦੇ ਹੋ। ਵ੍ਹਾਈਟ ਰੰਗ ਦੇ ਪਿਆਜ਼ ਜ਼ਿਆਦਾ ਗੁਣਕਾਰੀ ਨਹੀਂ ਹੁੰਦੇ ਹਨ। ਅੱਜ ਅਸੀਂ ਤੁਹਾਨੂੰ ਪਿਆਜ਼ ਦੀ ਚਾਹ ਪੀਣ ਨਾਲ ਹੋਣ ਵਾਲੇ ਫ਼ਾਇਦਿਆਂ ਬਾਰੇ ਹੀ ਦੱਸਣ ਜਾ ਰਹੇ ਹਾਂ। ਆਓ ਜਾਣਦੇ ਹਾਂ ਪਿਆਜ਼ ਦੀ ਚਾਹ ਦੇ ਫ਼ਾਇਦਿਆਂ ਸਮੇਤ ਬਣਾਉਣ ਦੇ ਤਰੀਕੇ ਬਾਰੇ।

ਪਿਆਜ਼ ਦੀ ਚਾਹ ਪੀਣ ਦੇ ਫ਼ਾਇਦੇ

ਸ਼ੂਗਰ ਤੋਂ ਦਿਵਾਉਂਦੀ ਹੈ ਛੁਟਕਾਰਾ

ਅੱਜ ਦੇ ਸਮੇਂ 'ਚ ਸ਼ੂਗਰ ਦੀ ਬੀਮਾਰੀ ਹੋਣਾ ਇਕ ਆਮ ਗੱਲ ਹੋ ਗਈ ਹੈ। ਹਰ-ਘਰ 'ਚ ਕੋਈ ਨਾ ਕੋਈ ਇਸ ਬੀਮਾਰੀ ਤੋਂ ਪਰੇਸ਼ਾਨ ਰਹਿੰਦਾ ਹੈ। ਇਸ ਬੀਮਾਰੀ ਤੋਂ ਛੁਟਕਾਰਾ ਪਾਉਣ ਦੇ ਲਈ ਤੁਸੀਂ ਪਿਆਜ਼ ਦੀ ਚਾਹ ਪੀ ਸਕਦੇ ਹੋ। ਪਿਆਜ ਦੀ ਚਾਹ 'ਚ ਮੌਜੂਦ ਵਿਟਾਮਿਨ ਡੇਡਿਕਲਸ ਨੂੰ ਖਤਮ ਕਰਕੇ ਸਾਨੂੰ ਸ਼ੂਗਰ ਤੋਂ ਛੁਟਕਾਰਾ ਦਿਲਾਉਣ ਵਿੱਚ ਮਦਦ ਕਰਦੇ ਹਨ।

ਦਰਦ ਅਤੇ ਸੋਜ ਤੋਂ ਦੇਵੇ ਛੁਟਕਾਰਾ

ਕਿਸੇ ਵੀ ਤਰ੍ਹਾਂ ਦੀ ਸੱਟ ਲੱਗਣ 'ਤੇ ਪਿਆਜ਼ ਦੀ ਚਾਹ ਬੇਹੱਦ ਫ਼ਾਇਦੇਮੰਦ ਹੁੰਦੀ ਹੈ। ਸੱਟ ਲੱਗਣ ਦੇ ਕਾਰਨ ਕਈ ਵਾਰ ਦਰਦ ਹੋਣ ਦੇ ਨਾਲ-ਨਾਲ ਸੋਜ ਵੀ ਆ ਜਾਂਦੀ ਹੈ। ਅਜਿਹੀ ਸਮੱਸਿਆ ਤੋਂ ਛੁਟਕਾਰਾ ਪਾਉਣ ਦੇ ਲਈ ਪਿਆਜ਼ ਦੀ ਚਾਹ ਪੀਣੀ ਚਾਹੀਦੀ ਹੈ। ਪਿਆਜ਼ 'ਚ ਐਂਟੀ-ਇਫ਼ਲੇਮੇਟਰੀ ਗੁਣ ਪਾਇਆ ਜਾਂਦਾ ਹੈ ਜੋ ਸਰੀਰ ਦੇ ਅੰਗਾਂ 'ਚ ਆਈ ਸੋਜ ਅਤੇ ਦਰਦ ਤੋਂ ਰਾਹਤ ਪ੍ਰਦਾਨ ਕਰਦੇ ਹਨ।

ਇੰਝ ਬਣਾਓ ਪਿਆਜ਼ ਦੀ ਚਾਹ

ਸਭ ਤੋਂ ਪਹਿਲਾਂ ਬੈਂਗਨੀ ਰੰਗ ਦੇ ਪਿਆਜ਼ ਨੂੰ ਛੋਟੇ-ਛੋਟੇ ਟੁਕੜਿਆਂ 'ਚ ਕੱਟ ਲਵੋ। ਉਸ ਤੋਂ ਬਾਅਦ ਭਾਂਡੇ 'ਚ ਥੋੜ੍ਹਾ ਪਾਣੀ ਗਰਮ ਕਰੋ।

ਪਾਣੀ ਗਰਮ ਹੋ ਜਾਣ ਦੇ ਬਾਅਦ ਉਸ 'ਚ ਕੱਟੇ ਪਿਆਜ ਪਾ ਦਿਓ। ਉਸ ਤੋਂ ਬਾਅਦ ਉਸ 'ਚ ਨਿੰਬੂ ਦਾ ਰਸ ਅਤੇ ਗ੍ਰੀਨ ਟੀ ਮਿਲਾਓ। ਹੁਣ ਇਸ ਨੂੰ ਛਾਣ ਲਵੋ ਅਤੇ ਆਪਣੇ ਸਵਾਦ ਦੇ ਅਨੁਸਾਰ ਉਸ 'ਚ ਸ਼ਹਿਦ ਮਿਲਾ ਲਵੋ। ਇਸ ਤੋਂ ਬਾਅਦ ਪਿਆਜ਼ ਦੀ ਚਾਹ ਦਾ ਸੇਵਨ ਕਰ ਸਕਦੇ ਹੋ।।



## ਸਾਵਧਾਨ !

### ਐਂਟੀਬਾਇਓਟਿਕਸ ਨਾਲ ਵਧ ਸਕਦੈ ਰੈਕਟਲ ਕੈਂਸਰ ਦਾ ਖਤਰਾ

ਲੰਡਨ— ਸਰਦੀ-ਖਾਂਸੀ, ਬੁਖਾਰ ਜਾਂ ਫ਼ਿਰ ਕਿਸੇ ਛੋਟੀ-ਮੋਟੀ ਬੀਮਾਰੀਆਂ ਲਈ ਵੀ ਜੇਕਰ ਤੁਸੀਂ ਐਲੋਪੈਥਿਕ ਡਾਕਟਰ ਕੋਲ ਜਾਂਦੇ ਹਨ ਤਾਂ ਡਾਕਟਰ ਸਭ ਤੋਂ ਪਹਿਲਾਂ 3 ਜਾਂ 5 ਦਿਨ ਦੀ ਐਂਟੀਬਾਇਓਟਿਕਸ ਦਵਾਈ ਦਾ ਕੋਰਸ ਲਿਖ ਦਿੰਦੇ ਹਨ ਤਾਂ ਕਿ ਮਰੀਜ ਜਲਦੀ ਠੀਕ ਹੋ ਜਾਏ। ਕਈ ਵਾਰ ਤਾਂ ਬਿਨਾਂ ਡਾਕਟਰ ਤੋਂ ਪੁੱਛੇ ਵੀ ਬਹੁਤ ਸਾਰੇ ਲੋਕ ਬੀਮਾਰ ਹੋਣ 'ਤੇ ਐਂਟੀਬਾਇਓਟਿਕ ਖਾ ਲੈਂਦੇ ਹਨ ਜੇਕਰ ਤੁਸੀਂ ਵੀ ਅਜਿਹਾ ਕਰਦੇ ਹਨ ਤਾਂ ਸਾਵਧਾਨ ਹੋ ਜਾਓ ਕਿਉਂਕਿ ਇਸ ਨਾਲ ਕੋਲੋਨ ਅਤੇ ਰੈਕਟਲ ਕੈਂਸਰ ਦਾ ਖਤਰਾ ਵਧ ਜਾਂਦਾ ਹੈ। ਇੱਕ ਨਵੀਂ ਸਟੱਡੀ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਸਿੰਗਲ ਕੋਰਸ ਐਂਟੀਬਾਇਓਟਿਕ ਦੇ ਸੇਵਨ ਨਾਲ ਵੀ ਕੋਲੋਨ ਭਾਵ ਮਲ ਦਾ ਕੈਂਸਰ ਹੋਣ ਦਾ ਖਤਰਾ ਵਧ ਜਾਂਦਾ ਹੈ। ਗਟ ਨਾਂ ਦੇ ਜਨਰਲ 'ਚ ਪ੍ਰਕਾਸ਼ਿਤ ਇਸ ਸਟੱਡੀ 'ਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਕਿਵੇਂ ਐਂਟੀਬਾਇਓਟਿਕ ਦਵਾ ਦੀ ਇਸ ਕੈਟਾਗਿਰੀ ਦਾ ਸਮਝਦਾਰੀ ਨਾਲ ਵਰਤੋਂ ਕਰਨ ਦੀ ਲੋੜ ਹੈ ਕਿਉਂਕਿ ਡਾਕਟਰਜ਼ ਵੀ ਇਸ ਨੂੰ ਲੋੜ ਤੋਂ ਜ਼ਿਆਦਾ ਪ੍ਰੀਸਕ੍ਰਾਈਬ ਕਰ ਰਹੇ ਹਨ ਤੇ ਇਸ ਦਾ ਬਹੁਤ ਜ਼ਿਆਦਾ ਯੂਜ਼ ਹੋ ਰਿਹਾ ਹੈ।

ਸਾਈਡ ਇਫ਼ੈਕਟ ਦੀ ਵਜ੍ਹਾ ਕਰ ਕੇ ਕ੍ਰਾਨਿਕ ਬੀਮਾਰੀਆਂ ਦਾ ਖਤਰਾ : ਇਸ ਸਟੱਡੀ ਦੀ ਲੀਡ ਆਥਰ ਸਿੰਥਿਆ ਸਿਅਰਸ ਕਹਿੰਦੀ ਹੈ ਸਾਡੀ ਰਿਸਰਚ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਇਸ ਤਰ੍ਹਾਂ ਦੀਆਂ ਦਵਾਈਆਂ ਦਾ ਸਰੀਰ 'ਤੇ ਕਿੰਨਾ ਬੁਰਾ ਅਸਰ ਹੁੰਦਾ ਹੈ ਤੇ ਇਸ ਨਾਲ ਕਈ ਤਰ੍ਹਾਂ ਦੀ ਕ੍ਰਾਨਿਕ ਬੀਮਾਰੀਆਂ ਵੀ ਹੋ ਸਕਦੀ ਹੈ। ਸਟੱਡੀ 'ਚ ਯੂ. ਕੇ. ਦੇ 1 ਕਰੋੜ 10 ਲੱਖ ਮਰੀਜ਼ਾਂ ਦੇ ਡੇਟਾ ਦੀ ਜਾਂਚ ਕੀਤੀ ਗਈ ਜਿਸ 'ਚ ਜਨਵਰੀ 1989 ਤੋਂ ਦਸੰਬਰ 2012 ਭਾਵ 23 ਸਾਲ ਦੇ ਪੀਰੀਅਡ ਦੀ ਜਾਂਚ ਹੋਈ। ਇਸ 'ਚ ਲਗਭਗ 28 ਹਜ਼ਾਰ 890 ਮਰੀਜ਼ਾਂ ਨੂੰ ਕੋਲੋਰੈਕਟਲ ਕੈਂਸਰ ਦੀ ਗੱਲ ਸਾਹਮਣੇ ਆਈ।

ਐਂਟੀਬਾਇਓਟਿਕ ਐਕਸਪੋਜ਼ਰ ਨਾਲ ਮਲ ਕੈਂਸਰ ਦਾ ਖਤਰਾ : ਇਨ੍ਹਾਂ ਮੈਡੀਕਲ ਰਿਕਾਰਡਸ ਦੀ ਵਰਤੋਂ ਹਰ ਇੱਕ ਕੇਸ ਹਿਸਟਰੀ ਦੀ ਜਾਂਚ ਕਰਨ ਲਈ ਕੀਤਾ ਗਿਆ ਜਿਸ 'ਚ ਕੋਲੋਨ ਕੈਂਸਰ ਦੇ ਰਿਸਕ ਫ਼ੈਕਟਰਸ ਵਰਗੇ ਮੋਟਾਪੇ ਦਾ, ਸਿਗਰਟਨੋਸ਼ੀ, ਸ਼ਰਾਬ ਦਾ ਸੇਵਨ ਐਂਟੀਬਾਇਓਟਿਕ ਦੇ ਯੂਜ਼ 'ਤੇ ਵੀ ਧਿਆਨ ਦਿੱਤਾ ਗਿਆ। ਖੋਜੀਆਂ ਨੇ ਪਾਇਆ ਕਿ ਜਿਹੜੇ ਲੋਕਾਂ ਨੂੰ ਕੋਲੋਨ ਕੈਂਸਰ ਹੋਇਆ ਉਹ ਐਂਟੀਬਾਇਓਟਿਕਸ ਪ੍ਰਤੀ ਜ਼ਿਆਦਾ ਐਕਸਪੋਜ਼ਡ ਸਨ।

## ਗਠੀਏ ਦੇ ਦਰਦ ਤੋਂ ਹਮੇਸ਼ਾ ਲਈ ਛੁਟਕਾਰਾ ਦਿਵਾਉਣਗੇ ਇਹ ਘਰੇਲੂ ਨੁਸਖੇ

ਅੱਜਕਲ ਲੋਕ ਕਈ ਤਰ੍ਹਾਂ ਦੀਆਂ ਸਿਹਤ ਸਬੰਧੀ ਸਮੱਸਿਆਵਾਂ ਤੋਂ ਪ੍ਰੇਸ਼ਾਨ ਰਹਿੰਦੇ ਹਨ। ਉਨ੍ਹਾਂ 'ਚੋਂ ਇੱਕ ਹੈ ਗਠੀਏ ਦੀ ਸਮੱਸਿਆ। ਇਸ ਸਮੱਸਿਆ ਕਾਰਨ ਵਿਅਕਤੀ ਨੂੰ ਲੰਬੇ ਸਮੇਂ ਤੱਕ ਜੋੜਾਂ ਦਾ ਦਰਦ ਪ੍ਰੇਸ਼ਾਨ ਕਰਦਾ ਹੈ। ਇਸ ਸਮੱਸਿਆ ਦਾ ਸ਼ਿਕਾਰ ਜ਼ਿਆਦਾਤਰ ਬਜ਼ੁਰਗ ਬਣਦੇ ਹਨ ਕਿਉਂਕਿ ਵਧੀ ਉਮਰ 'ਚ ਅਕਸਰ ਲੋਕਾਂ ਨੂੰ ਗਠੀਏ ਦੀ ਸ਼ਿਕਾਇਤ ਹੋਣ ਲੱਗਦੀ ਹੈ। ਇਸ ਦੌਰਾਨ ਸਰੀਰ ਦੀਆਂ ਨਸਾਂ ਸੁੰਗੜਨ ਲੱਗਦੀਆਂ ਹਨ ਅਤੇ ਜੋੜਾਂ 'ਚ ਸੋਜ ਵੀ ਆ ਜਾਂਦੀ ਹੈ।

ਕਿਵੇਂ ਹੁੰਦਾ ਹੈ ਗਠੀਆ ?

ਗਠੀਏ ਹੋਣ ਪਿੱਛੇ ਸਭ ਤੋਂ ਵੱਡਾ ਕਾਰਨ ਸਰੀਰ 'ਚ ਯੂਰਿਕ ਐਸਿਡ ਦਾ ਵਿਗੜਨਾ ਹੈ। ਸਰੀਰ 'ਚ ਯੂਰਿਕ ਐਸਿਡ ਵਧਣ 'ਤੇ ਉਹ ਜੋੜਾਂ 'ਚ ਛੋਟੇ-ਛੋਟੇ ਕ੍ਰਿਸਟਲਾਂ ਦੇ ਰੂਪ 'ਚ ਜੰਮਣਾ ਸ਼ੁਰੂ ਹੋ ਜਾਂਦਾ ਹੈ, ਜਿਸ ਨਾਲ ਜੋੜਾਂ ਦੇ ਦਰਦ ਦੀ ਸਮੱਸਿਆ ਆਉਣੀ ਸ਼ੁਰੂ ਹੋ ਜਾਂਦੀ ਹੈ। ਇਸੇ ਕਾਰਨ ਜੋੜਾਂ 'ਚ ਦਰਦ 'ਤੇ ਸੋਜ ਹੁੰਦੀ ਹੈ।

ਗਠੀਏ ਨਾਲ ਹੀ ਚੱਲਣ-ਫ਼ਿਰਨ 'ਚ ਵੀ ਪ੍ਰੇਸ਼ਾਨੀ ਹੋਣ ਲੱਗਦੀ ਹੈ। ਇਸ ਸਮੱਸਿਆ ਤੋਂ ਰਾਹਤ ਪਾਉਣ ਲਈ ਲੋਕ ਕਈ ਤਰ੍ਹਾਂ ਦੀਆਂ ਦਵਾਈਆਂ ਦੀ ਵਰਤੋਂ ਕਰਦੇ ਹਨ ਪਰ ਫ਼ਿਰ ਵੀ ਕੋਈ ਫ਼ਾਇਦਾ ਨਹੀਂ ਹੁੰਦਾ। ਅਜਿਹੇ 'ਚ ਅੱਜ ਅਸੀਂ ਤੁਹਾਨੂੰ ਖਾਸ ਨੁਸਖੇ ਦੱਸਣ ਜਾ ਰਹੇ ਹਾਂ, ਜੋ ਹਮੇਸ਼ਾ ਲਈ ਇਸ ਰੋਗ ਤੋਂ ਛੁਟਕਾਰਾ ਦਿਵਾਉਣ ਦਾ ਕੰਮ ਕਰਨਗੇ। ਆਓ ਜਾਣਦੇ ਹਾਂ ਇਨ੍ਹਾਂ ਨੁਸਖਿਆਂ ਬਾਰੇ :-

1. ਪਪੀਤੇ ਦੀ ਚਾਹ ਗਠੀਏ ਰੋਗ 'ਚ ਬਹੁਤ ਹੀ ਲਾਭਕਾਰੀ ਹੁੰਦੀ ਹੈ। ਇਸ ਨੂੰ ਰੋਜ਼ਾਨਾ ਪੀਣ ਨਾਲ ਗਠੀਏ ਦੇ ਦਰਦ ਤੋਂ ਵੀ ਰਾਹਤ ਮਿਲਦੀ ਹੈ ਅਤੇ ਹੱਡੀਆਂ ਵੀ ਮਜ਼ਬੂਤ ਹੁੰਦੀਆਂ ਹਨ।
2. ਗਠੀਆ ਹੋਣ ਤੇ ਹਰ ਰੋਜ 4-5 ਲੌਂਗ ਦੀ ਵਰਤੋਂ ਕਰੋ, ਜਿਸ ਨਾਲ ਜੋੜਾ ਦੇ ਦਰਦ ਨੂੰ ਆਰਾਮ ਮਿਲੇਗਾ।



3. ਗਠੀਏ ਦੀ ਸਮੱਸਿਆ ਦੌਰਾਨ ਦਿਨ 'ਚ 10-12 ਚੈਰੀਆਂ ਖਾਣੀਆਂ ਚਾਹੀਦੀਆਂ ਹਨ। ਇਨ੍ਹਾਂ ਨਾਲ ਸਰੀਰ ਨੂੰ ਕਾਫ਼ੀ ਅਰਾਮ ਮਿਲਦਾ ਹੈ।
4. ਇੱਕ ਚਮਚ ਸ਼ਹਿਦ, 4 ਚਮਚ ਸੇਬ ਦਾ ਸਿਰਕਾ ਅਤੇ ਇੱਕ ਗਿਲਾਸ ਪਾਣੀ 'ਚ ਮਿਲਾ ਕੇ ਪੀ ਲਓ। ਇਸ ਤਰ੍ਹਾਂ ਕਰਨ ਨਾਲ ਸਾਨੂੰ ਗਠੀਏ ਦੇ ਦਰਦ ਤੋਂ ਆਰਾਮ ਮਿਲੇਗਾ।
5. ਵੱਧ ਤੋਂ ਵੱਧ ਅੰਗੂਰ ਦੀ ਵਰਤੋਂ ਕਰੋ। ਇਸ ਨਾਲ ਸਰੀਰ 'ਚ ਯੂਰਿਕ ਐਸਿਡ ਦਾ ਜ਼ਹਿਰੀਲਾਪਣ ਖਤਮ ਹੋ ਜਾਵੇਗਾ। ਅੰਗੂਰਾਂ 'ਚ ਵਿਟਾਮਿਨ ਵੀ ਹੁੰਦੇ ਹਨ, ਜੋ ਸਰੀਰ ਨੂੰ ਦਰਦ ਤੋਂ ਆਰਾਮ ਦਿੰਦੇ ਹਨ।
6. ਫ਼ਲੀਆ ਦਾ ਜੂਸ ਬਣਾ ਕੇ ਪੀ ਲਓ। ਤੁਸੀ ਚਾਹੋ ਤਾਂ ਇਸ ਦਾ ਸੂਪ ਵੀ ਬਣਾ ਕੇ ਪੀ ਸਕਦੇ ਹੋ। ਇਸ ਨਾਲ ਜਲਦ ਹੀ ਆਰਾਮ ਮਿਲ ਜਾਂਦਾ ਹੈ।
7. ਕੋਸੇ ਪਾਣੀ 'ਚ ਥੋੜਾ ਜਿਹਾ ਲੂਣ ਪਾ ਲਓ ਤੇ ਉਸ ਨਾਲ ਪੈਰਾਂ ਨੂੰ ਧੋ ਲਓ ਇਸ ਨਾਲ ਵੀ ਦਰਦ ਤੋਂ ਆਰਾਮ ਮਿਲ ਜਾਂਦਾ ਹੈ।

## 'ਗਲੋਅ' ਦੀ ਵਰਤੋਂ ਕਰਨ ਨਾਲ ਕਈ ਰੋਗਾਂ ਤੋਂ ਮਿਲਦਾ ਹੈ ਛੁਟਕਾਰਾ

ਗਲੋਅ ਇੱਕ ਆਯੁਰਵੇਦਿਕ ਬੂਟੀ ਹੈ, ਜੋ ਕਿ ਕਈ ਦਵਾਈਆਂ ਬਣਾਉਣ ਦੇ ਕੰਮ ਆਉਂਦੀ ਹੈ। ਗਲੋਅ 'ਚ ਕਈ ਤਰ੍ਹਾਂ ਦੇ ਔਸ਼ਧੀ ਗੁਣ ਪਾਏ ਜਾਂਦੇ ਹਨ। ਗਲੋਅ ਨੂੰ ਪਾਊਡਰ, ਜੂਸ ਜਾਂ ਕੈਪਸੂਲ ਕਿਸੇ ਵੀ ਰੂਪ 'ਚ ਲਿਆ ਜਾ ਸਕਦਾ ਹੈ ਪਰ ਇਸ ਨੂੰ ਪਾਊਡਰ 'ਚ ਲੈਣਾ ਜ਼ਿਆਦਾ ਲਾਭਕਾਰੀ ਹੈ। ਗਲੋਅ ਦੀ ਵਰਤੋਂ ਕਰਨ ਦੇ ਨਾਲ ਤੁਸੀਂ ਕਈ ਤਰ੍ਹਾਂ ਦੀਆਂ ਬੀਮਾਰੀਆਂ ਨੂੰ ਛੁਟਕਾਰਾ ਪਾ ਸਕਦੇ ਹੋ। ਅੱਜ ਅਸੀਂ ਤੁਹਾਨੂੰ ਗਲੋਅ ਨਾਲ ਹੋਣ ਵਾਲੇ ਫ਼ਾਇਦਿਆਂ ਬਾਰੇ ਹੀ ਦੱਸਣ ਜਾ ਰਹੇ ਹਾਂ।

ਪੇਟ ਦੇ ਰੋਗ ਕਰੇ ਦੂਰ

ਅਸੰਤੁਲਿਤ ਭੋਜਣ ਖਾਣ ਪੀਣ ਕਾਰਨ ਪੇਟ 'ਚ ਕਈ ਰੋਗ ਜਨਮ ਲੈਂਦੇ ਹਨ। ਗਲੋਅ ਪੇਟ ਦੇ ਰੋਗਾਂ ਅਤੇ ਪੇਟ ਦੇ ਕੀੜਿਆਂ ਨੂੰ ਖਤਮ ਕਰਨ ਦੇ ਨਾਲ ਮੋਟਾਪੇ ਨੂੰ ਵੀ ਦੂਰ ਕਰਦੀ ਹੈ। ਗਲੋਅ ਦੀ ਵਰਤੋਂ ਨਾਲ ਕਬਜ਼ ਅਤੇ ਬਦਹਜ਼ਮੀ ਵੀ ਠੀਕ ਹੋ ਜਾਂਦੀ ਹੈ।

ਡਾਇਬਟੀਜ਼ ਲਈ ਫ਼ਾਇਦੇਮੰਦ

ਡਾਇਬਟੀਜ਼ ਵਰਗੀ ਬੀਮਾਰੀ ਨੂੰ ਵੀ ਠੀਕ ਕਰਨ 'ਚ ਗਲੋਅ ਕਾਫ਼ੀ ਲਾਹੇਵੰਦ ਹੁੰਦੀ ਹੈ। ਇਸ 'ਚ ਸ਼ੂਗਰ ਘਟਾਉਣ ਵਾਲੇ ਗੁਣ ਪਾਏ ਜਾਂਦੇ ਹਨ। ਗਲੋਅ ਦਾ ਜੂਸ ਰੋਜ਼ਾਨਾ ਪੀਣ ਨਾਲ ਟਾਇਪ-2 ਦੇ ਮਰੀਜ਼ ਠੀਕ ਹੋ ਜਾਂਦੇ ਹਨ।

ਅੱਖਾਂ ਦੀ ਰੌਸ਼ਨੀ ਵਧਾਏ

ਗਲੋਅ ਦਾ ਜੂਸ ਪੀਣ ਨਾਲ ਅੱਖਾਂ ਦੀ ਰੌਸ਼ਨੀ ਵੱਧਦੀ ਹੈ। ਇਸ ਨੂੰ ਪਾਣੀ 'ਚ ਉਬਾਲ ਕੇ ਅੱਖਾਂ 'ਤੇ ਲਗਾਉਣ ਨਾਲ ਅੱਖਾਂ ਦੇ ਰੋਗ ਠੀਕ ਹੋ ਜਾਂਦੇ ਹਨ। ਜੇਕਰ ਇਸ ਦੀ ਵਰਤੋਂ ਰੋਜ਼ਾਨਾ ਕੀਤੀ ਜਾਵੇ ਤਾਂ ਇਸ ਨਾਲ ਚਸ਼ਮਾ ਵੀ ਉਤਰ ਜਾਂਦਾ ਹੈ।

ਪੀਲੀਏ ਤੋਂ ਦੇਵੇ ਨਿਜਾਤ

ਪੀਲੀਆ ਹੋਣ 'ਤੇ ਗਲੋਅ ਦੀ ਵਰਤੋਂ ਕਰਨ ਦੇ ਨਾਲ ਕਾਫ਼ੀ ਫ਼ਾਇਦੇ ਮਿਲਦੇ ਹਨ। ਗਲੋਅ 'ਚ ਕਾਲੀ ਮਿਰਚ, ਸ਼ਹਿਦ ਅਤੇ ਤ੍ਰਿਫ਼ਲਾ ਦੇ ਪਾਊਡਰ ਨੂੰ ਮਿਲਾ ਕੇ ਪੀਣ ਨਾਲ ਪੀਲੀਏ ਦੇ ਰੋਗ ਤੋਂ ਛੁਟਕਾਰਾ ਮਿਲਦਾ ਹੈ।

ਖਾਂਸੀ, ਜ਼ੁਕਾਮ ਅਤੇ ਬੁਖਾਰ ਤੋਂ ਦੇਵੇ ਨਿਜਾਤ

ਗਲੋਅ ਸਰੀਰ 'ਚ ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਵਧਾਉਂਦਾ ਹੈ। ਗਲੋਅ ਦਾ ਪਾਣੀ ਪੀਣ ਨਾਲ ਖਾਂਸੀ, ਜ਼ੁਕਾਮ, ਬੁਖਾਰ ਅਤੇ ਹੋਰ ਬੀਮਾਰੀਆਂ ਨਿਜਾਤ ਮਿਲਦਾ ਹੈ।

ਖੂਨ ਨੂੰ ਕਰੇ ਸਾਫ਼

ਗਲੋਅ ਸਰੀਰ 'ਚੋਂ ਖੂਨ ਨੂੰ ਸਾਫ਼ ਕਰਨ 'ਚ ਕਾਫ਼ੀ ਲਾਹੇਵੰਦ ਹੁੰਦੀ ਹੈ। ਇਸ ਦੇ ਨਾਲ ਹੀ ਇਹ ਗੁਰਦੇ 'ਚੋਂ ਨੁਕਸਾਨਦੇਹ ਤੱਤਾਂ ਨੂੰ ਬਾਹਰ ਕੱਢਦੀ ਹੈ।

ਇਨ੍ਹਾਂ ਹਾਲਾਤ 'ਚ ਨਾ ਕਰੋ ਗਲੋਅ ਦਾ ਸੇਵਨ

ਜੇਕਰ ਤੁਸੀਂ ਸ਼ੂਗਰ ਦੀ ਦਵਾਈ ਖਾ ਰਹੇ ਹੋ ਤਾਂ ਇਸ ਦਾ ਸੇਵਨ ਨਹੀਂ ਕਰਨਾ ਚਾਹੀਦਾ। ਦਵਾਈ ਜਾਂ ਫ਼ਿਰ ਗਲੋਅ ਦੋਹਾਂ 'ਚੋਂ ਇੱਕ ਦਾ ਸੇਵਨ ਕਰਨਾ ਚਾਹੀਦਾ ਹੈ। ਗਰਭਵਤੀ ਔਰਤ ਅਤੇ ਬੱਚੇ ਨੂੰ ਦੁੱਧ ਦੇਣ ਵਾਲੀ ਔਰਤ ਇਸ ਦਾ ਸੇਵਨ ਨਾ ਕਰੇ। ਬਲੱਡ ਪ੍ਰੈਸ਼ਰ ਘੱਟ ਹੋਣ 'ਤੇ ਇਸ ਦਾ ਸੇਵਨ ਕਰਨ ਤੋਂ ਬਚਣਾ ਚਾਹੀਦਾ ਹੈ। ਸਰਜਰੀ ਜਾਂ ਆਪ੍ਰੇਸ਼ਨ ਹੋਣ 'ਤੇ ਗਲੋਅ ਦੀ ਦੀ ਵਰਤੇ ਬੰਦ ਕਰ ਦੇਣੀ ਚਾਹੀਦੀ ਹੈ। ਇਸ ਤੋਂ ਇਲਾਵਾ 5 ਸਾਲ ਤੋਂ ਹੇਠਾਂ ਦੇ ਬੱਚਿਆਂ ਨੂੰ ਗਲੋਅ ਦੀ ਵਰਤੋਂ ਨਹੀਂ ਕਰਨੀ ਚਾਹੀਦੀ।



# ਰਾਜਨੀਤਕ ਪਾਰਟੀ ਦੂਰਦਰਸ਼ਨ ਤੇ ਅਕਾਸ਼ਵਾਣੀ 'ਤੇ ਕਰ ਸਕਦੇ ਹਨ ਪ੍ਰਚਾਰ-ਪ੍ਰਸਾਰ: ਮੁੱਖ ਚੋਣ ਅਧਿਕਾਰੀ ਪੰਕਜ ਅਗਰਵਾਲ

## ➢ ਹਰਿਆਣਾ ਵਿਧਾਨਸਭਾ ਚੋਣ ਲਈ ਭਾਰਤ ਚੋਣ ਕਮਿਸ਼ਨ ਨੇ ਕੀਤਾ ਸਮੇਂ ਨਿਰਧਾਰਿਤ ➢ ਕਮਿਸ਼ਨ ਨੇ ਪਿਛਲੇ ਵਿਧਾਨਸਭਾ ਚੋਣ ਵਿਚ ਪਾਰਟੀਆਂ ਦੇ ਪ੍ਰਦਰਸ਼ਨ ਦੇ ਆਧਾਰ 'ਤੇ ਅਲਾਟ ਕੀਤਾ ਸਮੇਂ

**ਚੰਡੀਗੜ੍ਹ, 3 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਪੰਕਜ ਅਗਰਵਾਲ ਨੇ ਦਸਿਆ ਕਿ ਹਰਿਆਣਾ ਵਿਧਾਨਸਭਾ ਦੇ ਚੋਣ ਲਈ ਭਾਰਤ ਚੋਣ ਕਮਿਸ਼ਨ ਨੇ ਮਾਨਤਾ ਪ੍ਰਾਪਤ ਕੌਮੀ ਤੇ ਖੇਤਰੀ ਰਾਜਨੀਤਕ ਪਾਰਟੀਆਂ ਲਈ ਦੂਰਦਰਸ਼ਨ ਤੇ ਅਕਾਸ਼ਵਾਣੀ ਦੇ ਖੇਤਰੀ ਕੇਂਦਰਾਂ ਤੋਂ ਚੋਣ ਪ੍ਰਚਾਰ-ਪ੍ਰਸਾਰ ਕਰਨ ਦਾ ਸਮੇਂ ਨਿਰਧਾਰਿਤ ਕੀਤਾ ਹੈ।

ਸ੍ਰੀ ਪੰਕਜ ਅਗਰਵਾਲ ਨੇ ਦਸਿਆ ਕਿ ਚੋਣ ਕਮਿਸ਼ਨ ਵੱਲੋਂ 6 ਕੌਮੀ ਅਤੇ ਹਰਿਆਣਾ ਦੀ 2 ਖੇਤਰੀ ਰਾਜਨੀਤਕ ਪਾਰਟੀਆਂ ਦੇ ਸਮੇਂ ਦਾ ਅਨਾਟਮੈਂਟ ਕੀਤਾ ਹੈ। ਉਨ੍ਹਾਂ ਨੇ ਦਸਿਆ ਕਿ ਕੌਮੀ ਪਾਰਟੀਆਂ ਵਿਚ ਭਾਰਤੀ ਜਨਤਾ ਪਾਰਟੀ, ਇੰਡੀਅਨ ਨੈਸ਼ਨਲ ਕਾਂਗਰਸ, ਭਾਰਤੀ ਕੰਮਿਊਨਿਸਟ ਪਾਰਟੀ (ਮਾਰਕਸਵਾਦੀ), ਬਹੁਜਨ ਸਮਾਜ ਪਾਰਟੀ, ਕੌਮੀ ਪੀਪੁਲਸ ਪਾਰਟੀ ਅਤੇ ਆਮ ਆਦਮੀ ਪਾਰਟੀ ਸ਼ਾਮਿਲ ਹਨ। ਇਸ ਤੋਂ ਇਲਾਵਾ, ਖੇਤਰੀ ਪਾਰਟੀਆਂ ਵਿਚ ਇੰਡੀਅਨ ਨੈਸ਼ਨਨ ਲੋਕਦਲ ਅਤੇ ਜਨਨਾਇਕ ਜਨਤਾ ਪਾਰਟੀ ਸ਼ਾਮਿਲ ਹੈ।

ਉਨ੍ਹਾਂ ਨੇ ਦਸਿਆ ਕਿ ਕਮਿਸ਼ਨ ਵੱਲੋਂ ਟੈਲੀਵਿਜਨ ਤੇ ਰੇਡਿਓ ਰਾਹੀਂ ਪ੍ਰਚਾਰ-ਪ੍ਰਸਾਰ ਲਈ ਫਰੀ ਵਰਤੋ ਕਰਲ ਦੀ ਮੰਜੂਰੀ 1998 ਦੇ ਆਮ ਚੋਣ ਵਿਚ ਦਿੱਤੀ ਗਈ ਸੀ, ਉਸ ਤੋਂ ਬਾਅਦ ਇਸ ਦੀ ਵਰਤੋ ਸੂਬਿਆਂ ਦੀ ਵਿਧਾਨਸਭਾ /ਆਮ ਚੋਣ ਲਈ ਵਧਾਈ ਗਈ ਸੀ। ਜਨਪ੍ਰਤੀਨਿਧੀ ਐਕਟ, 1951 ਵਿਚ ਚੋਣ ਅਤੇ ਹੋਰ ਸਬੰਧਿਤ ਕਾਨੂੰਨਾਂ (ਸੋਧ) ਐਕਟ, 2003 ਅਤੇ ਉਸ ਦੇ ਤਹਿਤ ਨੋਟੀਫਾਇਡ ਨਿਯਮਾਂ ਦੇ ਸੋਧਾਂ ਦੇ ਨਾਲ, ਮਾਨਤਾ ਪ੍ਰਾਪਤ ਰਾਜਨੀਤਕ ਪਾਰਟੀਆਂ ਵੱਲੋਂ ਇਲੈਕਟ੍ਰੋਨਿਕ ਮੀਡੀਆ 'ਤੇ ਪ੍ਰਚਾਰ ਲਈ ਸਮਾਨ ਸਮੇਂ ਸਾਂਝਾਂ ਕਰਨਾ ਵੈਧਾਨਿਕ ਹੋ ਚੁੱਕਾ ਹੈ। ਇਸ ਲਈ, ਕਮਿਸ਼ਨ ਨੇ ਪ੍ਰਸਾਰ ਭਾਰਤੀ ਨਿਗਮ ਰਾਹੀਂ ਇਲੈਕਟ੍ਰੋਨਿਕ ਮੀਡੀਆ 'ਤੇ ਸਮਾਨ ਸਮੇਂ ਸਾਂਝਾਂ ਕਰਨ ਦੀ ਉਪਰੋਕਤ ਯੋਜਨਾ ਨੂੰ ਹਰਿਆਣਾ ਵਿਧਾਨਸਭਾ ਦੇ ਆਮ ਚੋਣ,



2024 ਵਿਚ ਵਰਤੋ ਕਰਨ ਦੀ ਮੰਜੂਰੀ ਦਿੱਤੀ ਹੈ।

ਮੁੱਖ ਚੋਣ ਅਧਿਕਾਰੀ ਨੇ ਦਸਿਆ ਕਿ ਅਕਾਸ਼ਵਾਣੀ ਤੇ ਦੂਰਦਰਸ਼ਨ 'ਤੇ ਰਾਜਨੀਤਕ ਪਾਰਟੀਆਂ ਨੂੰ ਪ੍ਰਚਾਰ-ਪ੍ਰਸਾਰ ਲਈ ਕੁੱਲ ਸਮੇਂ 720-720 ਮਿੰਟ ਦਾ ਅਲਾਟਮੈਂਟ ਕੀਤਾ ਹੈ। ਉਨ੍ਹਾਂ ਨੇ ਦਸਿਆ ਕਿ ਆਕਾਸ਼ਵਾਣੀ ਤੇ ਦੂਰਦਰਸ਼ਨ 'ਤੇ ਕੌਮੀ ਪਾਰਟੀਆਂ ਵਿਚ ਭਾਰਤੀ ਜਨਤਾ ਪਾਰਟੀ ਦੇ 197 ਮਿੰਟ, ਇੰਡੀਅਨ ਨੈਸ਼ਨਲ ਕਾਂਗਰਸ ਦੇ 162, ਭਾਰਤੀ ਕੰਮਿਊਨਿਸ ਪਾਰਟੀ (ਮਾਰਕਸਵਾਦੀ) 45 ਮਿੰਟ, ਬਹੁਜਨ ਸਮਾਜ ਪਾਰਟੀ 62 ਮਿੰਟ, ਕੌਮੀ ਪੀਪੁਲਸ ਪਾਰਟੀ ਨੂੰ 45 ਮਿੰਟ ਅਤੇ ਆਮ ਆਦਮੀ ਪਾਰਟੀ ਨੂੰ 47 ਮਿੰਟ ਦਾ ਸਲਾਟ ਨਿਰਧਾਰਿਤ ਕੀਤਾ ਗਿਆ ਹੈ।

ਇਸ ਤਰ੍ਹਾ, ਖੇਤਰੀ ਪਾਰਟੀਆਂ ਵਿਚ ਇੰਡੀਅਨ ਨੈਸ਼ਨਲ ਲੋਕਦਲ ਨੂੰ 55 ਮਿੰਟ ਅਤੇ ਜਨਨਾਇਕ ਜਨਤਾ ਪਾਰਟੀ ਨੂੰ 107 ਮਿੰਟ ਦਾ ਸਲਾਟ ਮਿਲਿਆ ਹੈ।

ਪ੍ਰਸਾਰਣ ਦੇ ਸਮੇਂ ਉਮੀਦਵਾਰਾਂ ਦੇ ਨਾਂਅ ਪ੍ਰਕਾਸ਼ਿਤ ਹੋਣ ਦੇ ਬਾਅਦ ਚੋਣ ਮਿੱਤੀ ਤੋਂ ਦੋ ਦਿਨ ਪਹਿਲਾਂ ਤਕ ਹੋਵੇਗਾ

ਸ੍ਰੀ ਪੰਕਜ ਅਗਰਵਾਲ ਨੇ ਦਸਿਆ ਕਿ ਹਰੇਕ ਕੌਮੀ ਪਾਰਟੀ ਅਤੇ ਸਬੰਧਿਤ ਮਾਨਤਾ ਪ੍ਰਾਪਤ ਸੂਬਾ ਪਾਰਟੀਆਂ ਨੂੰ 45 ਮਿੰਟ ਦਾ ਆਧਾਰ (ਬੇਸ) ਟਾਇਮ ਦਿੱਤਾ ਗਿਆ ਹੈ, ਜੋ ਹਰਿਆਣਾ ਵਿਚ ਦੂਰਦਰਸ਼ਨ ਅਤੇ ਅਕਾਸ਼ਵਾਣੀ ਨੈਟਵਰਕ ਦੇ ਖੇਤਰੀ ਕੇਂਦਰਾਂ 'ਤੇ ਸਮਾਨ ਰੂਪ ਨਾਲ ਉਪਲਬਧ ਹੈ। ਉਨ੍ਹਾਂ ਨੇ ਦਸਿਆ ਕਿ ਕਮਿਸ਼ਨ ਵੱਲੋਂ ਪਾਰਟੀ ਨੂੰ ਅਲਾਟ ਕੀਤੇ ਜਾਣ ਵਾਲਾ ਵੱਧ ਸਮੇਂ ਹਰਿਆਣਾ ਦੇ ਪਿਛਲੇ ਵਿਧਾਨਸਪਾ ਚੋਣਾਂ ਵਿਚ ਪਾਰਟੀ ਦੇ ਪ੍ਰਦਰਸ਼ਨ ਦੇ ਆਧਾਰ 'ਤੇ ਤੈਅ ਕੀਤਾ ਗਿਆ ਹੈ। ਉਨ੍ਹਾਂ ਨੇ ਦਸਿਆ ਕਿ ਪ੍ਰਸਾਰਣ ਦੇ ਇਕ ਸੈਸ਼ਨ ਵਿਚ ਕਿਸੇ ਵੀ ਪਾਰਟੀ ਨੂੰ 15 ਮਿੰਟ ਤੋਂ ਵੱਧ ਸਮੇਂ ਅਲਾਟ ਨਹੀਂ ਕੀਤਾ ਜਾਵੇਗਾ। ਪ੍ਰਸਾਰਣ ਅਤੇ ਟੈਲੀਕਾਸਟ ਦੇ ਸਮੇਂ ਚੋਣ ਦੇ ਲਈ ਉਮੀਦਵਾਰਾਂ ਦੀ ਸੂਚੀ ਦੇ ਪ੍ਰਕਾਸ਼ਨ ਦੀ ਮਿੱਤੀ ਤੋਂ ਲੈ ਕੇ ਹਰਿਆਣਾ ਵਿਚ ਚੋਣ ਦੀ ਮਿੱਤੀ ਤੋਂ ਦੋ ਦਿਲ ਪਹਿਲਾਂ ਤਕ ਹੋਵੇਗਾ।

ਪ੍ਰਸਾਰਣ ਲਈ ਕਮਿਸ਼ਨ ਵੱਲੋਂ ਨਿਰਧਾਰਿਤ ਦਿਸ਼ਾ-ਨਿਰਦੇਸ਼ਾਂ ਦਾ ਰਾਜਨੀਤਿਕ ਪਾਰਟੀਆਂ ਨੂੰ ਕਰਨਾ ਹੋਵੇਗਾ ਪਾਲਣ

ਮੁੱਖ ਚੋਣ ਅਧਿਕਾਰੀ ਨੇ ਦਸਿਆ ਕਿ ਪ੍ਰਸਾਰਣ ਲਈ ਕਮਿਸ਼ਨ ਵੱਲੋਂ ਨਿਰਧਾਰਿਤ ਦਿਸ਼ਾ-ਨਿਰਦੇਸ਼ਾਂ ਦਾ ਰਾਜਨੀਤਿਕ ਪਾਰਟੀਆਂ ਨੂੰ ਪਾਲਣ ਕਰਨਾ ਹੋਵੇਗਾ। ਉਨ੍ਹਾਂ ਨੇ ਦਸਿਆ ਕਿ ਪਾਰਟੀਆਂ ਨੂੰ ਪਹਿਲਾਂ ਤੋਂ ਹੀ ਪ੍ਰਤੀਲੇਖ ਅਤੇ ਰਿਕਾਰਡਿੰਗ ਪੇਸ਼ ਕਰਨੀ ਹੋਵੇਗੀ। ਉਨ੍ਹਾਂ ਨੇ ਦਸਿਆ ਕਿ ਵੈਕਲਪਿਕ ਰੂਪ ਨਾਲ, ਉਹ ਪਹਿਲਾਂ ਤੋਂ ਅਪੀਲ ਕਰਨ ਦੇ ਦੂਰਦਰਸ਼ਨ ਅਤੇ ਅਕਾਸ਼ਵਾਣੀ ਦੇ ਸਟੂਡਿਓ ਵਿਚ ਇਸ ਨੂੰ ਰਿਕਾਰਡਿੰਗ ਕਰਵਾ ਸਕਦੇ ਹਨ।

ਪ੍ਰਸਾਰਣ ਵਿਚ ਹੋਰ ਦੇਸ਼ਾਂ, ਧਰਮ, ਕੰਮਿਉਨਿਟੀਆਂ ਤੇ ਵਿਅਕਤੀ ਵਿਸ਼ੇਸ਼ ਦੀ ਆਲੋਚਨਾ ਕਰਲ ਦੀ ਮੰਜੂਰੀ ਨਹੀਂ

ਉਨ੍ਹਾਂ ਨੇ ਦਸਿਆ ਕਿ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਦੂਰਦਰਸ਼ਨ ਤੇ ਅਕਾਸ਼ਵਾਣੀ 'ਤੇ ਪ੍ਰਸਾਰਿਤ ਹੋਣ ਵਾਲੇ ਪ੍ਰਸਾਰਣਾਂ ਵਿਚ ਹੋਰ ਦੇਸ਼ਾਂ ਦੀ ਆਲੋਚਨਾ, ਧਰਮ ਜਾਂ ਕੰਮਿਉਨਿਟੀਆਂ 'ਤੇ ਚਰਚਾ, ਕੋਈ ਵੀ ਅਸ਼ਲੀਲ ਜਾਂ ਇਤਰਾਜਜਨਕ ਗੱਲ ਕਰਨਾ, ਹਿੰਸਾ ਭੜਕਨਾ, ਕੋਰਟ ਦੀ ਅਵਮਾਨਨਾ ਦੇ ਸਬੰਧ ਵਿਚ, ਰਾਸ਼ਟਰਪਤੀ ਅਤੇ ਨਿਆਂਪਾਲਿਕਾ ਦੀ ਅਖੰਡਤਾ 'ਤੇ ਇਤਰਾਜ, ਰਾਸ਼ਟਰ ਦੀ ਏਕਤਾ, ਸੰਪ੍ਰਭੂਤਾ ਅਤੇ ਅਖੰਡਤਾ ਨੂੰ ਪ੍ਰਭਾਵਿਤ ਕਰਨ ਵਾਲੀ ਕੋਈ ਵੀ ਗੱਲ ਅਤੇ ਕਿਸੇ ਵੀ ਵਿਅਕਤੀ ਦੇ ਨਾਂਅ ਨਾਲ ਕੋਈ ਆਲੋਚਨਾ ਕਰਨ ਦੀ ਮੰਜੂਰੀ ਨਹੀਂ ਹੋਵੇਗੀ।

# ਮੁਲਜ਼ਮ ਨੇ ਬਿੱਲਾਂ ਦੇ ਨਿਪਟਾਰੇ ਬਦਲੇ 1,20,000 ਰੁਪਏ ਰਿਸ਼ਵਤ ਦੀ ਕੀਤੀ ਸੀ ਮੰਗ

**ਚੰਡੀਗੜ੍ਹ, 3 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਫਾਜ਼ਿਲਕਾ ਜ਼ਿਲ੍ਹੇ ਦੇ ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀ (ਬੀ.ਡੀ.ਪੀ.ਓ.) ਖੂਹੀਆਂ ਸਰਵਰ ਵਿਖੇ ਤਾਇਨਾਤ ਟੈਕਸ ਕੁਲੈਕਟਰ ਗੁਲਜੀਤ ਸਿੰਘ ਵਿਰੁੱਧ 50,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਰਿਸ਼ਵਤਖੋਰੀ ਦਾ ਮੁਕੱਦਮਾ ਦਰਜ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਟੈਕਸ ਕੁਲੈਕਟਰ ਵਿਰੁੱਧ ਇਹ ਕੇਸ ਸੁਨੀਲ ਕੁਮਾਰ ਵਾਸੀ ਪਿੰਡ ਦੀਵਾਨ ਖੇੜਾ, ਤਹਿਸੀਲ ਅਬੋਹਰ ਵੱਲੋਂ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਇਸ ਆਨਲਾਈਨ ਸ਼ਿਕਾਇਤ ਦੀ ਜਾਂਚ ਦੌਰਾਨ ਪਤਾ ਲੱਗਾ ਕਿ ਸ਼ਿਕਾਇਤਕਰਤਾ ਕਸਬਾ ਖੂਹੀਆਂ ਸਰਵਰ ਵਿਖੇ ਉਸਾਰੀ ਸਮੱਗਰੀ ਦੀ ਦੁਕਾਨ ਚਲਾ ਰਿਹਾ ਹੈ ਅਤੇ ਉਸ ਨੇ ਵੱਖ-ਵੱਖ ਮੌਕਿਆਂ @ਤੇ ਛੇ ਪਿੰਡਾਂ ਦੀਆਂ ਪੰਚਾਇਤਾਂ ਨੂੰ 8,62,989 ਰੁਪਏ ਦੀ ਉਸਾਰੀ ਸਮੱਗਰੀ ਮੁਹੱਈਆ ਕਰਵਾਈ ਸੀ। ਉਨ੍ਹਾਂ ਅੱਗੇ ਦੱਸਿਆ ਕਿ ਇਨ੍ਹਾਂ ਬਕਾਇਆ ਬਿੱਲਾਂ ਦੇ ਨਿਪਟਾਰੇ ਲਈ ਉਕਤ ਟੈਕਸ ਕੁਲੈਕਟਰ ਨੇ ਸ਼ਿਕਾਇਤਕਰਤਾ ਤੋਂ 1,20,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ ਅਤੇ ਇਸ ਸਬੰਧ ਵਿੱਚ ਟੈਕਸ ਕੁਲੈਕਟਰ 50,000 ਰੁਪਏ ਰਿਸ਼ਵਤ ਲੈ ਚੁੱਕਾ ਹੈ।

ਇਸ ਉਪਰੰਤ ਇਸ ਤਫਤੀਸ਼ੀ ਰਿਪੋਰਟ ਦੇ ਆਧਾਰ @ਤੇ ਇਹ ਸਾਬਤ ਹੋਇਆ ਕਿ ਉਕਤ ਮੁਲਜ਼ਮ ਕਰਮਚਾਰੀ ਨੇ ਉਕਤ ਬਕਾਇਆ ਬਿੱਲਾਂ ਦਾ ਨਿਪਟਾਰਾ ਕਰਨ ਬਦਲੇ 50,000 ਰੁਪਏ ਰਿਸ਼ਵਤ ਲਈ ਸੀ। ਇਸ ਸਬੰਧੀ ਟੈਕਸ ਕੁਲੈਕਟਰ ਗੁਲਜੀਤ ਸਿੰਘ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਫਿਰੋਜ਼ਪੁਰ ਰੇਂਜ ਵਿਖੇ ਭ੍ਰਿਸ਼ਟਾਚਾਰ ਦਾ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਨਗਰ ਰਾਜਭਾਸ਼ਾ ਲਾਗੂਕਰਨ ਕਮੇਟੀ ਦੀ ਛਿਮਾਹੀ ਮੀਟਿੰਗ ਦਾ ਹੋਇਆ ਆਯੋਜਨ




**ਜਲੰਧਰ, 3 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਰਾਜਭਾਸ਼ਾ ਲਾਗੂਕਰਨ ਕਮੇਟੀ (ਨਰਾਕਾਸ), ਜਲੰਧਰ ਦੀ ਛਿਮਾਹੀ ਮੀਟਿੰਗ ਦਾ ਆਯੋਜਨ ਹੋਟਲ ਰਮਾਡਾ ਸਿਟੀ ਸੈਂਟਰ, ਜਲੰਧਰ ਵਿਖੇ ਕੀਤਾ ਗਿਆ। ਇਸ ਮੀਟਿੰਗ ਦੀ ਪ੍ਰਧਾਨਗੀ ਸ਼੍ਰੀ ਜੇ.ਐੱਸ. ਮਿਨਹਾਸ, ਪ੍ਰਿੰਸੀਪਲ ਕਮਿਸ਼ਨਰ ਆਫ਼ ਇਨਕਮ ਟੈਕਸ, ਜਲੰਧਰ ਵੱਲੋਂ ਕੀਤੀ ਗਈ। ਮੀਟਿੰਗ ਵਿੱਚ ਕੇਂਦਰ ਸਰਕਾਰ ਦੇ ਵੱਖ-ਵੱਖ ਦਫ਼ਤਰਾਂ/ਕਾਰਪੋਰੇਸ਼ਨਾਂ/ਉਪਕਰਮਾਂ ਆਦਿ ਦੇ ਲਗਭਗ 75 ਮੈਂਬਰਾਂ ਨੇ ਭਾਗ ਲਿਆ।

ਸਕੱਤਰ ਨਰਾਕਾਸ, ਸ਼੍ਰੀਮਤੀ ਅਲਕਾ ਨਰੂਲਾ ਨੇ ਚੇਅਰਪਰਸਨ ਅਤੇ ਵੱਖ-ਵੱਖ ਦਫਤਰਾਂ ਤੋਂ ਆਏ ਭਾਗੀਦਾਰਾਂ ਦਾ ਸਵਾਗਤ ਕੀਤਾ। ਇਸ ਮੌਕੇ ਉਨ੍ਹਾਂ ਸਮੂਹ ਕਮੇਟੀ ਮੈਂਬਰਾਂ ਨੂੰ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਸਮਝ ਕੇ ਹਿੰਦੀ ਭਾਸ਼ਾ ਦੀ ਵੱਧ ਤੋਂ ਵੱਧ ਵਰਤੋਂ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਖ਼ੁਸ਼ੀ ਪ੍ਰਗਟਾਈ ਕਿ ਨਰਾਕਾਸ ਕਮੇਟੀ ਦੇ ਸਾਰੇ ਮੈਂਬਰ ਦਫ਼ਤਰ ਵਿੱਚ ਸਰਕਾਰੀ ਭਾਸ਼ਾ ਹਿੰਦੀ ਦੇ ਪ੍ਰਚਾਰ ਲਈ ਗੰਭੀਰਤਾ ਨਾਲ ਅੱਗੇ ਵੱਧ ਰਹੇ ਹਨ।

ਸ਼੍ਰੀ ਜੇ.ਐੱਸ. ਮਿਨਹਾਸ, ਪ੍ਰਧਾਨ, ਨਰਾਕਾਸ ਅਤੇ ਪ੍ਰਿੰਸੀਪਲ ਇਨਕਮ ਟੈਕਸ ਕਮਿਸ਼ਨਰ ਨੇ ਸਾਰਿਆਂ ਨੂੰ ਵਧਾਈ ਦਿੱਤੀ ਅਤੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਨਰਾਕਾਸ ਦੀਆਂ ਮੀਟਿੰਗਾਂ ਦਾ ਨਿਯਮਤ ਆਯੋਜਨ ਇਹ ਦਰਸਾਉਂਦਾ ਹੈ ਕਿ ਨਰਾਕਾਸ, ਜਲੰਧਰ ਗ੍ਰਹਿ ਮੰਤਰਾਲਾ ਰਾਜਭਾਸ਼ਾ ਪ੍ਰਤੀ ਸੁਚੇਤ ਹੈ।

ਕਮੇਟੀ ਦੀ ਸਕੱਤਰ ਸ਼੍ਰੀਮਤੀ ਅਲਕਾ ਨਰੂਲਾ ਨੇ ਮੈਂਬਰ ਦਫ਼ਤਰਾਂ ਤੋਂ ਪ੍ਰਾਪਤ ਤਿਮਾਹੀ ਪ੍ਰਗਤੀ ਰਿਪੋਰਟਾਂ ਦੇ ਆਧਾਰ @ਤੇ ਸਮੀਖਿਆ ਪੇਸ਼ ਕੀਤੀ ਅਤੇ ਸਾਰਿਆਂ ਨੂੰ ਬੇਨਤੀ ਕੀਤੀ ਕਿ ਜਿੱਥੇ ਕਿਤੇ ਵੀ ਛੋਟੀਆਂ-ਛੋਟੀਆਂ ਕਮੀਆਂ ਨਜ਼ਰ ਆਉਂਦੀਆਂ ਹਨ, ਉਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇ। ਇਸ ਮੌਕੇ ਡਾ. ਸੁਸ਼ੀਲ ਕੁਮਾਰ, ਕੇਂਦਰੀ ਵਿਦਿਆਲਿਆ ਨੰਬਰ 02, ਜਲੰਧਰ ਛਾਉਣੀ ਨੇ ਪਹੁੰਚੇ ਹੋਏ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਧੰਨਵਾਦ ਕੀਤਾ।

# ਕੇਂਦਰੀ ਰਸਾਇਣ ਅਤੇ ਖਾਦ ਮੰਤਰੀ ਨੇ ਪੰਜਾਬ ਨੂੰ ਲੋੜੀਂਦੀ ਮਾਤਰਾ ਵਿੱਚ ਖਾਦਾਂ ਦੀ ਸਪਲਾਈ ਦਾ ਦਿੱਤਾ ਭਰੋਸਾ



**ਚੰਡੀਗੜ੍ਹ, 3 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਅਨੁਸਾਰ ਆਗਾਮੀ ਹਾੜ੍ਹੀ ਸੀਜ਼ਨ ਲਈ ਪੰਜਾਬ ਦੇ ਕਿਸਾਨਾਂ ਨੂੰ ਖਾਦਾਂ ਦੀ ਲੋੜੀਂਦੀ ਸਪਲਾਈ ਯਕੀਨੀ ਬਣਾਉਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਵਿਸ਼ੇਸ਼ ਮੁੱਖ ਸਕੱਤਰ ਸ੍ਰੀ ਕੇ.ਏ.ਪੀ. ਸਿਨਹਾ ਨੇ ਅੱਜ ਨਵੀਂ ਦਿੱਲੀ ਵਿਖੇ ਕੇਂਦਰੀ ਰਸਾਇਣ ਅਤੇ ਖਾਦ ਮੰਤਰੀ ਸ੍ਰੀ ਜੇਪੀ ਨੱਢਾ ਨਾਲ ਮੁਲਾਕਾਤ ਕੀਤੀ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਟੈਲੀਫ਼ੋਨ ਰਾਹੀਂ ਗੱਲਬਾਤ ਕਰਕੇ ਕੇਂਦਰੀ ਮੰਤਰੀ ਸ੍ਰੀ ਨੱਢਾ ਨੂੰ ਅਗਸਤ ਮਹੀਨੇ ਵਿੱਚ ਡੀ.ਏ.ਪੀ. ਖਾਦ ਦੀ ਅਲਾਟਮੈਂਟ ਦੇ ਮੁਕਾਬਲੇ ਘੱਟ ਸਪਲਾਈ ਬਾਰੇ ਜਾਣੂ ਕਰਵਾਉਣ ਉਪਰੰਤ ਅੱਜ ਵਿਸ਼ੇਸ਼ ਮੁੱਖ ਸਕੱਤਰ ਸ੍ਰੀ ਕੇ.ਏ.ਪੀ. ਸਿਨਹਾ ਦੀ ਅਗਵਾਈ ਹੇਠ ਕੇਂਦਰੀ ਮੰਤਰੀ ਨਾਲ ਗੱਲਬਾਤ ਕਰਨ ਲਈ ਟੀਮ ਦਿੱਲੀ ਗਈ।

ਇਸ ਮੁਲਾਕਾਤ ਦੌਰਾਨ, ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਅਤੇ ਪੰਜਾਬ ਮਾਰਕਫੈੱਡ ਦੇ ਸੀਨੀਅਰ ਅਧਿਕਾਰੀਆਂ ਨਾਲ, ਸ੍ਰੀ ਕੇ.ਏ.ਪੀ. ਸਿਨਹਾ ਨੇ ਹਾੜ੍ਹੀ ਸੀਜ਼ਨ 2024-25 ਲਈ ਸੂਬੇ ਦੀਆਂ ਖਾਦ ਸਬੰਧੀ ਜ਼ਰੂਰਤਾਂ @ਤੇ ਚਾਨਣਾ ਪਾਇਆ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਲਗਭਗ 35 ਲੱਖ ਹੈਕਟੇਅਰ ਰਕਬੇ @ਤੇ ਕਣਕ ਦੀ ਬਿਜਾਈ ਕੀਤੀ ਜਾਣੀ ਹੈ, ਜਿਸ ਲਈ ਲਗਭਗ 5.50 ਲੱਖ ਮੀਟ੍ਰਿਕ ਟਨ ਡਾਇਮੋਨੀਅਮ ਫਾਸਫੇਟ (ਡੀ.ਏ.ਪੀ.) ਖਾਦ ਦੀ ਲੋੜ ਹੈ।

ਸੂਬੇ ਦੇ ਕਿਸਾਨਾਂ ਨੂੰ ਖਾਦਾਂ ਸਮੇਤ ਖੇਤੀ ਲਈ ਲੋੜੀਂਦੀ ਹੋਰ ਸਮੱਗਰੀ ਦੀ ਸਮੇਂ ਸਿਰ ਸਪਲਾਈ ਯਕੀਨੀ ਬਣਾਉਣ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਦਹੁਰਾਉਂਦਿਆਂ ਉਨ੍ਹਾਂ ਦੱਸਿਆ ਕਿ ਕੇਂਦਰੀ ਮੰਤਰੀ ਸ੍ਰੀ ਜੇ.ਪੀ. ਨੱਢਾ ਨਾਲ ਮੀਟਿੰਗ ਸਫ਼ਲ ਰਹੀ ਅਤੇ ਉਨ੍ਹਾਂ ਨੇ ਭਰੋਸਾ ਦਿੱਤਾ ਹੈ ਕਿ ਪੰਜਾਬ ਨੂੰ ਆਗਾਮੀ ਹਾੜ੍ਹੀ ਸੀਜ਼ਨ ਦੌਰਾਨ ਲੋੜੀਂਦੀ ਮਾਤਰਾ ਵਿੱਚ ਡੀ.ਏ.ਪੀ. ਅਤੇ ਹੋਰ ਫਾਸਫੇਟਿਕ ਖਾਦਾਂ ਮੁਹੱਈਆ ਕਰਵਾਈਆਂ ਜਾਣਗੀਆਂ।

ਜ਼ਿਕਰਯੋਗ ਹੈ ਕਿ ਸਾਲ 2023-24 ਦੌਰਾਨ ਪੰਜਾਬ ਨੇ ਕੇਂਦਰੀ ਪੂਲ ਵਿੱਚ ਕਣਕ ਦਾ 46 ਫ਼ੀਸਦੀ ਹਿੱਸਾ ਪਾਇਆ ਹੈ ਅਤੇ ਇਸ ਸਾਲ ਕਣਕ ਦੀ ਵਧੇਰੇ ਪੈਦਾਵਾਰ ਨੂੰ ਵੇਖਦਿਆਂ ਭਾਰਤ ਸਰਕਾਰ ਨੇ ਹਾਲ ਹੀ ਵਿੱਚ ਕੀਤੀ ਜ਼ੋਨਲ ਕਾਨਫ਼ਰੰਸ ਦੌਰਾਨ ਹਾੜ੍ਹੀ ਸੀਜ਼ਨ 2024-25 ਲਈ ਪੰਜਾਬ ਸੂਬੇ ਨੂੰ 4.50 ਲੱਖ ਮੀਟ੍ਰਿਕ ਟਨ ਡੀ.ਏ.ਪੀ. ਖਾਦ, 1.50 ਲੱਖ ਮੀਟ੍ਰਿਕ ਟਨ ਐਨ.ਪੀ.ਕੇ. (ਨਾਈਟ੍ਰੋਜਨ, ਫਾਸਫੋਰਸ ਅਤੇ ਪੋਟਾਸ਼ੀਅਮ) ਅਤੇ 1.50 ਲੱਖ ਮੀਟ੍ਰਿਕ ਟਨ ਐਸ.ਐਸ.ਪੀ. (ਸਿੰਗਲ ਸੁਪਰਫਾਸਫੇਟ) ਖਾਦ ਦੀ ਐਲੋਕੇਸ਼ਨ ਕੀਤੀ ਹੈ।

ਸ੍ਰੀ ਕੇ.ਏ.ਪੀ. ਸਿਨਹਾ ਨੇ ਦੱਸਿਆ ਕਿ ਕੇਂਦਰੀ ਮੰਤਰੀ ਸ੍ਰੀ ਜੇ.ਪੀ. ਨੱਢਾ ਨੇ ਭਰੋਸਾ ਦਿੱਤਾ ਹੈ ਕਿ ਡੀ.ਏ.ਪੀ. ਖਾਦ ਅਤੇ ਹੋਰ ਫਾਸਫੇਟਿਕ ਖਾਦਾਂ ਦੀ ਸਪਲਾਈ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਮੰਗ ਅਨੁਸਾਰ ਅਗਲੇ ਦੋ ਮਹੀਨਿਆਂ ਵਿੱਚ ਪੰਜਾਬ ਨੂੰ ਲੋੜੀਂਦੀ ਮਾਤਰਾ ਵਿੱਚ ਖਾਦ ਦੀ ਸਪਲਾਈ ਕਰ ਦਿੱਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਇਹ ਵੰਡ ਖਾਦਾਂ ਸਬੰਧੀ ਸਾਡੇ ਕਿਸਾਨਾਂ ਦੀਆਂ ਮੰਗਾਂ ਨੂੰ ਪੂਰਾ ਕਰੇਗੀ।

ਇਸ ਦੌਰਾਨ ਸ੍ਰੀ ਕੇ.ਏ.ਪੀ. ਸਿਨਹਾ ਨੇ ਪੰਜਾਬ ਵਿੱਚ ਖਾਦਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਕੇਂਦਰੀ ਰਸਾਇਣ ਅਤੇ ਖਾਦ ਮੰਤਰਾਲੇ ਦੇ ਸਕੱਤਰ ਸ੍ਰੀ ਰਜਤ ਕੁਮਾਰ ਮਿਸ਼ਰਾ ਨਾਲ ਵੀ ਮੀਟਿੰਗ ਕੀਤੀ।

# ਬਟਾਲਾ ਕਲੱਬ ਨੂੰ ਨਿਵੇਕਲੀ ਪਹਿਚਾਣ ਤੇ ਨਵੀਂ ਦਿੱਖ ਦੇਣ ਲਈ ਕੀਤੇ ਜਾਣਗੇ ਖਾਸ ਉਪਰਾਲੇ-ਵਿਧਾਇਕ ਸ਼ੈਰੀ ਕਲਸੀ

**ਬਟਾਲਾ,3 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਬਟਾਲਾ ਕਲੱਬ ਨੂੰ ਨਿਵਕੇਲੀ ਪਹਿਚਾਣ, ਨਵੀਂ ਦਿੱਖ ਅਤੇ ਨਵੀਂ ਰੂਪ-ਰੇਖਾ ਉਲੀਕਣ ਦੇ ਮੰਤਵ ਨਾਲ ਬਟਾਲਾ ਕਲੱਬ ਦੇ ਨਵੇਂ ਅਹੁਦੇਦਾਰਾਂ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ। ਇਸ ਮੌਕੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਤਹਿਸੀਲਦਾਰ ਜਗਤਾਰ ਸਿੰਘ ਸਮੇਤ ਬਟਾਲਾ ਕਲੱਬ ਦੇ ਮੈਂਬਰ, ਵੱਖ ਵੱਖ-ਐਨ.ਜੀ.ਓਜ਼ ਦੇ ਨੁਮਾਇੰਦੇ, ਉਦਯੋਗਪਤੀ, ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਨੁਮਾਇੰਦੇ, ਵਾਤਾਵਰਣ ਪ੍ਰੇਮੀ, ਹੋਟਲ ਐਸ਼ੋਸੀਏਸ਼ਨ ਦੇ ਨੁਮਾਇੰਦਿਆਂ ਸਮੇਤ ਸ਼ਹਿਰ ਦੀਆਂ ਵੱਖ-ਵੱਖ ਨਾਮਵਰ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ।

ਇਸ ਮੌਕੇ ਹਾਊਸ ਦੀ ਸਰਬਸੰਮਤੀ ਨਾਲ ਯਸ਼ਪਾਲ ਚੌਹਾਨ ਨੂੰ ਸੀਨੀਅਰ ਵਾਈਸ ਪ੍ਰਧਾਨ, ਰਾਜੀਵ ਵਿੱਗ ਨੂੰ ਜਨਰਲ ਸੈਕਰਟਰੀ, ਹਰਵੰਤ ਮਹਾਜਨ ਨੂੰ ਸੈਕਰਟਰੀ, ਪੁਨੀਤ ਬਾਂਸਲ ਨੂੰ ਵਿੱਤ ਸੈਕਰਟਰੀ, ਕੈਟਰਿੰਗ ਕਮੇਟੀ ਵਿੱਚ ਅਜਾਦਵਿੰਦਰ ਸਿੰਘ, ਨਰੇਸ਼ ਲੂਥਰਾ ਤੇ ਪਵਨ ਵਿੱਜ, ਸਕਰੀਨਿੰਗ ਕਮੇਟੀ ਵਿੱਚ ਵੀ.ਕੀ ਸਹਿਗਲ, ਰਾਕੇਸ਼ ਅਗਰਵਾਲ ਤੇ ਵਰਿੰਦਰ ਪ੍ਰਤਾਪ ਗੁਪਤਾ ਅਤੇ ਪ੍ਰਪਾਰਟੀ ਕਮੇਟੀ ਵਿੱਚ ਬੁਦੇਸ਼ ਅਗਰਵਾਲ, ਹੈਪੀ ਮਹਜਾਨ, ਰਾਜੀਵ ਡੋਗਰਾ, ਡਾ. ਹਰਭਜਨ ਸਿੰਘ ਤੇ ਵਿਜੇ ਸੋਨੀ ਦੀ ਚੋਣ ਕੀਤੀ ਗਈ।

ਇਸ ਮੌਕੇ ਬਟਾਲਾ ਕਲੱਬ ਦੇ ਚੁਣੇ ਗਏ ਅਹੁਦੇਦਾਰਾਂ ਨੂੰ ਮੁਬਾਰਬਾਦ ਦਿੰਦਿਆਂ ਬਟਾਲਾ ਦੇ ਵਿਧਾਇਕ ਅਤੇ ਬਟਾਲਾ ਕਲੱਬ ਦੇ ਚੀਫ ਪੈਟਰਨ



ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ 12 ਦਸੰਬਰ 1935 ਨੂੰ ਹੋਂਦ ਵਿੱਚ ਆਇਆ ਬਟਾਲਾ ਕਲੱਬ, ਬਟਾਲਾ ਸ਼ਹਿਰ ਦੀ ਵਿਰਾਸਤ ਹੈ ਅਤੇ ਇਸ ਨੂੰ ਹੋਰ ਬਿਹਤਰ ਢੰਗ ਨਾਲ ਸੰਭਾਲਣ, ਨਵੀਂ ਤੇ ਸ਼ਾਨਦਾਰ ਦਿੱਖ ਦੇਣ ਅਤੇ ਨਵੀਂ ਰੂਪ ਰੇਖਾ ਉਲੀਕਣ ਲਈ ਨਵੀਂ ਟੀਮ ਦੀ ਚੋਣ ਕੀਤੀ ਗਈ ਹੈ। ਉਨਾਂ ਕਿਹਾ ਕਿ ਉਨਾਂ ਦੇ ਮਨ ਵਿੱਚ ਹਮੇਸ਼ਾ ਇਹ ਗੱਲ ਚੁੱਬਦੀ ਸੀ ਕਿ ਲਗਭਗ ਇੱਕ ਸਦੀ ਦੇ ਕਰੀਬ ਹੋਂਦ ਵਿੱਚ ਆਇਆ ਬਟਾਲਾ ਕਲੱਬ, ਆਪਣਾ ਉਹ ਮੁਕਾਮ ਹਾਸਲ ਨਹੀ ਕਰ ਸਕਿਆ, ਜੋ ਦੂਜੇ ਜ਼ਿਲਿਆਂ ਜਾਂ ਰਾਜਾਂ ਵਿੱਚ ਸਥਾਪਤ ਕਲੱਬਾਂ ਦਾ ਹੈ।

ਉਨਾਂ ਕਿਹਾ ਕਿ ਉਨਾਂ ਨੂੰ ਅੰਮ੍ਰਿਤਸਰ, ਜਲੰਧਰ, ਮੁਹਾਲੀ, ਚੰਡੀਗੜ੍ਹ ਅਤੇ ਪੰਜਾਬ ਸਮੇਤ ਦੂਜੇ ਰਾਜਾਂ ਦੇ ਕਲੱਬਾਂ ਵਿੱਚ ਜਾਣ ਦਾ ਮੌਕਾ ਮਿਲਿਆ ਹੈ ਅਤੇ ਉਥੋ ਦੇ ਕਲੱਬਾਂ ਅਤੇ ਬਟਾਲਾ ਕਲੱਬ ਵਿੱਚ ਬਹੁਤ ਜ਼ਿਆਦਾ ਅੰਤਰ ਹੈ। ਇਸ ਲਈ ਉਨਾਂ ਦੇ ਮਨ ਵਿੱਚ ਹਮੇਸ਼ਾਂ ਤਾਂਘ ਰਹਿੰਦੀ ਸੀ ਕਿ ਬਟਾਲਾ ਕਲੱਬ ਨੂੰ ਹੋਰ ਬੁਲੰਦੀਆਂ 'ਤੇ ਲਿਜਾਇਆ ਜਾਵੇ।

ਵਿਧਾਇਕ ਸ਼ੈਰੀ ਕਲਸੀ ਨੇ ਚੁਣੇ ਗਏ ਅਹੁਦੇਦਾਰਾਂ ਨੂੰ ਕਿਹਾ ਕਿ ਉਹ ਮਿਹਨਤ ਤੇ ਲਗਨ ਨਾਲ ਬਟਾਲਾ ਕਲੱਬ ਨੂੰ ਹੋਰ ਬਿਹਤਰ ਢੰਗ ਨਾਲ ਅੱਗੇ ਲੈ ਕੇ ਜਾਣ ਤਾਂ ਜੋ ਬਟਾਲਾ ਸ਼ਹਿਰ ਵਾਸੀ, ਬਟਾਲਾ ਕਲੱਬ 'ਤੇ ਮਾਣ ਮਹਿਸੂਸ ਕਰਨ। ਉਨਾਂ ਕਿਹਾ ਕਿ ਬਟਾਲਾ ਕਲੱਬ ਨੂੰ ਇੱਕ ਫੈਮਿਲੀ ਕਲੱਬ ਦੇ ਤੌਰ ਤੇ ਵਿਕਸਿਤ ਕੀਤਾ ਜਾਵੇਗਾ ਅਤੇ ਦੂਜੇ ਜ਼ਿਲ੍ਹਿਆਂ ਅਤੇ ਰਾਜਾਂ ਦੇ ਕਲੱਬਾਂ ਨਾਲ, ਬਟਾਲਾ ਕਲੱਬ ਨੂੰ ਐਫੀਲੇਟਿਡ ਕਰਵਾਇਆ ਜਾਵੇਗਾ।

# ਟੈਕਸ ਚੋਰੀ ਕਰਨ ਵਾਲਿਆ ਨੂੰ ਨਹੀਂ ਬਖਸ਼ਿਆ ਜਾਵੇਗਾ : ਈ ਟੀ ਓ ਸੁਨੀਲ ਗਰਗ



**ਮਲੇਰਕੋਟਲਾ, 3 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਮਾਲੇਰਕੋਟਲਾ ਤੋਂ ਸੇਲ ਟੈਕਸ ਵਿਭਾਗ ਦੇ ਈ ਟੀ ਓ ਸ੍ਰੀ ਸੁਨੀਲ ਗਰਗ ਨੇ ਟੈਕਸ ਦੀ ਚੋਰੀ ਕਰਨ ਵਾਲੇ ਵਪਾਰੀਆਂ ਅਤੇ ਦੁਕਾਨਦਾਰਾਂ ਨੂੰ ਤਾੜਨਾ ਕਰਦਿਆਂ ਕਿਹਾ ਕਿ ਟੈਕਸ ਦੀ ਚੋਰੀ ਕਰਨ ਵਾਲੇ ਬਾਜ ਆ ਜਾਣ ਨਹੀਂ ਤਾਂ ਸਮਾਂ ਰਹਿੰਦਿਆਂ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਸੇਲ ਟੈਕਸ ਵਿਭਾਗ ਵੱਲੋਂ ਸਮੇਂ ਸਮੇਂ 'ਤੇ ਟੈਕਸ ਦੀ ਚੋਰੀ ਕਰਨ ਵਾਲਿਆਂ ਦੀ ਚੈਕਿੰਗ ਕੀਤੀ ਜਾਂਦੀ ਹੈ ਪ੍ਰੰਤੂ ਫਿਰ ਵੀ ਉਨ੍ਹਾਂ ਨੂੰ ਸ਼ਿਕਾਇਤ ਮਿਲੀ ਹੈ ਕਿ ਮਾਲੇਰਕੋਟਲਾ ਨਾਲ ਸਬੰਧਤ ਕੁਝ ਵਪਾਰੀ ਘੱਟ ਆਮਦਨ ਦਰਸਾ ਕੇ ਟੈਕਸ ਦੀ ਚੋਰੀ ਕਰ ਰਹੇ ਹਨ, ਉਨ੍ਹਾਂ ਵਪਾਰੀਆਂ ਨੂੰ ਮੇਰੀ ਸਖ਼ਤ ਹਦਾਇਤ ਹੈ ਕਿ ਉਹ ਟੈਕਸ ਦੀ ਚੋਰੀ ਕਰਨ ਤੋਂ ਬਾਜ ਆ ਜਾਣ ਨਹੀਂ ਤਾਂ ਵਿਭਾਗ ਮਜ਼ਬੂਰਨ ਉਨ੍ਹਾਂ 'ਤੇ ਬਣਦੀ ਕਾਰਵਾਈ ਕਰੇਗਾ। ਉਨ੍ਹਾਂ ਅੱਗੇ ਦੱਸਿਆ ਕਿ ਅਸੀਂ ਅਜਿਹੇ ਦੇਸ਼ ਦੇ ਵਸਨੀਕ ਹਾਂ ਜਿੱਥੇ ਚੀਜ਼ਾ 'ਤੇ ਟੈਕਸ ਲੱਗਦਾ ਹੈ ਜਿਸ ਸਦਕਾ ਸਰਕਾਰਾਂ ਵੱਲੋਂ ਹਰੇਕ ਇਨਸਾਨ ਨੂੰ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ, ਇਸ ਲਈ ਸਭ ਦਾ ਮੁੱਢਲਾ ਫ਼ਰਜ਼ ਬਣਦਾ ਹੈ ਕਿ ਉਹ ਆਪਣਾ ਟੈਕਸ ਵਿਭਾਗ ਨੂੰ ਜਮ੍ਹਾਂ ਕਰਵਾਉਣ।

ਅੰਤ ਉਨ੍ਹਾਂ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਸ਼ਹਿਰ ਮਾਲੇਰਕੋਟਲਾ 'ਚ ਜੇਕਰ ਕੋਈ ਵੀ ਟੈਕਸ ਦੀ ਚੋਰੀ ਕਰਦਾ ਹੈ ਅਤੇ ਉਸ ਬਾਰੇ ਤੁਹਾਨੂੰ ਜਾਣਕਾਰੀ ਹੈ ਤਾਂ ਉਹ ਵਿਅਕਤੀ ਉਕਤ ਦੀ ਸ਼ਿਕਾਇਤ ਵਿਭਾਗ 'ਚ ਕਰੋ ਅਤੇ ਵਿਭਾਗ ਟੈਕਸ ਦੀ ਚੋਰੀ ਕਰਨ ਵਾਲੇ ਵਿਰੁੱਧ ਕਾਰਵਾਈ ਕਰੇਗਾ, ਉਨ੍ਹਾਂ ਯਕੀਨ ਦਿਵਾਇਆ ਕਿ ਸ਼ਿਕਾਇਤਕਰਤਾ ਦਾ ਨਾਂ ਗੁਪਤ ਰੱਖਿਆ ਜਾਵੇਗਾ। ਇਸ ਮੌਕੇ ਓਹਨਾ ਨਾਲ ਇੰਸਪੈਕਟਰ ਸੰਜੇ ਸ਼ਰਮਾ ਵੀ ਮੌਜੂਦ ਸਨ।

# ਰੋਜ਼ਗਾਰ ਉਤਪਤੀ ਮੰਤਰੀ ਨੇ ਉਦਯੋਗਿਕ ਆਗੂਆਂ ਨੂੰ ਰੱਖਿਆ ਖੇਤਰ ਵਿੱਚ ਨਿਵੇਸ਼ ਲਈ ਸੱਦਾ ਦਿੱਤਾ

**ਚੰਡੀਗੜ੍ਹ, 3 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਨੂੰ ਰੱਖਿਆ ਉਦਯੋਗ ਵਿੱਚ ਮੋਹਰੀ ਬਣਾਉਣ ਅਤੇ ਲੰਬੇ ਸਮੇਂ ਦੇ ਵਿਕਾਸ ਅਤੇ ਸਥਿਰਤਾ ਲਈ ਅਨੁਕੂਲ ਮਾਹੌਲ ਸਿਰਜਣ ਦੇ ਉਦੇਸ਼ ਨਾਲ, ਪੰਜਾਬ ਸਰਕਾਰ ਹਵਾਈ-ਜਹਾਜ਼ ਉਦਯੋਗ ਅਤੇ ਰੱਖਿਆ (ਏਅਰੋਸਪੇਸ ਐਂਡ ਡਿਫੈਂਸ) ਸੈਕਟਰ ਵਿੱਚ ਹੁਨਰ ਵਿਕਾਸ ਲਈ ਇੱਕ ਵਿਆਪਕ ਨੀਤੀ ਲੈ ਕੇ ਆਵੇਗੀ।

ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਇਹ ਗੱਲ ਸੈਂਟਰ ਫਾਰ ਟਰੇਨਿੰਗ ਐਂਡ ਇੰਪਲਾਇਮੈਂਟ ਆਫ਼ ਪੰਜਾਬ ਯੂਥ (ਸੀ-ਪਾਈਟ) ਵੱਲੋਂ ਅੱਜ ਇੱਥੇ ਐਸੋਚੈਮ ਉੱਤਰੀ ਖੇਤਰ ਦੀ ਮਦਦ ਨਾਲ ਏਅਰੋਸਪੇਸ ਤੇ ਡਿਫੈਂਸ ਅਤੇ ਐਮ.ਐਸ.ਐਮ.ਈ. ਸੈਕਟਰ ਲਈ ਹੁਨਰ ਵਿਕਾਸ ਵਿਸ਼ੇ 'ਤੇ ਕਰਵਾਏ ਗਏ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਹੀ।

ਸ੍ਰੀ ਅਮਨ ਅਰੋੜਾ ਨੇ ਪ੍ਰਮੁੱਖ ਸਕੱਤਰ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਸ੍ਰੀਮਤੀ ਜਸਪ੍ਰੀਤ ਤਲਵਾੜ ਅਤੇ ਡਾਇਰੈਕਟਰ ਜਨਰਲ ਸੀ-ਪਾਈਟ ਮੇਜਰ ਜਨਰਲ ਰਾਮਬੀਰ ਮਾਨ ਨੂੰ ਏਅਰੋਸਪੇਸ ਅਤੇ ਡਿਫੈਂਸ ਅਤੇ ਲਘੂ, ਛੋਟੇ ਤੇ ਦਰਮਿਆਨੇ ਉਦਯੋਗ (ਐਮ.ਐਸ.ਐਮ.ਈ.) ਸੈਕਟਰ ਵਿੱਚ ਹੁਨਰ ਵਿਕਾਸ ਲਈ ਨੀਤੀ ਤਿਆਰ ਕਰਨ ਵਾਸਤੇ ਸਾਰੇ ਹਿੱਸੇਦਾਰਾਂ ਦਾ ਇੱਕ ਸਮੂਹ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਏਅਰੋਸਪੇਸ ਵਿੱਚ ਨਿੱਜੀ ਉਦਯੋਗ ਦੀਆਂ ਜ਼ਿਆਦਾਤਰ ਨੌਕਰੀਆਂ ਸਿਵਲ ਹਵਾਬਾਜ਼ੀ, ਆਮ ਹਵਾਬਾਜ਼ੀ, ਫੌਜੀ ਜਹਾਜ਼ ਅਤੇ ਮਿਜ਼ਾਈਲਾਂ, ਸੰਚਾਰ ਉਪਗ੍ਰਹਿ ਅਤੇ ਮਿਲਟਰੀ ਤੇ ਕਮਰਸ਼ੀਅਲ ਲਾਂਚ ਵਹੀਕਲਸ ਖੇਤਰ ਵਿੱਚ ਹਨ। ਸੂਬਾ ਸਰਕਾਰ ਵੱਲੋਂ ਘੜੀ ਜਾਣ ਵਾਲੀ ਨੀਤੀ ਸੂਬੇ ਦੇ ਨੌਜਵਾਨਾਂ ਲਈ ਵੱਧ ਤੋਂ ਵੱਧ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਇਨ੍ਹਾਂ ਸੈਕਟਰਾਂ 'ਤੇ ਕੇਂਦਰਤ ਹੋਵੇਗੀ।

ਸ੍ਰੀ ਅਮਨ ਅਰੋੜਾ ਨੇ ਉਦਯੋਗਪਤੀਆਂ ਨੂੰ ਇਸ ਖੇਤਰ ਵਿੱਚ ਨਿਵੇਸ਼ ਕਰਨ ਲਈ ਸੱਦਾ ਦਿੰਦਿਆਂ ਕਿਹਾ ਕਿ ਰੱਖਿਆ ਖੇਤਰ ਵਿੱਚ ਪੰਜਾਬ ਦੀ ਇੱਕ ਅਮੀਰ ਵਿਰਾਸਤ ਹੈ, ਜੋ ਰੱਖਿਆ ਉਦਯੋਗ ਦੇ ਵਿਕਾਸ ਲਈ ਵੱਡੀਆਂ ਸੰਭਾਵਨਾਵਾਂ ਪ੍ਰਦਾਨ ਕਰਦੀ ਹੈ। ਇਸ ਤੋਂ ਇਲਾਵਾ ਉਦਯੋਗਿਕ ਵਿਕਾਸ ਲਈ ਵੱਖ-ਵੱਖ ਲਾਭ ਅਤੇ ਰਿਆਇਤਾਂ ਪ੍ਰਦਾਨ ਕਰਨ ਅਤੇ ਅਨੁਕੂਲ ਮਾਹੌਲ ਸਿਰਜਣ ਦੇ ਨਾਲ-ਨਾਲ ਸੂਬੇ ਵਿੱਚ ਮੋਹਾਲੀ ਅਤੇ ਅੰਮ੍ਰਿਤਸਰ ਵਿਖੇ ਦੋ ਅੰਤਰਰਾਸ਼ਟਰੀ ਹਵਾਈ ਅੱਡਿਆਂ, ਲੁਧਿਆਣਾ, ਬਠਿੰਡਾ ਅਤੇ ਜਲੰਧਰ ਵਿਖੇ ਘਰੇਲੂ ਹਵਾਈ ਅੱਡਿਆਂ ਅਤੇ ਆਦਮਪੁਰ ਵਿੱਚ ਭਾਰਤ ਦੇ ਸਭ ਤੋਂ ਵੱਡੇ ਹਵਾਈ ਸੈਨਾ ਅੱਡਿਆਂ ਦੇ ਨਾਲ ਇੱਕ ਮਜ਼ਬੂਤ ਬੁਨਿਆਦੀ ਢਾਂਚਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਵਿੱਚ ਐਡਵਾਂਸਡ ਮੈਨੂਫੈਕਚਰਿੰਗ ਲਈ ਮਜ਼ਬੂਤ ਸਹਿਯੋਗ, ਇੰਜਨੀਅਰਿੰਗ ਲਈ ਵਿਸ਼ਾਲ ਐਮ.ਐਸ.ਐਮ.ਈ.ਆਧਾਰ, ਫੋਕਸਡ ਐਜੂਕੇਸ਼ਨਲ ਇਨਫਰਾਸਟਰੱਕਚਰ ਅਤੇ ਸਥਾਪਿਤ ਏਵੀਏਸ਼ਨ ਕਲੱਬਾਂ ਦੀ ਉਪਲਬਧਤਾ ਹੈ।

ਇਹ ਆਖਦਿਆਂ ਕਿ ਹੁਨਰ ਵਿਕਾਸ, ਰੱਖਿਆ ਖੇਤਰ ਵਿੱਚ ਪੰਜਾਬ ਦੀ ਸਮਰੱਥਾ ਨੂੰ ਉਜਾਗਰ ਕਰਨ ਦਾ ਮੂਲ ਆਧਾਰ ਹੈ, ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਇਹ ਸੰਮੇਲਨ ਪੰਜਾਬ ਵਿੱਚ ਹੁਨਰ ਵਿਕਾਸ ਦੇ ਯਤਨਾਂ ਨੂੰ ਹੋਰ ਹੁਲਾਰਾ ਦੇਣ ਲਈ ਵਡਮੁੱਲੇ ਵਿਚਾਰ ਅਤੇ ਸਹਿਯੋਗ ਦੇ ਮੌਕੇ ਹਾਸਲ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗਾ। ਉਨ੍ਹਾਂ ਇਸ ਗੱਲ @ਤੇ ਵੀ ਜ਼ੋਰ ਦਿੱਤਾ ਕਿ ਇਸ ਸਹਿਯੋਗ ਨਾਲ ਹੁਨਰ ਦੇ ਪਾੜਿਆਂ ਦੀ ਪਛਾਣ ਕਰਨ ਅਤੇ ਇਨ੍ਹਾਂ ਪਾੜਿਆਂ ਨੂੰ ਪੂਰਨ ਲਈ ਟੀਚਾਗਤ ਸਿਖਲਾਈ ਪ੍ਰੋਗਰਾਮ ਵਿਕਸਿਤ ਕਰਨ ਵਿੱਚ ਵੀ ਮਦਦ ਮਿਲੇਗੀ।

ਪ੍ਰਮੁੱਖ ਸਕੱਤਰ ਸ੍ਰੀਮਤੀ ਜਸਪ੍ਰੀਤ ਤਲਵਾੜ ਨੇ ਉਦਯੋਗ ਦੇ ਆਗੂਆਂ ਨੂੰ ਇਸ ਸਬੰਧੀ ਆਪਣੀ ਰਾਇ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਸਰਕਾਰ, ਵਿਦਿਅਕ ਸੰਸਥਾਵਾਂ ਅਤੇ ਉਦਯੋਗ ਦੇ ਆਗੂਆਂ ਦਰਮਿਆਨ ਸਹਿਯੋਗ, ਇਸ ਸੈਕਟਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਬੇਹੱਦ ਜ਼ਰੂਰੀ ਹੈ।




ਉਨ੍ਹਾਂ ਕਿਹਾ ਕਿ ਇਹ ਸਹਿਯੋਗ ਗਿਆਨ ਅਤੇ ਉੱਭਰ ਰਹੇ ਰੁਝਾਨਾਂ ਸਬੰਧੀ ਅਦਾਨ-ਪ੍ਰਦਾਨ ਦੀ ਸੁਵਿਧਾ ਵੀ ਪ੍ਰਦਾਨ ਕਰਨਗੇ।

ਉਨ੍ਹਾਂ ਅੱਗੇ ਕਿਹਾ ਕਿ ਸਰਕਾਰੀ ਪ੍ਰੋਗਰਾਮਾਂ ਨੂੰ ਹਵਾਈ ਜਹਾਜ਼ ਉਦਯੋਗ ਅਤੇ ਰੱਖਿਆ ਖੇਤਰ ਦੀਆਂ ਹੁਨਰ ਸਬੰਧੀ ਵਿਸ਼ੇਸ਼ ਲੋੜਾਂ ਨੂੰ ਪੂਰਾ ਕਰਨ ਅਤੇ ਉਦਯੋਗ ਦੇ ਮਾਪਦੰਡਾਂ ਅਤੇ ਉਮੀਦਾਂ ਅਨੁਸਾਰ ਤਿਆਰ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉਭਰ ਰਹੇ ਰੁਝਾਨਾਂ ਅਤੇ ਤਕਨੀਕੀ ਪ੍ਰਗਤੀ ਨੂੰ ਸਮਝਣ ਲਈ ਉਦਯੋਗ ਦੇ ਭਾਈਵਾਲਾਂ ਨਾਲ ਨਿਰੰਤਰ ਸ਼ਮੂਲੀਅਤ ਵਧੇਰੇ ਮਹੱਤਵਪੂਰਨ ਹੈ।ਉਦਯੋਗਪਤੀਆਂ ਅਤੇ ਵੱਖ-ਵੱਖ ਵਫ਼ਦਾਂ ਦਾ ਸਵਾਗਤ ਕਰਦਿਆਂ ਡਾਇਰੈਕਟਰ ਰੋਜ਼ਗਾਰ ਉਤਪਤੀ ਸ੍ਰੀਮਤੀ ਅੰਮ੍ਰਿਤ ਸਿੰਘ ਨੇ ਸੂਬਾ ਸਰਕਾਰ ਵੱਲੋਂ ਨੌਜਵਾਨਾਂ ਦੇ ਹੁਨਰ ਨੂੰ ਨਿਖਾਰਦਿਆਂ ਉਨ੍ਹਾਂ ਨੂੰ ਰੋਜ਼ਗਾਰ ਦੇ ਯੋਗ ਬਣਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕੀਤੀਆਂ ਜਾ ਰਹੀਆਂ ਖੋਜ ਅਤੇ ਵਿਕਾਸ ਪਹਿਲਕਦਮੀਆਂ ਅਤਿ ਆਧੁਨਿਕ ਰੱਖਿਆ ਤਕਨੀਕਾਂ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਣਗੀਆਂ ਅਤੇ ਉੱਨਤ ਰੱਖਿਆ ਉਪਕਰਨ ਤਿਆਰ ਕਰਨ ਸਬੰਧੀ ਸਾਡੀ ਸਮਰੱਥਾ ਵਿੱਚ ਵੀ ਵਾਧਾ ਕਰਨਗੀਆਂ।

ਇਸ ਮੌਕੇ ਏ.ਡੀ.ਜੀ. ਆਰਮੀ ਡਿਜ਼ਾਈਨ ਬਿਊਰੋ ਮੇਜਰ ਜਨਰਲ ਸੀ.ਐਸ. ਮਾਨ, ਚੀਫ਼ ਨੋਡਲ ਅਫ਼ਸਰ ਉੱਤਰ ਪ੍ਰਦੇਸ਼ ਡਿਫੈਂਸ ਇੰਡਸਟਰੀਅਲ ਕੋਰੀਡੋਰ ਮੇਜਰ ਜਨਰਲ ਆਈ.ਐਮ. ਲਾਂਬਾ (ਸੇਵਾਮੁਕਤ), ਕਲਿਆਣੀ ਸਟ੍ਰੈਟਜਿਕ ਸਿਸਟਮਜ਼ ਲਿਮਟਿਡ ਦੇ ਚੇਅਰਮੈਨ ਸ੍ਰੀ ਰਜਿੰਦਰ ਸਿੰਘ ਭਾਟੀਆ, ਰੀਜ਼ਨਲ ਹੈਡ ਐਨ.ਐਸ.ਡੀ.ਸੀ. ਇੰਟਰਨੈਸ਼ਨਲ ਸ੍ਰੀ ਰਜਤ ਭਟਨਾਗਰ, ਚੇਅਰਮੈਨ ਐਸੋਚੈਮ ਪੰਜਾਬ ਅਤੇ ਡਾਇਰੈਕਟਰ ਸਰਸਵਤੀ ਗਰੁੱਪ ਆਫ਼ ਕੰਪਨੀਜ਼ ਸ੍ਰੀ ਅਭੀ ਬਾਂਸਲ, ਐਸੋਚੈਮ ਚੰਡੀਗੜ੍ਹ ਦੇ ਚੇਅਰਮੈਨ ਅਤੇ ਸੀ.ਐਫ.ਓ., ਐਸ.ਐਮ.ਐਲ. ਇਸੂਜ਼ੂ ਲਿਮਟਿਡ ਸ੍ਰੀ ਰਾਕੇਸ਼ ਭੱਲਾ, ਐਸੋਚੈਮ ਪੰਜਾਬ ਦੇ ਕੋ-ਚੇਅਰਮੈਨ ਅਤੇ ਪੰਜਾਬ ਫਿਲਮ ਸਿਟੀ ਦੇ ਕਾਰਜਕਾਰੀ ਨਿਰਦੇਸ਼ਕ ਸ੍ਰੀ ਇਕਬਾਲ ਚੀਮਾ ਨੇ ਵੀ ਸੰਮੇਲਨ ਨੂੰ ਸੰਬੋਧਨ ਕੀਤਾ।

# ਜਵਾਹਰ ਨਵੋਦਿਆ ਵਿਦਿਆਲਿਆ 'ਚ ਦਾਖਲੇ ਲਈ ਫਾਰਮ ਭਰਨ ਦੀ ਆਖਰੀ ਤਾਰੀਖ 16 ਸਤੰਬਰ

**ਲੁਧਿਆਣਾ, 3 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਨਵੋਦਿਆ ਵਿਦਿਆਲਿਆ ਸੰਮਤੀ ਵੱਲੋਂ ਸੈਸ਼ਨ 2025-26 ਤਹਿਤ ਜਵਾਹਰ ਨਵੋਦਿਆ ਵਿਦਿਆਲਿਆ, ਧਨਾਨਸੂ ਵਿਖੇ 6ਵੀਂ ਜਮਾਤ ਵਿੱਚ ਦਾਖਲੇ ਲਈ ਫਾਰਮ ਭਰਨ ਦੀ ਆਖਰੀ ਤਾਰੀਖ 16 ਸਤੰਬਰ, 2024 ਨਿਰਧਾਰਿਤ ਕੀਤੀ ਗਈ ਹੈ।ਇਸ ਸਬੰਧੀ ਪ੍ਰਿੰਸੀਪਲ ਨਿਸ਼ੀ ਗੋਇਲ ਨੇ ਦੱਸਿਆ ਕਿ ਜਵਾਹਰ ਨਵੋਦਿਆ ਵਿਦਿਆਲਿਆ, ਧਨਾਨਸੂ, ਜਿਲ੍ਹਾ ਲੁਧਿਆਣਾ ਵਿੱਚ ਛੇਵੀਂ ਜਮਾਤ ਦੇ ਦਾਖਲੇ ਲਈ ਇੱਛੁਕ ਅਤੇ ਯੋਗ ਉਮੀਦਵਾਰ ਵੈਬਸਾਈਟ https://cbseitms.rcil.gov.in 'ਤੇ ਆਨਲਾਈਨ ਫਾਰਮ ਭਰ ਸਕਦੇ ਹਨ। ਦਾਖਲਾ ਭਰਨ ਦੀ ਆਖਰੀ ਮਿਤੀ 16 ਸਤੰਬਰ, 2024 ਹੈ।ਉਨ੍ਹਾਂ ਦਾਖਲੇ ਸਬੰਧੀ ਸ਼ਰਤਾਂ ਬਾਰੇ ਖੁਲਾਸਾ ਕਰਦਿਆਂ ਦੱਸਿਆ ਕਿ ਵਿਦਿਆਰਥੀ ਲੁਧਿਆਣਾ ਜ਼ਿਲ੍ਹੇ ਦਾ ਪੱਕ ਵਸਨੀਕ ਹੋਣਾ ਚਾਹੀਦਾ ਹੈ ਅਤੇ ਸਾਲ 2024-25 ਵਿੱਚ ਕਿਸੇ ਸਰਕਾਰੀ ਜਾਂ ਮਾਨਤਾ ਪ੍ਰਾਪਤ ਸਕੂਲ ਵਿੱਚ ਪੰਜਵੀਂ ਜਮਾਤ ਦਾ ਵਿਦਿਆਰਥੀ ਹੋਵੇ। ਵਿਦਿਆਰਥੀ ਤੀਜੀ, ਚੌਥੀ ਅਤੇ ਪੰਜਵੀਂ ਜਮਾਤ ਵਿੱਚ ਲਗਾਤਾਰ ਮਾਨਤਾ ਪ੍ਰਾਪਤ ਸਕੂਲ ਦਾ ਵਿਦਿਆਰਥੀ ਹੋਣਾ ਲਾਜ਼ਮੀ ਹੈ। ਇਸ ਤੋਂ ਇਲਾਵਾ ਵਿਦਿਆਰਥੀ ਦਾ ਜਨਮ 1 ਮਈ 2013 ਤੋਂ 31 ਜੁਲਾਈ 2015 ਦੇ ਵਿਚਕਾਰ ਹੋਣਾ ਚਾਹੀਦਾ।ਪ੍ਰਿੰਸੀਪਲ ਨਿਸ਼ੀ ਗੋਇਲ ਨੇ ਇਹ ਵੀ ਦੱਸਿਆ ਕਿ ਹੁਣ ਤੱਕ 292 ਵਿਦਿਆਰਥੀਆਂ ਨੇ ਇਸ ਪ੍ਰਵੇਸ਼ ਪ੍ਰੀਖਿਆ ਲਈ ਫਾਰਮ ਭਰੇ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਵੀ ਲਗਾਤਾਰ ਫਾਰਮ ਭਰੇ ਜਾਣ ਦੀ ਉਮੀਦ ਹੈ।

# ਪੀਸੀ ਅਤੇ ਪੀਐਨਡੀਟੀ ਐਕਟ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਸਲਾਹਕਾਰ ਕਮੇਟੀ ਦਾ ਰੋਲ ਮਹੱਤਵਪੂਰਨ : ਚੇਅਰਪਰਸ਼ਨ ਜਿਲ੍ਹਾ ਪੀਸੀ ਤੇ ਪੀਐਨਡੀਟੀ ਸਲਾਹਕਾਰ ਕਮੇਟੀ ਦੀ ਮੀਟਿੰਗ ਹੋਈ

**ਮਲੇਰਕੋਟਲਾ, 3 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹੇ 'ਚ ਪੀ.ਸੀ. ਅਤੇ ਪੀ.ਐਨ.ਡੀ.ਟੀ. ਐਕਟ ਨੂੰ ਸਹੀ ਰੂਪ 'ਚ ਲਾਗੂ ਕਰਨ ਲਈ ਸਥਾਪਤ ਜਿਲ੍ਹਾ ਪੀ.ਸੀ. ਅਤੇ ਪੀ.ਐਨ.ਡੀ.ਟੀ. ਸਲਾਹਕਾਰ ਕਮੇਟੀ ਬਣਾਈ ਹੋਈ ਹੈ । ਜਿਸ ਦੀ ਅੱਜ ਹੋਈ ਮੀਟਿੰਗ 'ਚ ਐਕਟ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਵਿਚਾਰ ਕੀਤੀ ਗਈ । ਇਸ ਤੋਂ ਇਲਾਵਾ ਕਮੇਟੀ ਮੈਂਬਰਾਂ ਵੱਲੋਂ ਨਵੇਂ ਆਏ ਸਿਵਲ ਸਰਜਨ ਦਾ ਸਵਾਗਤ ਵੀ ਕੀਤਾ ਗਿਆ।

ਇਸ ਸਬੰਧੀ ਵਿਸਥਾਰ ਸਹਿਤ ਜਾਣਕਾਰੀ ਦਿੰਦੇ ਹੋਏ ਚੇਅਰਪਸ਼ਨ ਕਮ ਸਿਵਲ ਸਰਜਨ ਡਾ. ਸੰਜੇ ਗੋਇਲ ਨੇ ਦੱਸਿਆ ਕਿ ਅੱਜ ਦੀ ਮੀਟਿੰਗ 'ਚ ਸਰਕਾਰ ਦੇ ਭਰੂਣ ਹੱਤਿਆ ਨੂੰ ਖਤਮ ਕਰਨ ਲਈ ਤੇ ਐਕਟ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਸਬੰਧੀ ਵਿਚਾਰ ਕੀਤੀ ਗਈ ।

ਇਸ ਸਮੇਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਜੇਕਰ ਕੋਈ ਵੀ ਵਿਅਕਤੀ ਲਿੰਗ ਨਿਰਧਾਰਣ ਜਾਂਚ ਕਰਦਾ ਹੈ ਜਾਂ ਕਰਵਾਉਂਦਾ ਹੈ ਤਾਂ ਉਸਦੀ ਸਕਾਇਤ ਸਿਵਲ ਸਰਜਨ ਮਲੇਰਕੋਟਲਾ ਨੂੰ ਕੀਤੀ ਜਾਵੇ ਤਾਂ ਜੋ ਜਿਲ੍ਹੇ ਚ ਕੰਨਿਆਂ ਭਰੂਣ ਹੱਤਿਆ ਨੂੰ ਪੂਰਨ 'ਚ ਰੋਕਿਆ ਜਾ ਸਕੇ । ਸਿਕਾਇਤ ਕਰਨ ਵਾਲੇ ਵਿਅਕਤੀ ਨਾਮ ਗੁਪਤ



ਰੱਖਿਆ ਜਾਵੇਗਾ ਤੇ ਉਸ ਵਿਅਕਤੀ ਨੂੰ ਇਨਾਮ ਰਾਸੀ ਵੀ ਦਿਤੀ ਜਾਵੇਗੀ । ਇਸ ਸਮੇਂ ਸਲਾਹਕਾਰ ਕਮੇਟੀ ਦੇ ਮੈਂਬਰ ਡਾ. ਸਵਪਨਜੀਤ ਕੌਰ, ਡਾ. ਗੁਰਵਿੰਦਰ ਸਿੰਘ, ਡਾ. ਰਾਜ ਕੁਮਾਰ ਕੌੜਾ, ਗੁਰਮੁੱਖ ਸਿੰਘ ਟਿਵਾਣਾ, ਅਜਹਰ ਮੁਨੀਮ, ਰਣਬੀਰ ਸਿੰਘ ਢੰਡੇ ਅਤੇ ਨਿਰਧਾਰਣ ਜਾਂਚ ਕਰਦਾ ਹੈ ਜਾਂ ਕਰਵਾਉਂਦਾ ਹੈ ਤਾਂ ਉਸਦੀ ਸਕਾਇਤ ਸਿਵਲ ਸਰਜਨ ਮਲੇਰਕੋਟਲਾ ਨੂੰ ਕੀਤੀ ਜਾਵੇ ਤਾਂ ਜੋ ਜਿਲ੍ਹੇ ਚ ਕੰਨਿਆਂ ਭਰੂਣ ਹੱਤਿਆ ਨੂੰ ਪੂਰਨ 'ਚ ਰੋਕਿਆ ਜਾ ਸਕੇ । ਸਿਕਾਇਤ ਕਰਨ ਵਾਲੇ ਵਿਅਕਤੀ ਨਾਮ ਗੁਪਤਹਰਜਿੰਦਰ ਸਿੰਘ ਤੇ ਰਫੀਕ ਮੁਹੰਮਦ ਵੀ ਮੌਜੂਦ ਸਨ ।

# ਸ਼੍ਰੋਮਣੀ ਅਕਾਲੀ ਦਲ (ਬ) ਦੇ ਨਵ ਨਿਯੁਕਤ ਪ੍ਰਧਾਨ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਵਿਖੇ ਹੋਏ ਨਤਮਸਤਕ



**ਸ੍ਰੀ ਅਨੰਦਪੁਰ ਸਾਹਿਬ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ (ਬ) ਦੇ ਨਵੇਂ ਬਣੇ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਅੱਜ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਆਪਣੇ ਵਰਕਰਾਂ, ਸਮਰਥਕਾਂ ਨਾਲ ਨਤਮਸਤਕ ਹੋਏ ਅਤੇ ਕੀਰਤਨ ਸਰਵਣ ਕੀਤਾ ਇਸ ਮੌਕੇ ਹੈੱਡ ਗ੍ਰੰਥੀ ਜੁਗਿੰਦਰ ਸਿੰਘ ਇਸ ਤੋਂ ਇਲਾਵਾ ਉਨਾਂ ਨੂੰ ਰੋਪੜ ਅਕਾਲੀ ਦਲ ਦੀ ਸਮੁੱਚੀ ਟੀਮ ਵੱਲੋਂ ਸਿਰੋਪਾਓ ਤੇ ਸ੍ਰੀ ਸਾਹਿਬ ਦੇ ਕੇ ਸਨਮਾਨਿਤ ਵੀ ਕੀਤਾ ਗਿਆ ਇਸ ਮੌਕੇ ਉਹਨਾਂ ਨਾਲ ਸਾਬਕਾ ਸਿੱਖਿਆ ਮੰਤਰੀ ਤੇ ਬੁਲਾਰੇ ਡਾ ਦਲਜੀਤ ਸਿੰਘ ਚੀਮਾ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਜਥੇਦਾਰ ਜਰਨੈਲ ਸਿੰਘ ਔਲਖ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ, ਸਰਦਾਰ ਦਲਜੀਤ ਸਿੰਘ ਭਿੰਡਰ ਮੈਂਬਰ ਸ਼੍ਰੋਮਣੀ ਕਮੇਟੀ ਹਿਮਾਚਲ ਪ੍ਰਦੇਸ਼, ਸਾਬਕਾ ਮੈਂਬਰ ਤੇ ਜ਼ਿਲ੍ਹਾ ਰੂਪਨਗਰ ਤੇ ਪ੍ਰਧਾਨ ਜਥੇਦਾਰ ਗੁਰਿੰਦਰ ਸਿੰਘ ਗੋਗੀ, ਅਜਮੇਰ ਸਿੰਘ ਖੇੜਾ ਸ਼੍ਰੋਮਣੀ ਕਮੇਟੀ ਮੈਂਬਰ ਸ਼੍ਰੋਮਣੀ ਕਮੇਟੀ, ਸਰਦਾਰ ਸੁਰਿੰਦਰ ਸਿੰਘ ਮਟੌਰ, ਮੈਨੇਜਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਮਲਕੀਤ ਸਿੰਘ, ਮੈਂਬਰ ਗੁਰਪ੍ਰੀਤ ਸਿੰਘ ਝੱਬਰ ਆਦਿ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੀਆਂ ਬੀਬੀਆਂ ਵੀ ਵੀ ਹਾਜ਼ਰ ਸਨ ਇਸ ਮੌਕੇ ਉਹਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹਨਾਂ ਵੱਲੋਂ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਅੱਜ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ ਗਿਆ ਉਹਨਾਂ ਕਿਹਾ ਕਿ ਇਸ ਤੋਂ ਪਹਿਲਾਂ ਉਹ ਰੋਪੜ ਵਿਖੇ ਗੁਰਦੁਆਰਾ ਭੱਠਾ ਸਾਹਿਬ ਵਿਖੇ ਵੀ ਨਤਮਸਤਕ ਹੋਏ ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਪੰਜਾਬ ਦੇ ਹਿੱਤਾਂ ਦੀ ਗੱਲ ਕਰਦਾ ਆਇਆ ਹੈ।

ਜਦੋਂ ਕਿ ਸਿੱਖਾਂ ਨਾਲ ਹਮੇਸ਼ਾ ਧੱਕੇਸ਼ਾਹੀ ਕੀਤੀ ਜਾਂਦੀ ਰਹੀ ਹੈ ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਮਜਬੂਤ ਕਰਨ ਲਈ ਸਾਰੇ ਅਹੁਦੇਦਾਰਾਂ ਤੇ ਜਮੀਨੀ ਪੱਧਰ ਤੇ ਕੰਮ ਕਰਨ ਵਾਲੇ ਵਰਕਰਾਂ ਨੂੰ ਨਾਲ ਲੈ ਕੇ ਪਾਰਟੀ ਨੂੰ ਹੋਰ ਮਜਬੂਤ ਕੀਤਾ ਜਾਵੇਗਾ।

ਉਹਨਾਂ ਕਿਹਾ ਕਿ ਸਿੱਖਾਂ ਨਾਲ ਹਮੇਸ਼ਾ ਵਿੱਤਕਰਾ ਕੀਤਾ ਜਾਂਦਾ ਰਿਹਾ ਹੈ ਉਹਨਾਂ ਕਿਹਾ ਕਿ ਜਿਹੜੀ ਜਿੰਮੇਵਾਰੀ ਉਹਨਾਂ ਨੂੰ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸ ਸੁਖਬੀਰ ਸਿੰਘ ਬਾਦਲ ਵੱਲੋਂ ਦਿੱਤੀ ਗਈ ਹੈ ਉਹ ਪੂਰੀ ਤਨਦੇਹੀ ਨਾਲ ਇਸ ਜਿੰਮੇਵਾਰੀ ਨੂੰ ਨਿਭਾਉਣਗੇ ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ (ਬ) ਦਲ ਦੇ ਸਾਰੇ ਆਗੂਆਂ ਨੂੰ ਇੱਕਜੁੱਟ ਹੋ ਕੇ ਪਾਰਟੀ ਲਈ ਕੰਮ ਕਰਨਾ ਚਾਹੀਦਾ ਹੈ।

# ਕੰਵਰ ਗਰੇਵਾਲ ਦੀਆਂ ਸੂਫ਼ੀ ਸੁਰਾਂ ਨਾਲ ਸਿਖਰ 'ਤੇ ਪਹੁੰਚਿਆ ਤੀਆਂ ਦਾ ਮੇਲਾ



**ਸ੍ਰੀ ਮੁਕਤਸਰ ਸਾਹਿਬ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਿੰਡ ਭਲਾਈਆਣਾ ਵਿਖੇ ਲਗਾਇਆ ਤੀਆਂ ਦਾ ਮੇਲਾ ਸੂਫੀ ਗਾਇਕ ਕੰਵਰ ਗਰੇਵਾਲ ਦੀਆਂ ਸੂਫ਼ੀ ਸੁਰਾਂ ਨਾਲ ਆਪਣੇ ਸਿਖਰ 'ਤੇ ਪਹੁੰਚ ਕੇ ਅੱਜ ਸਮਾਪਤ ਹੋਇਆ।

ਆਖਰੀ ਸੈਸ਼ਨ ਵਿੱਚ ਜਿਲ੍ਹੇ ਦੇ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀ ਰਾਜ ਕੁਮਾਰ ਮੁੱਖ ਮਹਿਮਾਨ ਸਨ ਅਤੇ ਸਮਾਗਮ ਦੀ ਪ੍ਰਧਾਨਗੀ ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਤ੍ਰਿਪਾਠੀ ਨੇ ਕੀਤੀ। ਇਸ ਮੌਕੇ ਉਨਾਂ ਦੇ ਜੀਵਨ ਸਾਥੀ ਪ੍ਰੋਫੈਸਰ ਨਿਸ਼ਥਾ ਤ੍ਰਿਪਾਠੀ ਵਿਸ਼ੇਸ਼ ਤੌਰ 'ਤੇ ਪਹੁੰਚੇ।

ਇਸ ਮੌਕੇ ਕੰਵਰ ਗਰੇਵਾਲ ਦੇ ਸੂਫੀ ਗਾਇਨ ਨੇ ਦਰਸ਼ਕਾਂ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ। ਇਸ ਤੋਂ ਪਹਿਲਾਂ ਵੱਖ-ਵੱਖ ਮੁਕਾਬਲਿਆਂ ਦੇ ਜੇਤੂ ਟੀਮਾਂ ਅਤੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ। ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਤ੍ਰਿਪਾਠੀ ਨੇ ਇਸ ਆਯੋਜਨ ਨੂੰ ਸਫਲ ਕਰਨ ਵਿੱਚ ਭੂਮਿਕਾ ਨਿਭਾਉਣ ਵਾਲੇ ਸਾਰੇ ਵਿਭਾਗਾਂ ਨੂੰ ਵਧਾਈ ਦਿੱਤੀ ਅਤੇ ਇਲਾਕਾ ਨਿਵਾਸੀਆਂ ਨੂੰ ਇਸ ਮੇਲੇ ਦੇ ਸੰਪੰਨ ਹੋਣ 'ਤੇ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਗਿੱਧੇ ਦੇ ਮੁਕਾਬਲਿਆਂ ਵਿੱਚ ਜੇਤੂ ਗੁਰੂ ਤੇਗ ਬਹਾਦਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮਲੋਟ ਨੂੰ ਪਹਿਲਾ, ਗੁਰੂ ਤੇਗ ਬਹਾਦਰ ਖਾਲਸਾ ਪਬਲਿਕ ਸਕੂਲ ਨੂੰ ਦੂਜਾ, ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਕੋਟਭਾਈ ਅਤੇ ਐਡਵਰਡਗੰਜ ਸੀਨੀਅਰ ਸੈਕੰਡਰੀ ਸਕੂਲ ਮਲੋਟ ਨੂੰ ਸਾਂਝੇ ਤੌਰ 'ਤੇ ਤੀਜਾ ਪੁਰਸਕਾਰ ਦਿੱਤਾ ਗਿਆ। ਮਹਿੰਦੀ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਅੰਮ੍ਰਿਤ ਕੌਰ, ਦੂਜਾ ਸਥਾਨ ਨਵਦੀਪ ਕੌਰ ਅਤੇ ਤੀਜਾ ਸਥਾਨ ਨਵਜੋਤ ਕੌਰ ਅਤੇ ਪ੍ਰਿਆ ਨੇ ਹਾਸਿਲ ਕੀਤਾ। ਗੁੱਤ ਗੁੰਦਣ ਦੇ ਮੁਕਾਬਲਿਆਂ ਵਿੱਚ ਯਸ਼ਨਦੀਪ ਕੌਰ ਨੇ ਪਹਿਲਾ, ਜਸਬੀਰ ਕੌਰ ਨੇ ਦੂਜਾ ਅਤੇ ਏਕਮਜੀਤ ਕੌਰ ਅਤੇ ਮਹਿਕਦੀਪ ਕੌਰ ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਹਾਸਿਲ ਕੀਤਾ। ਇਸ ਮੇਲੇ ਦੀਆਂ ਰੌਣਕਾਂ ਵੇਖਣ ਵਾਲੀਆਂ ਸਨ ਅਤੇ ਅੱਜ ਤੀਜੇ ਦਿਨ ਭਾਰੀ ਰੌਣਕਾਂ ਰਹੀਆਂ ਅਤੇ ਆਸ ਪਾਸ ਦੇ ਅਨੇਕਾਂ ਪਿੰਡਾਂ ਤੋਂ ਸੈਂਕੜੇ ਲੋਕਾਂ ਨੇ ਮੇਲੇ ਵਿੱਚ ਹੀ ਸ਼ਿਰਕਤ ਕਰਕੇ ਜਿੱਥੇ ਪੰਜਾਬੀ ਸੱਭਿਆਚਾਰ ਅਤੇ ਵਿਰਾਸਤ ਦਾ ਆਨੰਦ ਲਿਆ ਉੱਥੇ ਹੀ ਕੰਵਰ ਗਰੇਵਾਲ ਦੇ ਸੂਫੀ ਗਾਇਨ ਦਾ ਵੀ ਆਨੰਦ ਲਿਆ।

ਇਸ ਮੌਕੇ ਐਸ.ਐਸ.ਪੀ. ਸ੍ਰੀ ਤੁਸ਼ਾਰ ਗੁਪਤਾ, ਏ.ਡੀ.ਸੀ. ਸੁਰਿੰਦਰ ਸਿੰਘ ਢਿੱਲੋਂ, ਐਸ.ਡੀ.ਐਮ. ਡਾ. ਸੰਜੀਵ ਕੁਮਾਰ, ਬਲਜੀਤ ਕੌਰ ਅਤੇ ਜਸਪਾਲ ਸਿੰਘ ਬਰਾੜ, ਜ਼ਿਲ੍ਹਾ ਭਲਾਈ ਅਫਸਰ ਜਗਮੋਹਨ ਸਿੰਘ ਮਾਨ, ਜ਼ਿਲ੍ਹਾ ਸਿੱਖਿਆ ਅਫਸਰ ਜਸਪਾਲ ਸਿੰਘ ਮੋਗਾ ਅਤੇ ਉਪ ਜਿਲ੍ਹਾ ਸਿੱਖਿਆ ਅਫਸਰ ਕਪਿਲ ਸ਼ਰਮਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਸਿਵਲ ਹਸਪਤਾਲ ਤਰਨ ਤਾਰਨ ਵਿਖੇ ਸਿਵਲ ਸਰਜਨ ਡਾ ਗੁਰਪ੍ਰੀਤ ਸਿੰਘ ਰਾਏ ਵੱਲੋਂ ਕੌਮੀ ਅੱਖਾਂ ਦਾਨ ਪੰਦਰਵਾੜੇ ਤਹਿਤ ਆਮ ਲੋਕਾਂ ਨੂੰ ਕੀਤੀ ਅਪੀਲ

**ਤਰਨ ਤਾਰਨ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਡਾ ਗੁਰਪ੍ਰੀਤ ਸਿੰਘ ਰਾਏ ਵੱਲੋਂ ਸਿਵਲ ਹਸਪਤਾਲ ਤਰਨ ਤਾਰਨ ਵੱਲੋਂ ਕੌਮੀ ਅੱਖਾਂ ਦਾਨ ਪੰਦਰਵਾੜੇ ਤਹਿਤ ਆਮ ਲੋਕਾਂ ਨੂੰ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ।

ਸਿਵਲ ਸਰਜਨ ਡਾ ਗੁਰਪ੍ਰੀਤ ਸਿੰਘ ਰਾਏ ਨੇ ਕੌਮੀ ਅੱਖਾਂ ਦਾਨ ਪੰਦਰਵਾੜੇ ਤਹਿਤ ਜਾਣਕਾਰੀ ਦਿੰਦੇ ਹੋਏ ਦੱਸਿਆਂ ਕਿ ਇਹ ਪੰਦਰਵਾੜਾ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ 25 ਅਗਸਤ ਤੋਂ 8 ਸਤੰਬਰ ਤੱਕ ਮਨਾਇਆਂ ਜਾ ਰਿਹਾ ਹੈ। ਉਹਨਾ ਕਿਹਾ ਕਿ ਕੋਈ ਵੀ ਵਿਅੱਕਤੀ ਜੀਵਨ ਤੋਂ ਬਾਅਦ ਅੱਖਾਂ ਦਾਨ ਕਰਕੇ ਕਿਸੇ ਨੇਤਰ ਹੀਣ ਵਿਅੱਕਤੀ ਦੀ ਜਿੰਦਗੀ ਨੂੰ ਰੋਸ਼ਨ ਕਰ ਸਕਦਾ ਹੈ। ਉਹਨਾਂ ਕਿਹਾ ਕਿ ਇਹ ਅੱਖਾਂ ਦਾ ਦਾਨ ਸਭ ਤੋਂ ਮਹਾਨ ਦਾਨ ਹੈ ਅੱਖਾਂ ਦਾਨ ਮੌਤ ਚਾਰ ਤੋਂ ਛੇ ਘੰਟੇ ਦੇ ਵਿੱਚ ਹੀ ਏਦੋਨੀਆਂ ਚਾਹੀਦੀਆਂ ਹਨ। ਡਾ ਰਾਏ ਨੇ ਕਿਹਾ ਕਿ ਕਿਸੇ ਵੀ ਉਮਰ ਦੇ ਚਾਹੇ ਵਿਅੱਕਤੀ ਦੇ ਐਨਕਾਂ ਲੱਗੀਆਂ ਹੋਣ, ਐਨਕਾਂ ਦਾ ਅਪ੍ਰੇਸ਼ਨ ਹੋਇਆ ਹੋਵੇ ਅਤੇ ਅੱਖਾਂ ਵਿੱਚ ਲੈਨਜ਼ ਪਾਏ ਹੋਣ ਅਜਿਹੇ ਵਿਅੱਕਤੀ ਵੀ ਮੌਤ ਤੋਂ ਬਾਅਦ ਅੱਖਾਂ ਦਾਨ ਕਰ ਸਕਦਾ ਹੈ।

ਸੀਨੀਅਰ ਮੈਡੀਕਲ ਅਫਸਰ ਡਾ ਸਰਬਜੀਤ ਸਿੰਘ ਸਿਵਲ ਹਸਪਤਾਲ ਤਰਨ ਤਾਰਨ ਨੇ ਕਿਹਾ ਕਿ ਅੱਖਾਂ ਦਾਨ ਲਈ ਆਪਣੇ ਨੇੜੇ ਦੇ ਆਈ ਬੈਂਕ ਜਾਂ ਸਬ ਡਵੀਜਨ ਹਸਪਤਾਲ ਜਾਂ ਜਿਲ੍ਹਾ ਹਸਪਤਾਲ ਨਾਲ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ। ਉਹਨਾਂ ਕਿਹਾ ਕਿ ਇਹ ਅੱਖਾਂ ਦਾਨ ਦੀ ਪ੍ਰਕਿਰਿਆ ਦੱਸ ਪੰਦਰਾ ਮਿੰਟ ਵਿੱਚ ਹੀ ਮੁਕੰਮਲ ਕਰ ਲਈ ਜਾਂਦੀ ਹੈ। ਇਸ ਮੌਕੇ ਡਾ8 ਨਵਨੀਤ ਸਿੰਘ ਆਈ ਸਰਜਨ ਸਿਵਲ ਹਸਪਤਾਲ ਤਰਨ ਤਾਰਨ ਨੇ ਕਿਹਾ ਕਿ ਇਸ ਪੰਦਰਵਾੜੇ ਦਾ ਆਮ ਲੋਕਾਂ ਨੂੰ ਪੂਰਾ ਫਾਇਦਾ ਲੈਣਾ ਚਾਹੀਦਾ ਹੈ ਅਤੇ ਆਪਣੀਆਂ ਅੱਖਾਂ ਦੀ ਸਕਰੀਨਿੰਗ ਜਾਂਚ ਆਦਿ ਵੀ ਜਰੂਰ ਕਰਵਾਉ। ਡਾ ਨਵਨੀਤ ਸਿੰਘ ਨੇ ਕਿਹਾ ਕਿ ਇਸ ਪੰਦਰਵਾੜੇ ਤਹਿਤ ਲੋੜਵੰਦ ਮਰੀਜਾਂ ਨੂੰ ਅਨੇਕਾਂ ਮੁਹੱਇਆ ਕਰਵਾਈਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਅੱਖਾਂ ਸਰੀਰ ਦਾ ਵੱਡਮੁੱਲਾ ਅੰਗ ਹਨ ਸਾਨੂੰ ਅੱਖਾਂ ਦੀ ਸਾਂਭ ਸੰਭਾਲ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਇਸ ਮੌਕੇ ਜਿਲ੍ਹਾ ਟੀਕਾਕਰਨ ਅਫਸਰ ਡਾ ਵਰਿੰਦਰਪਾਲ ਕੌਰ, ਜਿਲ੍ਹਾ ਪ੍ਰੀਵਾਰ ਭਲਾਈ ਅਫਸਰ ਡਾ8 ਸਤਵਿੰਦਰ ਕੁਮਾਰ ਭਗਤ, ਸਹਾਇਕ ਸਿਵਲ ਸਰਜਨ ਡਾ ਦੇਵੀ ਬਾਲਾ, ਡਾ ਨਵਨੀਤ ਸਿੰਘ ਆਈ ਸਰਜਨ, ਡਾ ਸੁਰਿੰਦਰ ਸਿੰਘ, ਡਾ ਹਰਪ੍ਰੀਤ ਸਿੰਘ, ਜਿਲ੍ਹਾ ਮਾਸ ਮੀਡੀਆ ਅਫਸਰ ਸ੍ਰੀ ਸੁਖਵੰਤ ਸਿੰਘ ਸਿੱਧੂ, ਸ੍ਰੀਮਤੀ ਪਰਮਜੀਤ ਕੌਰ ਅਖਬਾਲਮਿਕ ਅਫਸਰ, ਆਰੂਸ਼ ਭੱਲਾ ਬੀਸੀਸੀ ਕੁਆਰਡੀਨੇਟਰ, ਸ੍ਰੀ ਅੰਮ੍ਰਿਤਪਾਲ ਸਿੰਘ ਆਈ ਵਿੰਗ ਕੰਪਿਊਟਰ ਅਪ੍ਰੇਟਰ ਆਦਿ ਹਾਜਰ ਸਨ।



# ਜ਼ਿਲ੍ਹਾ ਰੋਜ਼ਗਾਰ ਬਿਊਰੋ ਤੇ ਮਾਡਲ ਕਰੀਅਰ ਸੈਂਟਰ ਨੇ ਲਗਾਇਆ ਜਵਾਹਰ ਨਵੋਦਿਆ ਵਿਦਿਆਲਿਆ ਵਿਖੇ ਵਿਸ਼ੇਸ਼ ਕਰੀਅਰ ਗਾਈਡੈਂਸ ਪ੍ਰੋਗਰਾਮ



**ਹੁਸ਼ਿਆਰਪੁਰ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸੰਜੀਵ ਕੁਮਾਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ ਜਵਾਹਰ ਨਵੋਦਿਆ ਵਿਦਿਆਲਿਆ ਫਲਾਈ ਵਿਖੇ ਦਸਵੀਂ ਅਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਸਬੰਧੀ ਕਰੀਅਰ ਗਾਈਡੈਂਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਯੰਗ ਪ੍ਰੋਫੈਸ਼ਨਲ ਵਿਕਰਮ ਸਿੰਘ ਨੇ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਬਾਰੇ ਦੱਸਦੇ ਹੋਏ ਨੈਸ਼ਨਲ ਕਰੀਅਰ ਸਰਵਿਸਜ਼ ਪੋਰਟਲ 'ਤੇ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਰੋਜ਼ਗਾਰ ਦਫ਼ਤਰ ਦੀ ਮੋਬਾਇਲ ਐਪ ਡੀਬੀਈਈ ਆਨਲਾਈਨ ਗੂਗਲ ਪਲੇਅ ਸਟੋਰ ਰਾਹੀਂ ਡਾਊਨਲੋਡ ਕਰਕੇ ਘਰ ਬੈਠੇ ਹੀ ਪ੍ਰਾਈਵੇਟ ਨੌਕਰੀਆਂ ਦੀ ਭਰਤੀ ਅਤੇ ਸਰਕਾਰੀ ਨੌਕਰੀਆਂ ਦੀ ਜਾਣਕਾਰੀ ਲੈਣ ਬਾਰੇ ਜਾਣਕਾਰੀ ਦਿੱਤੀ। ਰੋਜ਼ਗਾਰ ਬਿਊਰੋ ਰਾਹੀਂ ਦਿੱਤੀਆਂ ਜਾਂਦੀਆਂ ਸਹੂਲਤਾਂ ਜਿਵੇਂ ਕਿ ਬੱਚਿਆਂ ਦੇ ਭਵਿੱਖ ਦੇ ਕਰੀਅਰ ਲਈ ਕੀਤੀ ਜਾਂਦੀ ਕਰੀਅਰ ਕਾਊਂਸਲਿੰਗ ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦੇ ਹੋਏ ਵੱਖ-ਵੱਖ ਸਟਰੀਮਾਂ ਦੀ ਪੜ੍ਹਾਈ, ਆਈ.ਟੀ.ਆਈ ਕੋਰਸ, ਡਿਪਲੋਮਾ ਅਤੇ ਡਿਗਰੀ ਕੋਰਸਾਂ ਬਾਰੇ ਜਾਣਕਾਰੀ ਦਿੱਤੀ।

ਇਸ ਉਪਰੰਤ ਪਲੇਸਮੈਂਟ ਅਫਸਰ ਰਾਕੇਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਪਲੇਸਮੈਂਟ ਸੈੱਲ ਦੁਆਰਾ ਕੀਤੇ ਜਾਂਦੇ ਨੌਕਰੀਆਂ ਦੇ ਉਪਰਾਲੇ, ਰੋਜ਼ਗਾਰ ਬਿਊਰੋ ਰਾਹੀਂ ਪ੍ਰਾਰਥੀਆਂ ਨੂੰ ਦਿੱਤੀ ਜਾਂਦੀ ਮੁਫ਼ਤ ਇੰਟਰਨੈੱਟ ਸੁਵਿਧਾ, ਸਵੈ-ਰੋਜ਼ਗਾਰ ਸਕੀਮਾਂ ਅਤੇ ਸ਼ਾਰਟ-ਟਰਮ ਤਕਨੀਕੀ ਕੋਰਸਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਪੰਜਾਬ ਸਰਕਾਰ ਦੀਆਂ ਵੱਖ-ਵੱਖ ਨੌਕਰੀਆਂ ਅਤੇ ਬੈਂਕਿੰਗ ਸੈਕਟਰ ਦੀਆਂ ਨੌਕਰੀਆਂ ਬਾਰੇ ਵੀ ਜਾਣਕਾਰੀ ਦਿੱਤੀ।

ਇਸ ਵਿਸ਼ੇਸ਼ ਵਰਕਸ਼ਾਪ ਪ੍ਰੋਗਰਾਮ ਦੌਰਾਨ ਸਬੰਧਤ ਸਕੂਲ ਦੇ ਸਮੂਹ ਸਟਾਫ ਅਤੇ ਤਕਰੀਬਨ 100 ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਪੂਰਵਕ ਇਸ ਪ੍ਰੋਗਰਾਮ ਵਿਚ ਭਾਗ ਲਿਆ। ਇਸ ਮੌਕੇ ਪ੍ਰਿੰਸੀਪਲ ਜਵਾਹਰ ਨਵੋਦਿਆ ਵਿਦਿਆਲਿਆ ਫਲਾਈ ਰੰਜੂ ਦੁੱਗਲ ਨੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਦੀ ਪੂਰੀ ਟੀਮ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਭਵਿੱਖ ਵਿਚ ਵੀ ਇਸ ਤਰ੍ਹਾਂ ਦੇ ਸੈਮੀਨਾਰ ਲਗਾਉਣ ਲਈ ਕਿਹਾ।

# ਪੀ.ਪੀ.ਐਸ.ਸੀ ਨੇ ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੀਆਂ 23 ਵੇਅਰ ਹਾਊਸ ਮੈਨੇਜਰ ਦੀਆਂ ਅਸਾਮੀਆਂ ਦਾ ਨਤੀਜਾ ਐਲਾਨਿਆ



**ਪਟਿਆਲਾ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪਬਲਿਕ ਸਰਵਿਸ ਕਮਿਸ਼ਨ (ਪੀ.ਪੀ.ਐਸ.ਸੀ.) ਦੇ ਚੇਅਰਮੈਨ ਜਤਿੰਦਰ ਸਿੰਘ ਔਲਖ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਮਿਸ਼ਨ ਵੱਲੋਂ ਅੱਜ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਅਧੀਨ ਪੈਂਦੇ ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਵਿੱਚ ਵੇਅਰ ਹਾਊਸ ਮੈਨੇਜਰ ਦੀਆਂ ਅਸਾਮੀਆਂ ਦਾ ਨਤੀਜਾ ਐਲਾਨ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਵੇਅਰ ਹਾਊਸ ਮੈਨੇਜਰ ਦੀਆਂ 23 ਅਸਾਮੀਆਂ ਲਈ ਕੁੱਲ 284 ਉਮੀਦਵਾਰਾਂ ਵੱਲੋਂ ਅਪਲਾਈ ਕੀਤਾ ਗਿਆ ਸੀ।

ਉਨ੍ਹਾਂ ਦੱਸਿਆ ਕਿ ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਵਿੱਚ ਵੇਅਰ ਹਾਊਸ ਮੈਨੇਜਰ ਦੀਆਂ ਅਸਾਮੀਆਂ ਦਾ ਨਤੀਜਾ ਵਿਭਾਗ ਦੀ ਵੈੱਬਸਾਈਟ www.ppsc.gov.in 'ਤੇ ਅੱਪਲੋਡ ਕਰ ਦਿੱਤਾ ਗਿਆ ਹੈ।

ਜਤਿੰਦਰ ਸਿੰਘ ਔਲਖ ਨੇ ਦੱਸਿਆ ਕਿ ਪੀ.ਪੀ.ਐਸ.ਸੀ. ਵੱਲੋਂ ਪੰਜਾਬ ਸਰਕਾਰ ਦੇ ਵੱਖ ਵੱਖ ਵਿਭਾਗਾਂ 'ਚ ਗਰੁੱਪ ਏ ਅਤੇ ਗਰੁੱਪ ਬੀ ਦੀਆਂ ਅਸਾਮੀਆਂ ਲਈ ਭਰਤੀ ਪ੍ਰਕਿਰਿਆ ਪੂਰੀ ਪਾਰਦਰਸ਼ਤਾ ਅਤੇ ਨਿਰਪੱਖਤਾ ਨਾਲ ਕੀਤੀ ਜਾਂਦੀ ਹੈ ਅਤੇ ? ਇਸ ਸਬੰਧੀ ਸਮੇਂ ਸਮੇਂ 'ਤੇ ਜਾਣਕਾਰੀ ਵਿਭਾਗ ਦੀ ਵੈੱਬਸਾਈਟ 'ਤੇ ਅੱਪਲੋਡ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਉਮੀਦਵਾਰ ਜਾਣਕਾਰੀ ਲਈ ਵਿਭਾਗ ਦੀ ਵੈੱਬਸਾਈਟ ਦੀ ਵਰਤੋਂ ਕਰਨ।

# ਗਲਾਡਾ ਵੱਲੋਂ ਆਲਮਗੀਰ ਵਿਖੇ 4 ਅਣਅਧਿਕਾਰਤ ਕਲੋਨੀਆਂ 'ਤੇ ਕਾਰਵਾਈ



**ਲੁਧਿਆਣਾ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਪ੍ਰਸ਼ਾਸਕ ਗਲਾਡਾ ਸੰਦੀਪ ਰਿਸ਼ੀ, ਆਈ.ਏ.ਐਸ. ਵੱਲੋਂ ਗੈਰ-ਕਾਨੂੰਨੀ ਕਲੋਨੀਆਂ @ਤੇ ਸ਼ਿਕੰਜਾ ਕੱਸਦਿਆਂ ਕਿਹਾ ਕਿ ਅਣਅਧਿਕਾਰਤ ਅਤੇ ਗੈਰ-ਯੋਜਨਾਬੱਧ ਤਰੀਕੇ ਨਾਲ ਕੀਤੀਆਂ ਉਸਾਰੀਆਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ। ਉਨ੍ਹਾਂ ਸਪੱਸ਼ਟ ਕੀਤਾ ਕਿ ਗੈਰ-ਕਾਨੂੰਨੀ ਕਲੋਨੀਆਂ ਵਿੱਚ ਸਸਤੇ ਪਲਾਟ ਵੇਚਣ ਦੀ ਆੜ ਵਿੱਚ ਕਾਨੂੰਨੀ ਪ੍ਰਵਾਨਗੀ ਅਤੇ ਸਰਕਾਰੀ ਨਿਯਮਾਂ ਨੂੰ ਛਿੱਕੇ ਟੰਗ ਕੇ ਭੋਲੇ-ਭਾਲੇ ਵਸਨੀਕਾਂ ਨਾਲ ਧੱਕੇਸ਼ਾਹੀ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕਰਨ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ।

ਵਧੀਕ ਮੁੱਖ ਪ੍ਰਸ਼ਾਸਕ, ਗਲਾਡਾ-ਕਮ-ਸਮਰੱਥ ਅਥਾਰਟੀ ਓਜਸਵੀ, ਆਈ.ਏ.ਐਸ. ਦੁਆਰਾ ਕਾਰਵਾਈ ਕਰਨ ਲਈ ਜਾਰੀ ਕੀਤੇ ਹੁਕਮਾਂ ਦੀ ਪਾਲਣਾ ਕਰਦਿਆਂ ਡਿਊਟੀ ਮੈਜਿਸਟ੍ਰੇਟ, ਪੁਲਿਸ ਫੋਰਸ ਅਤੇ ਗਲਾਡਾ ਦੀ ਇਨਫੋਰਸਮੈਂਟ ਟੀਮ ਜਿਸ ਵਿੱਚ ਜ਼ਿਲ੍ਹਾ ਟਾਊਨ ਪਲਾਨਰ (ਰੈਗੂਲੇਟਰੀ), ਸਹਾਇਕ ਟਾਊਨ ਪਲਾਨਰ (ਰੈਗੂਲੇਟਰੀ), ਸਬ-ਡਵੀਜ਼ਨਲ ਇੰਜੀਨੀਅਰ, ਗਲਾਡਾ, ਜੂਨੀਅਰ ਇੰਜੀਨੀਅਰ (ਰੈਗੂਲੇਟਰੀ) ਸ਼ਾਮਲ ਸਨ, ਨੇ 4 ਅਣਅਧਿਕਾਰਤ ਕਲੋਨੀਆਂ ਵਿਰੁੱਧ ਕਾਰਵਾਈ ਕੀਤੀ। ਅੱਜ 30 ਅਗਸਤ, 2024 ਨੂੰ ਪਿੰਡ ਆਲਮਗੀਰ, ਲੁਧਿਆਣਾ ਵਿੱਚ ਅਣਅਧਿਕਾਰਿਤ ਕਲੋਨੀਆਂ ਦੀਆਂ ਸੜਕਾਂ, ਚਾਰਦੀਵਾਰੀ, ਰਸਤਿਆਂ, ਸਟਰੀਟ ਲਾਈਟਾਂ, ਸੀਵਰੇਜ ਦੇ ਮੈਨਹੋਲਾਂ ਅਤੇ ਇਨ੍ਹਾਂ ਥਾਵਾਂ @ਤੇ ਹੋਰ ਨਾਜਾਇਜ਼ ਉਸਾਰੀਆਂ ਅਤੇ ਢਾਂਚਿਆਂ ਨੂੰ ਢਹਿ-ਢੇਰੀ ਕੀਤਾ ਗਿਆ। ਇਹ ਅਣ-ਅਧਿਕਾਰਤ ਕਲੋਨੀਆਂ ਪਿੰਡ ਆਲਮਗੀਰ, ਲੁਧਿਆਣਾ ਵਿੱਚ ਸਥਿਤ ਸਨ।ਜਦੋਂ ਡਿਵੈਲਪਰਾਂ ਨੂੰ ਨੋਟਿਸ ਦੇਣ ਦੇ ਬਾਵਜੂਦ ਵੀ ਉਨ੍ਹਾਂ ਗੈਰ-ਕਾਨੂੰਨੀ ਉਸਾਰੀ ਦਾ ਕੰਮ ਬੰਦ ਨਹੀਂ ਕੀਤਾ ਤਾਂ ਇਕ ਵਿਸ਼ੇਸ਼ ਟੀਮ ਵੱਲੋਂ ਕਾਰਵਾਈ ਆਰੰਭੀ ਗਈ, ਜੋ ਬਿਨਾਂ ਵਿਰੋਧ ਨੇਪਰੇ ਚੜ੍ਹੀ। ਸ਼ੁਰੂਆਤੀ ਪੜਾਅ @ਤੇ ਗੈਰ-ਕਾਨੂੰਨੀ ਕਲੋਨੀਆਂ ਦੀ ਰੋਕਥਾਮ ਲਈ ਗਲਾਡਾ ਆਉਣ ਵਾਲੇ ਹਫ਼ਤਿਆਂ ਵਿੱਚ ਅਜਿਹੀਆਂ ਹੋਰ ਮੁਹਿੰਮਾਂ ਦੀ ਯੋਜਨਾ ਬਣਾ ਰਿਹਾ ਹੈ।

ਮੁੱਖ ਪ੍ਰਸ਼ਾਸਕ, ਗਲਾਡਾ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਣਅਧਿਕਾਰਤ ਕਲੋਨੀਆਂ ਵਿੱਚ ਜਾਇਦਾਦ/ਪਲਾਟ/ਇਮਾਰਤਾਂ ਦੀ ਖਰੀਦ ਨਾ ਕਰਨ ਕਿਉਂਕਿ ਗਲਾਡਾ ਕੋਈ ਵੀ ਸਹੂਲਤ ਜਿਵੇਂ ਕਿ ਵਾਟਰ ਸਪਲਾਈ, ਸੀਵਰੇਜ, ਬਿਜਲੀ ਕੁਨੈਕਸ਼ਨ, ਸਟਰੀਟ ਲਾਈਟਾਂ ਆਦਿ ਪ੍ਰਦਾਨ ਨਹੀਂ ਕਰੇਗਾ। ਉਨ੍ਹਾਂ ਦੇ ਮਨਜ਼ੂਰ ਕੀਤੇ ਨਕਸ਼ੇ ਗਲਾਡਾ ਦੀ ਅਧਿਕਾਰਤ ਵੈੱਬਸਾਈਟੋ ਤੇ ਉਪਲਬਧ ਹਨ, ਜੋ ਕਿ ਸੰਭਾਵੀ ਖਰੀਦਦਾਰਾਂ ਦੁਆਰਾ ਕੋਈ ਵੀ ਜਾਇਦਾਦ ਖਰੀਦਣ ਤੋਂ ਪਹਿਲਾਂ ਜਾਂਚੇ ਜਾ ਸਕਦੇ ਹਨ।

ਗਲਾਡਾ ਦੇ ਵਧੀਕ ਮੁੱਖ ਪ੍ਰਸ਼ਾਸਕ ਨੇ ਦੱਸਿਆ ਕਿ ਗੈਰ-ਕਾਨੂੰਨੀ ਕਲੋਨੀਆਂ @ਤੇ ਕਾਰਵਾਈ ਦੀ ਮੁਹਿੰਮ ਚਲਾਉਣ ਦੇ ਨਾਲ-ਨਾਲ ਅਜਿਹੀਆਂ ਕਲੋਨੀਆਂ ਦੇ ਡਿਵੈਲਪਰਾਂ ਵਿਰੁੱਧ ਐਫ.ਆਈ.ਆਰ., ਕਲੋਨੀਆਂ ਵਿੱਚ ਪਲਾਟਾਂ ਦੀ ਰਜਿਸਟਰੀ ਨਾ ਕਰਵਾਉਣ ਲਈ ਸਬੰਧਤ ਤਹਿਸੀਲਦਾਰਾਂ, ਬਿਜਲੀ ਦੇ ਕੁਨੈਕਸ਼ਨ ਨਾ ਦੇਣ ਲਈ ਪੀ.ਐਸ.ਪੀ.ਸੀ.ਐਲ. ਨੂੰ ਵੀ ਅਗਾਊਂ ਸਿਫਾਰਸ਼ ਕੀਤੀ ਗਈ ਹੈ।

# ਆਪ ਦੀ ਸਰਕਾਰ, ਆਪ ਦੇ ਦੁਆਰ' ਮੁਹਿੰਮ ਦੇ ਤਹਿਤ ਮੁਕੇਰਿਆਂ ਦੇ ਪਿੰਡ ਹਰਸੇ ਕਲੋਤਾ ਵਿੱਚ ਲੱਗਿਆ ਸ਼ਿਕਾਇਤ ਨਿਵਾਰਣ ਕੈਂਪ



**ਹੁਸ਼ਿਆਰਪੁਰ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ 'ਆਪ ਦੀ ਸਰਕਾਰ, ਆਪ ਦੇ ਦੁਆਰ' ਮੁਹਿੰਮ ਦੇ ਤਹਿਤ ਜਿਲਾ ਪ੍ਰਸ਼ਾਸਨ ਵਲੋਂ ਉਪਮੰਡਲ ਮੁਕੇਰਿਆਂ ਦੇ ਪਿੰਡ ਹਰਸੇ ਕਲੋਤਾ ਵਿੱਚ ਇੱਕ ਸ਼ਿਕਾਇਤ ਨਿਵਾਰਣ ਕੈਂਪ ਲਗਾਇਆ ਗਿਆ। ਇਸ ਦੌਰਾਨ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਅਤੇ ਐਸ.ਐਸ.ਪੀ ਸੁਰੇਂਦਰ ਲਾਂਬਾ ਨੇ ਕੈਂਪ ਦਾ ਜਾਇਜ਼ਾ ਲਿਆ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ। ਇਸ ਮੌਕੇ @ਤੇ ਐਸ.ਡੀ.ਐਮ ਮੁਕੇਰਿਆਂ ਅਸ਼ੋਕ ਕੁਮਾਰ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ। ਕੈਂਪ ਦੌਰਾਨ ਲੋਕਾਂ ਨੂੰ ਜਿੱਥੇ ਸਰਕਾਰੀ ਯੋਜਨਾਵਾਂ ਦਾ ਲਾਭ ਦੇ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ ਉੱਥੇ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੀ ਨਸ਼ੇ ਦੇ ਖਿਲਾਫ ਮੁਹਿੰਮ ਬਾਰੇ ਵੀ ਜਾਣਕਾਰੀ ਦਿੱਤੀ ਗਈ ਅਤੇ ਲੋਕਾਂ ਨੂੰ ਨਸ਼ੇ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ।

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਇਹ ਸ਼ਿਕਾਇਤ ਨਿਵਾਰਣ ਕੈਂਪ ਮੁਖਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਸਾਰੇ ਪ੍ਰਦੇਸ਼ ਵਿੱਚ ਲਗਾਏ ਜਾ ਰਹੇ ਹਨ, ਜਿਸਦਾ ਮਕਸਦ ਪ੍ਰਸ਼ਾਸਨਿਕ ਸੇਵਾਵਾਂ ਨੂੰ ਲੋਕਾਂ ਦੇ ਦੁਆਰ ਤੱਕ ਪਹੁੰਚਾਉਣਾ ਹੈ। ਉਨ੍ਹਾਂ ਨੇ ਕੈਂਪ ਵਿੱਚ ਮੌਜੂਦ ਲੋਕਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ ਅਤੇ ਸੰਬੰਧਤ ਵਿਭਾਗਾਂ ਨੂੰ ਤਤਕਾਲ ਸਮਾਧਾਨ ਲਈ ਨਿਰਦੇਸ਼ ਦਿੱਤੇ। ਇਸ ਪ੍ਰੋਗ੍ਰਾਮ ਦਾ ਉਦੇਸ਼ ਸਰਕਾਰੀ ਸੇਵਾਵਾਂ ਨੂੰ ਵਧੇਰੇ ਪਾਰਦਰਸ਼ੀ ਅਤੇ ਸੁਲਭ ਬਣਾਉਣਾ ਹੈ, ਤਾਂ ਜੋ ਆਮ ਜਨਤਾ ਨੂੰ ਆਪਣੇ ਅਧਿਕਾਰਾਂ ਅਤੇ ਸੇਵਾਵਾਂ ਦਾ ਲਾਭ ਆਸਾਨੀ ਨਾਲ ਮਿਲ ਸਕੇ। ਕੋਮਲ ਮਿੱਤਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਕੈਂਪ ਨਾਲ ਪ੍ਰਸ਼ਾਸਨ ਅਤੇ ਜਨਤਾ ਦੇ ਦਰਮਿਆਨ ਸੰਵਾਦ ਦਾ ਪੁਲ ਮਜ਼ਬੂਤ ਹੁੰਦਾ ਹੈ ਅਤੇ ਸਮੱਸਿਆਵਾਂ ਦਾ ਤਤਕਾਲ ਹੱਲ ਨਿਕਲ ਸਕਦਾ ਹੈ।

ਕੋਮਲ ਮਿੱਤਲ ਨੇ ਕਿਹਾ ਕਿ 'ਆਪ ਦੀ ਸਰਕਾਰ, ਆਪ ਦੇ ਦੁਆਰ' ਮੁਹਿੰਮ ਦਾ ਮੁੱਖ ਉਦੇਸ਼ ਲੋਕਾਂ ਦੀਆਂ ਸਮੱਸਿਆਵਾਂ ਨੂੰ ਨੇੜੇ ਤੋਂ ਸਮਝਣਾ ਅਤੇ ਉਨ੍ਹਾਂ ਨੂੰ ਤੁਰੰਤ ਰਾਹਤ ਪ੍ਰਦਾਨ ਕਰਨਾ ਹੈ। ਉਨ੍ਹਾਂ ਨੇ ਕਿਹਾ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਕੈਂਪ ਆਯੋਜਿਤ ਕੀਤੇ ਜਾਣਗੇ ਤਾਂ ਜੋ ਹਰ ਨਾਗਰਿਕ ਨੂੰ ਸਰਕਾਰ ਦੀਆਂ ਯੋਜਨਾਵਾਂ ਅਤੇ ਸੇਵਾਵਾਂ ਦਾ ਪੂਰਾ ਲਾਭ ਮਿਲ ਸਕੇ। ਡਿਪਟੀ ਕਮਿਸ਼ਨਰ ਨੇ ਨਸ਼ੇ ਦੇ ਖਿਲਾਫ ਚਲਾਏ ਜਾ ਰਹੇ ਮੁਹਿੰਮ ਸੰਬੰਧੀ ਜਾਗਰੂਕਤਾ ਫੈਲਾਉਂਦੇ ਹੋਏ ਲੋਕਾਂ ਨੂੰ ਨਸ਼ੇ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਜੇ ਤੁਹਾਡੇ ਆਸ-ਪਾਸ ਕੋਈ ਨਸ਼ਾ ਵੇਚਦਾ ਹੈ, ਤਾਂ ਉਸ ਦੀ ਸੂਚਨਾ ਤੁਰੰਤ ਨਜ਼ਦੀਕੀ ਪੁਲਿਸ ਸਟੇਸ਼ਨ ਨੂੰ ਦਿਓ ਅਤੇ ਮਿਲ ਕੇ ਨਸ਼ੇ ਦੇ ਮੰਦ ਨੂੰ ਖਤਮ ਕਰਨ ਵਿੱਚ ਸਹਿਯੋਗ ਦਿਓ।

ਐਸ.ਐਸ.ਪੀ ਸੁਰੇਂਦਰ ਲਾਂਬਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਉਨ੍ਹਾਂ ਦੇ ਆਸ-ਪਾਸ ਕੋਈ ਨਸ਼ਾ ਵੇਚਦਾ ਹੈ, ਤਾਂ ਉਹ ਇਸ ਦੀ ਸੂਚਨਾ ਹੁਸ਼ਿਆਰਪੁਰ ਪੁਲਿਸ ਡਰੱਗ ਹੈਲਪਲਾਈਨ ਨੰਬਰ 95016-60318 @ਤੇ ਦੇ ਸਕਦੇ ਹਨ। ਸੂਚਨਾ ਦੇਣ ਵਾਲੇ ਦਾ ਨਾਮ ਅਤੇ ਪਤਾ ਗੁਪਤ ਰੱਖਿਆ ਜਾਵੇਗਾ।

ਕੈਂਪ ਵਿੱਚ ਵੱਖ-ਵੱਖ ਵਿਭਾਗਾਂ ਨੇ ਆਪਣੇ-ਆਪਣੇ ਸਟਾਲ ਲਗਾਏ ਸਨ, ਜਿਨ੍ਹਾਂ ਵਿੱਚ ਸਿਹਤ, ਸਿੱਖਿਆ, ਖੇਤੀਬਾੜੀ, ਬਿਜਲੀ, ਪਾਣੀ ਸਮੇਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ। ਉਨ੍ਹਾਂ ਨੇ ਮਹੱਤਵਪੂਰਨ ਸੇਵਾਵਾਂ ਨਾਲ ਸੰਬੰਧਿਤ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕੀਤੀ। ਲੋਕਾਂ ਨੇ ਸਿਹਤ ਜਾਂਚ, ਖੇਤੀਬਾੜੀ ਸੰਬੰਧੀ ਸਲਾਹ, ਸਿੱਖਿਆ ਨਾਲ ਸੰਬੰਧਿਤ ਸਵਾਲਾਂ, ਅਤੇ ਬਿਜਲੀ ਅਤੇ ਪਾਣੀ ਦੀਆਂ ਸਮੱਸਿਆਵਾਂ ਦੇ ਹੱਲ ਲਈ ਵੱਖ-ਵੱਖ ਸਟਾਲਾਂ @ਤੇ ਜਾ ਕੇ ਆਪਣੀਆਂ ਸਮੱਸਿਆਵਾਂ ਰੱਖੀਆਂ। ਸੰਬੰਧਤ ਅਧਿਕਾਰੀਆਂ ਨੇ ਮੌਕੇ @ਤੇ ਹੀ ਸਮੱਸਿਆਵਾਂ ਦਾ ਹੱਲ ਕਰਨ ਦਾ ਯਤਨ ਕੀਤਾ ਅਤੇ ਲੰਬਿਤ ਮਾਮਲਿਆਂ ਨੂੰ ਜਲਦੀ ਨਿਪਟਾਉਣ ਦਾ ਵਾਅਦਾ ਕੀਤਾ।

ਇਸ ਪ੍ਰੋਗ੍ਰਾਮ ਵਿੱਚ ਵੱਡੀ ਗਿਣਤੀ ਵਿੱਚ ਸਥਾਨਕ ਲੋਕ ਮੌਜੂਦ ਸਨ, ਜਿਨ੍ਹਾਂ ਨੇ ਇਸ ਪਹਿਲ ਦੀ ਸਰਾਹਣਾ ਕੀਤੀ।

# ਜ਼ੀਰਕਪੁਰ-ਚੰਡੀਗੜ੍ਹ ਬੈਰੀਅਰ 'ਤੇ ਸਰਵਿਸ ਰੋਡ ਦੀ ਖਸਤਾ ਹਾਲਤ ਕਾਰਨ ਲੱਗਣ ਵਾਲੇ ਟ੍ਰੈਫਿਕ ਜਾਮ ਤੋਂ ਰਾਹਗੀਰ ਪ੍ਰੇਸ਼ਾਨ



**ਜ਼ੀਰਕਪੁਰ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰ ਰੋਜ਼ ਜ਼ੀਰਕਪੁਰ-ਚੰਡੀਗੜ੍ਹ ਬੈਰੀਅਰ @ਤੇ ਲੱਗਣ ਵਾਲੇ ਟ੍ਰੈਫਿਕ ਜਾਮ ਕਾਰਨ ਸਥਾਨਕ ਵਸਨੀਕਾਂ ਅਤੇ ਰਾਹਗੀਰਾਂ ਨੂੰ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਥਾਂ ਤੇ ਬਣਾਏ ਗਏ ਨਵੇਂ ਪੁਲ ਦੇ ਹੇਠਾਂ ਭੀੜੀ ਅਤੇ ਟੁੱਟੀ ਸਰਵਿਸ ਰੋਡ ਕਾਰਨ ਇਲਾਕੇ ਵਿੱਚੋਂ ਲੰਘਣ ਵਾਲੇ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਕਾਰਨ ਲੋਕਾਂ ਵੱਲੋਂ ਪ੍ਰਸ਼ਾਸਨ ਤੋਂ ਇਸ ਸੜਕ ਨੂੰ ਠੀਕ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਇਸ ਸਬੰਧੀ ਗੱਲਬਾਤ ਕਰਦੇ ਹੋਏ ਪਿੰਡ ਭਬਾਤ ਦੇ ਵਸਨੀਕ ਸਤਨਾਮ ਸਿੰਘ, ਗੁਰਜੀਤ ਸਿੰਘ, ਕਾਕਾ ਸਿੰਘ, ਤਿਰਲੋਚਨ ਸਿੰਘ ਆਦਿ ਨੇ ਦਸਿਆ ਕਿ ਜ਼ੀਰਕਪੁਰ-ਚੰਡੀਗੜ੍ਹ ਬੈਰੀਅਰ @ਤੇ ਨਵਾਂ ਪੁਲ ਆਵਾਜਾਈ ਦੇ ਪ੍ਰਵਾਹ ਨੂੰ ਬਿਹਤਰ ਬਣਾਉਣ ਅਤੇ ਖੇਤਰ ਵਿੱਚ ਭੀੜ-ਭੜੱਕੇ ਨੂੰ ਘਟਾਉਣ ਲਈ ਸੀ। ਹਾਲਾਂਕਿ, ਹੇਠਾਂ ਖਸਤਾ ਹਾਲਤ ਸਰਵਿਸ ਰੋਡ ਇੱਕ ਵੱਡੀ ਰੁਕਾਵਟ ਬਣ ਗਈ ਹੈ, ਜਿਸ ਕਾਰਨ ਯਾਤਰੀਆਂ ਨੂੰ ਲੰਬੀ ਦੇਰੀ ਅਤੇ ਨਿਰਾਸ਼ਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਹ ਸੜਕ ਲੰਘਣ ਵਾਲੇ ਵਾਹਨਾਂ ਦੀ ਵਧਦੀ ਗਿਣਤੀ ਦੇ ਅਨੁਕੂਲਿਤ ਬਹੁਤ ਤੰਗ ਹੈ, ਜਿਸ ਨਾਲ ਰੋਜ਼ਾਨਾ ਟ੍ਰੈਫਿਕ ਜਾਮ ਹੋ ਜਾਂਦਾ ਹੈ ਜੋ ਨਾ ਸਿਰਫ ਸਥਾਨਕ ਨਿਵਾਸੀਆਂ ਨੂੰ ਪ੍ਰਭਾਵਿਤ ਕਰਦਾ ਹੈ, ਸਗੋਂ ਚੰਡੀਗੜ੍ਹ ਅਤੇ ਬਲਟਾਣਾ ਆਉਣ-ਜਾਣ ਵਾਲੇ ਲੋਕਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਉਨ੍ਹਾਂ ਦੱਸਿਆ ਕਿ ਇਸ ਪੁੱਲ ਦੇ ਹੇਠਾ ਤੋ ਉਨ੍ਹਾ ਦੇ ਪਿੰਡ ਨੂੰ ਆਉਣ ਵਾਲਾ ਰਾਸਤਾ ਨਿਕਲਦਾ ਹੈ ਜਦੋ ਕਿ ਇਸ ਮਾਰਗ ਤੇ ਕਈ ਗਡਾਉਨ ਅਤੇ ਟ੍ਰਾਸਪੋਰਟਾਂ ਹਨ ਜਿਸ ਕਾਰਨ ਟਰਕ ਆਦਿ ਇਸ ਮਾਰਗ ਤੋ ਲੰਘਦੇ ਰਹਿੰਦੇ ਹਨ ਜਦੋ ਕਿ ਇਹ ਪੁੱਲ ਦੇ ਹੇਠਾ ਸਿਰਫ 7 ਮੀਟਰ ਚੌੜਾ ਰਾਸਤਾ ਹੈ ਜਿਸਨੂੰ 10 ਮੀਟਰ ਚੌੜਾ ਕਰਨ ਦੀ ਪ੍ਰਸਾਸਨ ਤੋ ਮੰਗ ਕੀਤੀ ਜਾ ਰਹੀ ਹੈ ਤਾਂ ਜੋ ਪੁੱਲ ਦੇ ਹੇਠਾ ਲੱਗ ਰਹੇ ਵੱਡੇ ਵੱਡੇ ਜਾਮ ਤੋ ਨਿਯਾਤ ਮਿਲ ਸਕੇ। ਵਸਨੀਕਾਂ ਨੇ ਨਿਰਾਸ਼ਾ ਜ਼ਾਹਰ ਕਰਦਿਆਂ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਸਰਵਿਸ ਰੋਡ ਨੂੰ ਜਲਦੀ ਠੀਕ ਕਰਕੇ ਵੱਡਾ ਕੀਤਾ ਜਾਵੇ। ਉਹ ਦਲੀਲ ਦਿੰਦੇ ਹਨ ਕਿ ਮੌਜੂਦਾ ਸਥਿਤੀ ਨਾ ਸਿਰਫ ਅਸੁਵਿਧਾ ਦਾ ਕਾਰਨ ਬਣਦੀ ਹੈ ਬਲਕਿ ਡਰਾਈਵਰਾਂ ਅਤੇ ਪੈਦਲ ਚੱਲਣ ਵਾਲਿਆਂ ਲਈ ਸੁਰੱਖਿਆ ਲਈ ਖਤਰਾ ਵੀ ਪੈਦਾ ਕਰਦੀ ਹੈ। ਸੜਕ ਦੀ ਢੁਕਵੀਂ ਸਾਂਭ-ਸੰਭਾਲ ਅਤੇ ਚੌੜਾ ਨਾ ਕੀਤਾ ਜਾਣਾ ਲੰਬੇ ਸਮੇਂ ਤੋਂ ਲਟਕਦਾ ਆ ਰਿਹਾ ਹੈ, ਜਿਸ ਨੂੰ ਲੈ ਕੇ ਲੋਕਾਂ ਵੱਲੋਂ ਜਲਦ ਤੋਂ ਜਲਦ ਕਾਰਵਾਈ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਮਾਮਲੇ ਸਬੰਧੀ ਗੱਲਬਾਤ ਕਰਦੇ ਹੋਏ ਮੰਡੀ ਬੋਰਡ ਵਿਭਾਗ ਦੇ ਜੇ ਈ ਗੌਰਵ ਨੇ ਦੱਸਿਆ ਕਿ ਇਸ ਸਬੰਧੀ ਪਹਿਲਾ ਵੀ ਕਈ ਸਿਕਾਇਤਾਂ ਪ੍ਰਾਪਤ ਹੋਈਆਂ ਹਨ ਜਿਸ ਸਬੰਧੀ ਮਾਮਲਾ ਉੱਚ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਅਤੇ ਜਲੱਦ ਇਸ ਸਬੰਧੀ ਕਾਰਵਾਈ ਕੀਤੀ ਜਾਵੇਗੀ।

# ਰਾਸ਼ਟਰੀ ਕਾਵਿ ਸਾਗਰ ਨੇ ਕਵੀ ਦਰਬਾਰ ਕਰਵਾਇਆ

**ਜ਼ੀਰਾ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀ ਰਾਸ਼ਟਰੀ ਕਾਵਿ ਸਾਗਰ ਨੇ ਆਜ਼ਾਦੀ ਦਿਵਸ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ, ਜਿਸ ਵਿੱਚ 32 ਕਵੀ ਤੇ ਕਵਿੱਤਰੀਆਂ ਨੇ ਭਾਗ ਲਿਆ। ਮੁੱਖ ਮਹਿਮਾਨ ਵਜੋਂ ਡਾ. ਲਖਵਿੰਦਰ ਸਿੰਘ ਜੌਹਲ ( ਸਾਬਕਾ ਡਾਇਰੈਕਟਰ ਦੂਰਦਰਸ਼ਨ ਜਲੰਧਰ ) ਅਤੇ ਵਿਸ਼ੇਸ਼ ਮਹਿਮਾਨ ਵਜੋਂ ਸ਼੍ਰੀਮਤੀ ਸ਼ਮਿੰਦਰ ਸੰਧੂ,(ਆਲ ਇੰਡੀਆ ਸਪੀਕਰ ਅਕਾਲੀ ਦਲ) ਨੇ ਹਾਜ਼ਰੀ ਲਗਵਾਈ। ਸਭਾ ਦੀ ਪ੍ਰਧਾਨ ਆਸ਼ਾ ਸ਼ਰਮਾ ਨੇ ਹਾਜ਼ਰ ਕਵੀ,ਕਵਿੱਤਰੀਆਂ ਅਤੇ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ। ਡਾ ਉਮਾ ਨੇ ਸਭਾ ਦੀਆਂ ਗਤੀਵਿਧੀਆਂ ਤੇ ਵਿਸਥਾਰ ਸਾਹਿਤ ਚਾਨਣਾ ਪਾਇਆ। ਮੁੱਖ ਮਹਿਮਾਨ ਡਾ ਲਖਵਿੰਦਰ ਜੌਹਲ ਅਤੇ ਸ਼੍ਰੀਮਤੀ ਸ਼ਮਿੰਦਰ ਸੰਧੂ ਨੇ ਕਵੀ ਦੀ ਕਲਮ ਦੀ ਤਾਕਤ ਬਾਰੇ ਗੱਲ ਕਰਦਿਆ ਕਿਹਾ ਕਿ ਕਲਮ ਕਿਸੇ ਵੀ ਵਰਗ ਦਾ ਰੁਖ਼ ਮੋੜ ਸਕਦੀ ਹੈ । ਉਹਨਾਂ ਕਿਹਾ ਕਿ ਅੱਜ ਤਕ ਸਮਾਜ ਵਿਚ ਆਈਆਂ ਤਬਦੀਲੀਆਂ ਸਭ ਕਲਮ ਦੀ ਦੇਣ ਹਨ।

ਇਸ ਸਾਹਿਤਕ ਪ੍ਰੋਗਰਾਮ ਵਿੱਚ ਆਸ਼ਾ ਸ਼ਰਮਾ, ਡਾ ਇੰਦੂ ਪੌਲ, ਕਨੀਜ਼ ਮਨਜ਼ੂਰ, ਜਸਵਿੰਦਰ ਪੌਲ, ਹਰਜਿੰਦਰ ਕੌਰ , ਡਾ ਸਤਿੰਦਰ ਬੁੱਟਰ, ਜਾਗ੍ਰਤੀ ਗੌੜ, ਪੋਲੀ ਬਰਾੜ, ਪਰਮਜੀਤ ਜੈਸਵਾਲ, ਮਨਪ੍ਰੀਤ ਮੱਟੂ, ਸੁਖਦੇਵ ਸਿੰਘ , ਗੁਰਦਰਸ਼ਨ ਗੁਸੀਲ, ਇੰਦਰਜੀਤ ਸਿੰਘ, ਵਤਨਵੀਰ, ਪ੍ਰੀਤਮਾ ਕੌਰ, ਨਿਸ਼ਾ ਮਲਹੋਤਰਾ , ਮਨਿੰਦਰ ਕੌਰ , ਡਾ. ਰਵਿੰਦਰ ਭਾਟੀਆ, ਜਗਤਾਰ ਸਿੰਘ, ਪ੍ਰਕਾਸ਼ ਕੌਰ ਪਾਸ਼ਣ, ਡਾ ਸੁਨੀਤਾ ਟੰਡਨ, ਮੰਜੂ ਮਾਨਵ , ਅਸ਼ੋਕ ਭੰਡਾਰੀ( ਜਨਰਲ ਸਕੱਤਰ ਵਪਾਰ ਮੰਡਲ ਧੂਰੀ) ਡਾ. ਦੀਪ ਸ਼ਿਖਾ, ਸੰਗੀਤਾ ਪੁਖਰਾਜ , ਡਾ. ਸੁਦੇਸ਼ ਸੂਦ, ਸਨੇਹਾ ਵਿੱਜ ,ਨੇ ਹਾਜ਼ਰੀ ਲਗਵਾਈ।

ਸਭਾ ਦੀ ਪ੍ਰਧਾਨ ਆਸ਼ਾ ਸ਼ਰਮਾ ਨੇ ਹਾਜ਼ਰ ਕਵੀ,ਕਵਿੱਤਰੀਆਂ ਅਤੇ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ। ਡਾ ਉਮਾ ਨੇ ਸਭਾ ਦੀਆਂ ਗਤੀਵਿਧੀਆਂ ਤੇ ਵਿਸਥਾਰ ਸਾਹਿਤ ਚਾਨਣਾ ਪਾਇਆ। ਮੁੱਖ ਮਹਿਮਾਨ ਡਾ ਲਖਵਿੰਦਰ ਜੌਹਲ ਅਤੇ ਸ਼੍ਰੀਮਤੀ ਸ਼ਮਿੰਦਰ ਸੰਧੂ ਨੇ ਕਵੀ ਦੀ ਕਲਮ ਦੀ ਤਾਕਤ ਬਾਰੇ ਗੱਲ ਕਰਦਿਆ ਕਿਹਾ ਕਿ ਕਲਮ ਕਿਸੇ ਵੀ ਵਰਗ ਦਾ ਰੁਖ਼ ਮੋੜ ਸਕਦੀ ਹੈ । ਉਹਨਾਂ ਕਿਹਾ ਕਿਮਨਿੰਦਰ ਕੌਰ ਨੇ ਭਾਗ ਲਿਆ ਅਤੇ ਆਪੋ ਅਪਣੀਆਂ ਰਚਨਾਵਾਂ ਪੇਸ਼ ਕੀਤੀਆਂ।

# ਪ੍ਰਕਿਰਿਆ ਪੂਰੀ ਕਰ ਚੁੱਕੇ ਅਧਿਆਪਕਾਂ ਨੂੰ ਸਰਕਾਰ ਤੁਰੰਤ ਨਿਯੁਕਤੀ ਪੱਤਰ ਜਾਰੀ ਕਰੇ - ਡੀ ਟੀ ਐਫ



**ਬਠਿੰਡਾ 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡੈਮੋਕਰੇਟਿਕ ਟੀਚਰਜ਼ ਫਰੰਟ ਬਠਿੰਡਾ ਵੱਲੋਂ ਅੱਜ 2364 ਅਤੇ 5994 ਅਧਿਆਪਕਾਂ ਨੂੰ ਤੁਰੰਤ ਸਕੂਲਾਂ ਵਿੱਚ ਹਾਜ਼ਰ ਕਰਵਾਉਣ ਦੀ ਮੰਗ ਨੂੰ ਲੈ ਕੇ ਜਗਪਾਲ ਬੰਗੀ ਜ਼ਿਲਾ ਪ੍ਰਧਾਨ, ਗੁਰਮੇਲ ਸਿੰਘ ਮਲਕਾਣਾ ਜਨਰਲ ਸਕੱਤਰ, ਬੇਅੰਤ ਸਿੰਘ ਫੂਲੇਵਾਲਾ ਅਤੇ ਹਰਜਿੰਦਰ ਸਿੰਘ ਸੇਮਾ ਸੂਬਾ ਕਮੇਟੀ ਮੈਂਬਰਜ ਦੀ ਅਗਵਾਈ ਹੇਠ ਰਾਕੇਸ਼ ਕੁਮਾਰ ਮੀਨਾ ਮੁੱਖ ਮੰਤਰੀ ਖੇਤਰੀ ਅਫਸਰ ਬਠਿੰਡਾ ਰਾਹੀਂ ਮੁੱਖ ਮੰਤਰੀ ਪੰਜਾਬ ਵੱਲ ਮੰਗ ਪੱਤਰ ਭੇਜਿਆ ਗਿਆ ।

ਇੱਥੇ ਇਹ ਜ਼ਿਕਰਯੋਗ ਹੈ ਕਿ 2364 ਭਰਤੀ ਦੀ ਪ੍ਰਕਿਰਿਆ ਵਿਭਾਗ ਨੇ ਪੂਰੀ ਕਰ ਲਈ ਹੈ । ਪ੍ਰੰਤੂ ਇਨਾਂ ਅਧਿਆਪਕਾਂ ਨੂੰ ਸਕੂਲਾਂ ਵਿੱਚ ਨਹੀਂ ਭੇਜਿਆ ਜਾ ਰਿਹਾ ।ਇਹ ਭਰਤੀ ਲਗਭਗ ਚਾਰ ਸਾਲ ਪਹਿਲਾਂ ਕੱਢੀ ਗਈ ਸੀ।ਆਪਣੇ ਆਰਡਰ ਜਾਰੀ ਕਰਵਾਉਣ ਲਈ ਇਹ ਅਧਿਆਪਕ ਸਿੱਖਿਆ ਵਿਭਾਗ ਦੇ ਦਫਤਰ ਮੁਹਾਲੀ ਅੱਗੇ ਧਰਨਾ ਲਗਾ ਕੇ ਬੈਠੇ ਹੋਏ ਹਨ । ਇਸੇ ਤਰਾਂ 5994 ਭਰਤੀ ਦੇ ਅਧਿਆਪਕ ਸਿੱਖਿਆ ਮੰਤਰੀ ਪੰਜਾਬ ਦੇ ਪਿੰਡ ਗੰਭੀਰਪੁਰ ਵਿਖੇ ਪਿਛਲੇ ਲੰਮੇ ਸਮੇਂ ਤੋਂ ਆਪਣੇ ਆਰਡਰ ਜਾਰੀ ਕਰਵਾਉਣ ਲਈ ਬੈਠੇ ਹੋਏ ਹਨ। ਇਹਨਾਂ ਅਧਿਆਪਕਾਂ ਨੂੰ ਆਰਡਰ ਜਾਰੀ ਨਹੀਂ ਕਰ ਰਹੀ ।

ਇਹ ਦੋਨੋ ਭਰਤੀਆਂ ਲੰਬਾ ਸਮਾਂ ਕੋਰਟਾਂ ਦੇ ਕੇਸਾਂ ਦਾ ਸਾਹਮਣਾ ਕਰਦੀਆਂ ਰਹੀਆਂ। ਹੁਣ ਜਦੋਂ ਕਿ ਇਨਾ ਭਰਤੀਆਂ ਨੂੰ ਕਰਨ ਵਿੱਚ ਕੋਈ ਵੀ ਕਾਨੂੰਨੀ ਅੜਿਕਾ ਨਹੀਂ ਹੈ ਤਾਂ ਸਰਕਾਰ ਬਿਨਾਂ ਕਿਸੇ ਕਾਰਨ ਤੋਂ ਅਧਿਆਪਕਾਂ ਨੂੰ ਸਕੂਲਾਂ ਵਿੱਚ ਹਾਜ਼ਰ ਕਰਵਾਉਣ ਤੋਂ ਭੱਜ ਰਹੀ ਹੈ ।

ਬਲਾਕ ਪ੍ਰਧਾਨਾਂ ਮੋਹਣ ਸਿੰਘ ਮਲਕਾਣਾ, ਅੰਮ੍ਰਿਤਪਾਲ ਸਿੰਘ ਮਾਨ ਗੁਰਪਾਲ ਸਿੰਘ ਜਗਾਰਾਮ ਤੀਰਥ, ਸੁਖਮੰਦਰ ਝੁੰਬਾ ਨਿਰਮਲ ਸਿੰਘ ਸਰਾਂ,ਨਛੱਤਰ ਸਿੰਘ ਜੇਠੂਕੇ ਨੇ ਦੱਸਿਆ ਕਿ ਪੰਜਾਬ ਦੇ ਸਕੂਲਾਂ ਵਿੱਚ ਹਜ਼ਾਰਾਂ ਅਸਾਮੀਆਂ ਖਾਲੀ ਪਈਆਂ ਹਨ ।ਜਿਸ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਵੱਡੇ ਪੱਧਰ ਤੇ ਪ੍ਰਭਾਵਿਤ ਹੋ ਰਹੀ। ਦੂਜੇ ਪਾਸੇ ਸਰਕਾਰ ਸਿੱਖਿਆ ਵਿੱਚ ਕ੍ਰਾਂਤੀਕਾਰੀ ਬਦਲਾਓ ਲਿਆਉਣ ਦੇ ਦਾਅਵੇ ਕਰ ਰਹੀ ਹੈ ।ਜਦੋਂ ਸਕੂਲਾਂ ਵਿੱਚ ਅਧਿਆਪਕ ਹੀ ਨਹੀਂ ਹੋਣਗੇ ਤਾਂ ਸਕੂਲਾਂ ਵਿੱਚ ਪੜ੍ਹਾਈ ਕਿਵੇਂ ਵਧੀਆ ਹੋ ਸਕਦੀ ਹੈ ।



ਪੰਜਾਬ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਅੱਜ ਦਿੱਲੀ ਵਿਖੇ ਦੇਸ਼ ਦੇ ਉਪ ਰਾਸ਼ਟਰਪਤੀ ਸ੍ਰੀ ਜਗਦੀਪ ਧਨਖੜ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਦੇਸ਼ ਅਤੇ ਪੰਜਾਬ ਦੀ ਬਿਹਤਰੀ ਲਈ ਵਿਚਾਰ ਵਟਾਂਦਰਾ ਕੀਤਾ ਅਤੇ ਪਾਰਲੀਮੈਂਟਰੀ ਰਵਾਇਤਾਂ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਲਈ ਵਿਚਾਰਾਂ ਦਾ ਆਦਾਨ-ਪ੍ਰਦਾਨ ਵੀ ਕੀਤਾ।

## ਪੰਜਾਬ ਵਿਧਾਨ ਸਭਾ ਦਾ ਤਿੰਨ ਦਿਨਾ ਮੌਨਸੂਨ ਇਜਲਾਸ਼ ਸ਼ੁਰੂ

### ਪਹਿਲੇ ਦਿਨ ਕਵੀ ਤੇ ਲੇਖਕ ਸੁਰਜੀਤ ਪਾਤਰ ਸਣੇ ਕਈ ਅਹਿਮ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀ ਭੇਟ

**ਚੰਡੀਗੜ੍ਹ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿਧਾਨ ਸਭਾ ਦਾ ਤਿੰਨ ਦਿਨਾ ਮੌਨਸੂਨ ਇਜਲਾਸ ਅੱਜ ਸ਼ੁਰੂ ਹੋ ਗਿਆ। ਇਜਲਾਸ ਦੇ ਪਹਿਲੇ ਦਿਨ ਅੱਜ ਮਸ਼ਹੂਰ ਕਵੀ ਤੇ ਲੇਖਕ ਸੁਰਜੀਤ ਪਾਤਰ ਤੇ ਉਨ੍ਹਾਂ ਹੋਰ ਅਹਿਮ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਜਿਨ੍ਹਾਂ ਦਾ ਪਿਛਲੇ ਇਜਲਾਸ ਦੀ ਸਮਾਪਤੀ ਤੇ ਮੌਜੂਦਾ ਸੈਸ਼ਨ ਦੀ ਸ਼ੁਰੂਆਤ ਵਿਚਾਲੇ ਦੇਹਾਂਤ ਹੋ ਗਿਆ ਸੀ। ਇਸ ਦੌਰਾਨ ਵਿਧਾਨ ਸਭਾ ਦੀ ਬਿਜ਼ਨਸ ਐਡਵਾਈਜ਼ਰੀ ਕਮੇਟੀ ਨੇ ਸ਼ਰਧਾਂਜਲੀਆਂ ਭੇਟ ਕਰਨ ਤੋਂ ਬਾਅਦ ਅੱਜ ਵਾਧੂ ਸਮਾਂ ਬੈਠਣ ਦਾ ਫੈਸਲਾ ਲਿਆ।

ਇਸ ਤਿੰਨ ਦਿਨਾ ਇਜਲਾਸ ਦੇ ਪਹਿਲੇ ਦਿਨ ਸਦਨ ਦੇ ਮੈਂਬਰਾਂ ਨੇ ਵਿਧਾਨ ਸਭਾ ਦੇ ਸਾਬਕਾ ਸਪੀਕਰ ਸੁਰਜੀਤ ਸਿੰਘ ਮਿਨਹਾਸ, ਸਾਬਕਾ ਮੰਤਰੀ ਸੁਖਦੇਵ ਸਿੰਘ ਢਿੱਲੋਂ ਅਤੇ ਸੁਰਜੀਤ ਸਿੰਘ ਕੋਹਲੀ, ਸਾਬਕਾ ਸੰਸਦ ਮੈਂਬਰ ਕਮਲ ਚੌਧਰੀ, ਸਾਬਕਾ ਰਾਜ ਸਭਾ ਮੈਂਬਰ ਗੁਰਚਰਨ ਕੌਰ ਅਤੇ ਸਾਬਕ ਵਿਧਾਇਕ ਧਨਵੰਤ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਦੌਰਾਨ ਆਜ਼ਾਦੀ ਘੁਲਾਟੀਏ ਸਰਦੂਲ ਸਿੰਘ, ਕਸ਼ਮੀਰ ਸਿੰਘ, ਗੁਰਦੇਵ ਸਿੰਘ ਅਤੇ ਜਗਦੀਸ਼ ਪ੍ਰਸਾਦ ਨੂੰ ਵੀ ਯਾਦ ਕੀਤਾ ਗਿਆ। ਵਿਧਾਨ ਸਭਾ ਦਾ ਪਿਛਲਾ ਇਜਲਾਸ ਮਾਰਚ ਵਿੱਚ ਹੋਇਆ ਸੀ। ਵਿੱਛੜੀਆਂ ਰੂਹਾਂ ਦੀ ਯਾਦ ਵਿੱਚ ਕੁਝ ਦੇਰ ਲਈ ਮੌਨ ਰੱਖਿਆ ਗਿਆ।

## ਖੇਤੀ ਨੀਤੀ: ਪੰਜਾਬ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕਰਨ ਲਈ ਹਜ਼ਾਰਾਂ ਕਿਸਾਨ ਚੰਡੀਗੜ੍ਹ ਪੁੱਜੇ

**ਚੰਡੀਗੜ੍ਹ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਅਤੇ ਸੰਯੁਕਤ ਕਿਸਾਨ ਮੋਰਚਾ ਨਾਲ ਸਬੰਧਤ ਹਜ਼ਾਰਾਂ ਕਿਸਾਨ ਅਤੇ ਖੇਤ ਮਜ਼ਦੂਰਾਂ ਦੀਆਂ ਕੁੱਲ 37 ਯੂਨੀਅਨਾਂ ਵੱਲੋਂ ਸੋਮਵਾਰ ਇਥੇ ਵੱਡਾ ਇਕੱਠ ਕੀਤਾ ਗਿਆ ਹੈ। ਪੰਜਾਬ ਸਰਕਾਰ ਦੇ ਖੇਤੀ ਨੀਤੀ ਨੂੰ ਲਾਗੂ ਕਰਨ 'ਚ ਨਾਕਾਮ ਰਹਿਣ ਦੇ ਵਿਰੋਧ 'ਚ ਇਹ ਪ੍ਰਦਰਸ਼ਨ ਉਲੀਕਿਆ ਗਿਆ ਹੈ। ਦੱਸਣਯੋਗ ਹੈ ਕਿ ਬੀਕੇਯੂ (ਉਗਰਾਹਾਂ) ਜਥੇਬੰਦੀ ਨਾਲ ਸਬੰਧਤ ਕਿਸਾਨ ਤਿੰਨ ਦਿਨ ਚੱਲਣ ਵਾਲੇ ਮਾਨਸੂਨ ਸੈਸ਼ਨ ਲਈ ਸੋਮਵਾਰ(ਅੱਜ) ਨੂੰ ਇਕੱਠੇ ਕੇ ਪੰਜਾਬ ਵਿਧਾਨ ਸਭਾ ਵੱਲ ਰੋਸ ਮਾਰਚ ਕਰਨਗੇ। ਹਾਲਾਂਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਸ਼ਹਿਰ ਦੇ ਵਿਚਕਾਰ ਸੈਕਟਰ 34 ਦੇ ਮੈਦਾਨ ਵਿਚ ਪ੍ਰਦਰਸ਼ਨ ਵਾਲੀ ਥਾਂ 'ਤੇ ਬਾਅਦ ਵਿੱਚ ਇੱਕ 'ਮਹਾਪੰਚਾਇਤ' (ਕਿਸਾਨ ਸੰਮੇਲਨ) ਕੀਤਾ ਜਾਵੇਗਾ। ਬੀਕੇਯੂ (ਉਗਰਾਹਾਂ) ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਬੈਨਰ ਹੇਠ ਪ੍ਰਦਰਸ਼ਨਕਾਰੀਆਂ ਨੂੰ ਡੇਰੇ ਵਾਲੀ ਥਾਂ 'ਤੇ ਧਰਨਾ ਦੇਣ ਦੀ ਇਜਾਜ਼ਤ ਦਿੱਤੀ ਗਈ ਹੈ। ਉਨ੍ਹਾਂ ਦੀ ਯੋਜਨਾ ਦੇ ਅਨੁਸਾਰ ਕਿਸਾਨਾਂ ਦੇ 5 ਸਤੰਬਰ ਤੱਕ ਇੱਥੇ ਡੇਰੇ ਲਾਉਣ ਦੀ ਉਮੀਦ ਹੈ, ਜਿਸ ਦੌਰਾਨ ਉਨ੍ਹਾਂ ਵੱਲੋਂ ਅਗਲਾ ਪ੍ਰੋਗਰਾਮ ਵੀ ਉਲੀਕਿਆ ਜਾਵੇਗਾ।

ਚੰਡੀਗੜ੍ਹ ਪੁਲੀਸ ਨੇ ਇੱਕ ਟ੍ਰੈਫਿਕ ਐਡਵਾਈਜ਼ਰੀ ਜਾਰੀ ਕਰਕੇ ਲੋਕਾਂ ਨੂੰ ਕੁਝ ਰੂਟਾਂ ਤੋਂ ਬਚਣ ਲਈ ਕਿਹਾ ਹੈ ਕਿਉਂਕਿ ਉਨ੍ਹਾਂ ਨੂੰ ਸੈਕਟਰ 34, ਪ੍ਰਦਰਸ਼ਨ ਵਾਲੀ ਥਾਂ, ਕੋਚਿੰਗ ਇੰਸਟੀਚਿਊਟ ਦਾ ਹੱਬ ਅਤੇ ਕੁਝ ਪ੍ਰਾਈਵੇਟ ਹਸਪਤਾਲਾਂ ਤੋਂ ਇਲਾਵਾ ਖੇਤਰੀ ਪਾਸਪੋਰਟ ਦਫ਼ਤਰ ਨੂੰ ਜਾਣ ਵਾਲੀਆਂ ਸੜਕਾਂ 'ਤੇ ਦਿਨ ਭਰ ਟ੍ਰੈਫਿਕ ਜਾਮ ਦਾ ਸਾਹਮਣਾ ਕਰਨਾ ਪਵੇਗਾ।

## ਸ਼ੰਭੂ ਬਾਰਡਰ ਖੋਲ੍ਹਣ ਦਾ ਮਾਮਲਾ: ਸੁਪਰੀਮ ਕੋਰਟ ਵਲੋਂ ਕਮੇਟੀ ਦਾ ਗਠਨ, ਕਿਹਾ- ਕਿਸਾਨਾਂ ਦੇ ਮੁੱਦੇ ਦਾ ਨਾ ਹੋਵੇ ਸਿਆਸੀਕਰਨ

**ਨਵੀਂ ਦਿੱਲੀ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**





ਸ਼ੰਭੂ ਬਾਰਡਰ ਖੋਲ੍ਹਣ ਨੂੰ ਲੈ ਕੇ ਸੁਪਰੀਮ ਕੋਰਟ 'ਚ ਸੋਮਵਾਰ ਨੂੰ ਸੁਣਵਾਈ ਹੋਈ। ਹਰਿਆਣਾ ਸਰਕਾਰ ਨੇ ਪੰਜਾਬ-ਹਰਿਆਣਾ ਹਾਈਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ। ਸੁਪਰੀਮ ਕੋਰਟ ਨੇ ਸ਼ੰਭੂ ਬਾਰਡਰ 'ਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਨਵਾਬ ਸਿੰਘ ਦੀ ਪ੍ਰਧਾਨਗੀ 'ਚ ਸੋਮਵਾਰ ਨੂੰ ਇਕ ਕਮੇਟੀ ਦਾ ਗਠਨ ਕੀਤਾ। ਅਦਾਲਤ ਨੇ ਕਿਹਾ ਕਿ ਕਿਸਾਨਾਂ ਦੇ ਪ੍ਰਦਰਸ਼ਨ ਦੇ ਮੁੱਦੇ ਨੂੰ ਸਿਆਸੀ ਰੰਗ ਨਹੀਂ ਦਿੱਤਾ ਜਾਣਾ ਚਾਹੀਦਾ। ਜਸਟਿਸ ਸੂਰਿਆਕਾਂਤ ਅਤੇ ਜਸਟਿਸ ਉੱਜਲ ਭੂਈਆਂ ਦੀ ਬੈਂਚ ਨੇ ਕਮੇਟੀ ਨੂੰ ਨਿਰਦੇਸ਼ ਦਿੱਤਾ ਕਿ ਇਕ ਹਫ਼ਤੇ ਦੇ ਅੰਦਰ ਉਹ ਆਪਣੀ ਪਹਿਲੀ ਬੈਠਕ ਬੁਲਾਵੇ। ਉਸ ਨੇ ਕਮੇਟੀ ਨੂੰ ਇਹ ਵੀ ਕਿਹਾ ਕਿ ਅੰਦੋਲਨਕਾਰੀ ਕਿਸਾਨਾਂ ਨਾਲ ਸੰਪਰਕ ਕਾਇਮ ਕਰੇ ਅਤੇ ਉਨ੍ਹਾਂ ਨੂੰ ਤੁਰੰਤ ਪੰਜਾਬ ਅਤੇ ਹਰਿਆਣਾ ਵਿਚਾਲੇ ਸ਼ੰਭੂ ਬਾਰਡਰ ਤੋਂ ਟਰੈਕਟਕ ਅਤੇ ਟਰਾਲੀ ਆਦਿ ਹਟਾਉਣ ਨੂੰ ਕਿਹਾ ਜਾਵੇ, ਤਾਂ ਕਿ ਆਮ ਯਾਤਰੀਆਂ ਨੂੰ ਰਾਹਤ ਮਿਲੇ। ਬੈਂਚ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਦੀਆਂ ਸਰਕਾਰਾਂ ਕਮੇਟੀ ਨੂੰ ਸੁਝਾਅ ਦੇਣ ਲਈ ਸੁਤੰਤਰ ਹੋਣਗੀਆਂ। ਕਮੇਟੀ 'ਚ ਸੇਵਾਮੁਕਤ IPS ਅਧਿਕਾਰੀ PS ਸੰਧੂ, ਦੇਵੇਂਦਰ ਸ਼ਰਮਾ, ਪ੍ਰੋਫ਼ੈਸਰ ਰੰਜੀਤ ਸਿੰਘ ਘੁੰਮਣ ਅਤੇ ਪੰਜਾਬ ਖੇਤੀ ਯੂਨੀਵਰਸਿਟੀ ਦੇ ਖੇਤੀਬਾੜੀ ਅਰਥਸ਼ਾਸਤਰੀ ਡਾ. ਸੁਖਪਾਲ ਸਿੰਘ ਸ਼ਾਮਲ ਹਨ। ਬੈਂਚ ਨੇ ਕਮੇਟੀ ਦੇ ਚੇਅਰਮੈਨ ਨੂੰ ਨਿਰਦੇਸ਼ ਦਿੱਤਾ ਕਿ ਉਹ ਚੌਧਰੀ ਚਰਨ ਸਿੰਘ ਹਰਿਆਣਾ ਐਗਰੀਕਲਚਰਲ ਯੂਨੀਵਰਸਿਟੀ ਦੇ ਵਾਇਸ-ਚਾਂਸਲਰ, ਪ੍ਰੋਫ਼ੈਸਰ ਬੀ. ਆਰ. ਕੰਬੋਜ ਨੂੰ ਜਦੋਂ ਵੀ ਲੋੜ ਹੋਵੇ, ਵਿਸ਼ੇਸ਼ ਸੱਦੇ ਵਜੋਂ ਬੁਲਾਉਣ ਅਤੇ ਉਨ੍ਹਾਂ ਦੀ ਰਾਏ ਲਈ ਜਾਵੇ। ਬੈਂਚ ਨੇ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਸੁਚੇਤ ਕੀਤਾ ਕਿ ਉਹ ਸਿਆਸੀ ਪਾਰਟੀਆਂ ਤੋਂ ਦੂਰੀ ਬਣਾ ਕੇ ਰੱਖਣ ਅਤੇ ਅਜਿਹੀਆਂ ਮੰਗਾਂ 'ਤੇ ਅੜੇ ਨਾ ਰਹਿਣ ਜੋ ਸੰਭਵ ਨਹੀਂ ਹਨ। ਅਦਾਲਤ ਨੇ ਕਿਹਾ ਕਿ ਕਿਸਾਨਾਂ ਦੇ ਮੁੱਦਿਆਂ ਦਾ ਸਿਆਸੀਕਰਨ ਨਹੀਂ ਹੋਣਾ ਚਾਹੀਦਾ ਅਤੇ ਕਮੇਟੀ ਨੂੰ ਇਨ੍ਹਾਂ 'ਤੇ ਪੜਾਅਵਾਰ ਵਿਚਾਰ ਕਰਨਾ ਚਾਹੀਦਾ ਹੈ।

## ਫ਼ੌਜੀ ਕੈਂਪ 'ਤੇ ਸ਼ੱਕੀ ਅਤਿਵਾਦੀ ਹਮਲੇ 'ਚ ਫੌਜੀ ਜਵਾਨ ਗੰਭੀਰ ਜ਼ਖ਼ਮੀ



**ਜੰਮੂ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ ਵਿੱਚ ਅੱਜ ਇਕ ਫੌਜੀ ਕੈਂਪ ਦੀ ਸੰਤਰੀ ਚੌਕੀ 'ਤੇ ਸ਼ੱਕੀ ਅਤਿਵਾਦੀਆਂ ਵੱਲੋਂ ਕੀਤੀ ਗਈ ਗੋਲੀਬਾਰੀ ਵਿੱਚ ਫੌਜ ਦਾ ਇਕ ਜਵਾਨ ਗੰਭੀਰ ਜ਼ਖ਼ਮੀ ਹੋ ਗਿਆ। ਹਮਲਾਵਰਾਂ ਦਾ ਪਤਾ ਲਾਉਣ ਅਤੇ ਉਨ੍ਹਾਂ ਨੂੰ ਕਾਬੂ ਕਰਨ ਲਈ ਵਿਆਪਕ ਤਲਾਸ਼ੀ ਮੁਹਿੰਮ ਜਾਰੀ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ।ਰੱਖਿਆ ਵਿਭਾਗ ਦੇ ਤਰਜਮਾਨ ਨੇ ਦੱਸਿਆ ਕਿ ਸਵੇਰੇ ਕਰੀਬ 10.50 ਵਜੇ ਜੰਮੂ ਦੇ ਬਾਰੀ ਇਲਾਕੇ ਵਿੱਚ ਸਥਿਤ ਸੁੰਜਵਾਨ ਆਰਮੀ ਸਟੇਸ਼ਨ 'ਤੇ ਕੁਝ ਗੋਲੀਆਂ ਚੱਲੀਆਂ। ਘਟਨਾ ਵਿੱਚ ਇਕ ਫੌਜੀ ਜਵਾਨ ਗੰਭੀਰ ਜ਼ਖ਼ਮੀ ਹੋ ਗਿਆ। ਤਰਜਮਾਨ ਨੇ ਸੰਤਰੀ ਚੌਕੀ 'ਤੇ ਗੋਲੀਬਾਰੀ ਕਰਨ ਵਾਲੇ ਹਮਲਾਵਰਾਂ ਬਾਰੇ ਵਿਸਥਾਰ 'ਚ ਜਾਣਕਾਰੀ ਦਿੱਤੇ ਬਿਨਾ ਦੱਸਿਆ ਕਿ ਹਮਲਾਵਰਾਂ ਨੂੰ ਫੜਨ ਲਈ ਮੁਹਿੰਮ ਸ਼ੁਰੂ ਕੀਤੀ ਗਈ ਹੈ ਅਤੇ ਇਸ ਸਬੰਧੀ ਅੱਗੇ ਜਾਣਕਾਰੀ ਦਿੱਤੀ ਜਾਵੇਗੀ। ਇਸ ਤੋਂ ਪਹਿਲਾਂ ਅਧਿਕਾਰੀਆਂ ਨੇ ਕਿਹਾ ਸੀ ਕਿ ਜੰਮੂ ਵਿੱਚ ਸਭ ਤੋਂ ਵੱਡੇ ਸੁਰੱਖਿਆ ਕੈਂਪਾਂ 'ਚੋਂ ਇਕ ਦੀ ਸੁਰੱਖਿਆ ਵਿੱਚ ਤਾਇਨਾਤ ਫੌਜ ਦੀ ਇਕ ਚੌਕੀ 'ਤੇ ਸ਼ੱਕੀ ਅਤਿਵਾਦੀਆਂ ਨੇ ਕੁਝ ਗੋਲੀਆਂ ਚਲਾਈਆਂ ਜਿਸ ਮਗਰੋਂ ਕੁਝ ਦੇਰ ਲਈ ਗੋਲੀਬਾਰੀ ਹੋਈ। ਫਰਾਰ ਅਤਿਵਾਦੀਆਂ ਨੂੰ ਫੜਨ ਲਈ ਸਥਾਨਕ ਪੁਲੀਸ ਦੇ ਵਿਸ਼ੇਸ਼ ਅਪ੍ਰੇਸ਼ਨ ਸਮੂਹ (ਐੱਸਓਜੀ) ਨੇ ਫੌਜ ਨਾਲ ਮਿਲ ਕੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ। ਅਧਿਕਾਰੀਆਂ ਨੇ ਕਿਹਾ ਕਿ ਤਲਾਸ਼ੀ ਮੁਹਿੰਮ ਜਾਰੀ ਹੈ ਪਰ ਅਤਿਵਾਦੀਆਂ ਨਾਲ ਹੁਣ ਤੱਕ ਸਾਹਮਣਾ ਨਹੀਂ ਹੋਇਆ ਹੈ।

## ਕੇਂਦਰੀ ਮੰਤਰੀ ਮੰਡਲ ਵੱਲੋਂ ਖੇਤੀ ਖੇਤਰ ਲਈ ਕਰੀਬ 14,000 ਕਰੋੜ ਰੁਪਏ ਦੀਆਂ ਸੱਤ ਯੋਜਨਾਵਾਂ ਨੂੰ ਮਨਜ਼ੂਰੀ

**ਨਵੀਂ ਦਿੱਲੀ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਕੇਂਦਰੀ ਮੰਤਰੀ ਮੰਡਲ ਨੇ ਅੱਜ ਖੇਤੀ ਖੇਤਰ ਨਾਲ ਸਬੰਧਤ ਸੱਤ ਵੱਡੇ ਪ੍ਰੋਗਰਾਮਾਂ ਲਈ ਕਰੀਬ 14,000 ਕਰੋੜ ਰੁਪਏ ਦੇ ਖਰਚੇ ਨੂੰ ਮਨਜ਼ੂਰੀ ਦਿੱਤੀ ਹੈ। ਇਸ ਵਿੱਚ ਡਿਜੀਟਲ ਖੇਤੀ ਮਿਸ਼ਨ ਅਤੇ ਫ਼ਸਲ ਵਿਗਿਆਨ ਲਈ ਯੋਜਨਾ ਵੀ ਸ਼ਾਮਲ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਵਿੱਚ ਇੱਥੇ ਹੋਈ ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ। ਸੂਚਨਾ ਤੇ ਪ੍ਰਸਾਰਨ ਮੰਤਰੀ ਅਸ਼ਿਵਨੀ ਵੈਸ਼ਨਵ ਨੇ ਮੰਤਰੀ ਮੰਡਲ ਵਿੱਚ ਲਏ ਗਏ ਫੈਸਲਿਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਮੰਤਰੀ ਮੰਡਲ ਨੇ 2817 ਰੁਪਏ ਦੇ ਡਿਜੀਟਲ ਖੇਤੀ ਮਿਸ਼ਨ ਅਤੇ ਫਸਲ ਵਿਗਿਆਨ ਲਈ 3979 ਕਰੋੜ ਰੁਪਏ ਦੀ ਯੋਜਨਾ ਨੂੰ ਮਨਜ਼ੂਰੀ ਦਿੱਤੀ ਹੈ। ਖੇਤੀ ਸਿੱਖਿਆ ਅਤੇ ਪ੍ਰਬੰਧਨ ਨੂੰ ਮਜ਼ਬੂਨ ਕਰਨ ਲਈ 2291 ਕਰੋੜ ਰੁਪਏ ਦੇ ਪ੍ਰੋਗਰਾਮ ਦੇ ਨਾਲ ਪਸ਼ੂ ਧਨ ਦੀ ਟਿਕਾਊ ਸਿਹਤ ਲਈ 1702 ਕਰੋੜ ਰੁਪਏ ਦੀ ਯੋਜਨਾ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ।

ਇਸ ਤੋਂ ਇਲਾਵਾ ਮੰਤਰੀ ਮੰਡਲ ਨੇ ਬਾਗਬਾਨੀ ਖੇਤਰ ਦੇ ਟਿਕਾਊ ਵਿਕਾਸ ਲਈ 860 ਕਰੋੜ ਰੁਪਏ ਦੀ ਇਕ ਹੋਰ ਯੋਜਨਾ ਨੂੰ ਮਨਜ਼ੂਰੀ ਦਿੱਤੀ ਹੈ। ਮੰਤਰੀ ਮੰਡਲ ਨੇ ਖੇਤੀ ਵਿਗਿਆਨ ਕੇਂਦਰਾਂ ਲਈ 1202 ਕਰੋੜ ਰੁਪਏ ਅਤੇ ਕੁਦਰਤੀ ਸਰੋਤ ਪ੍ਰਬੰਧਨ ਨੂੰ ਮਜ਼ਬੂਤੀ ਦੇਣ ਲਈ 1115 ਕਰੋੜ ਰੁਪਏ ਦੀ ਯੋਜਨਾ ਨੂੰ ਵੀ ਮਨਜ਼ੂਰੀ ਦਿੱਤੀ ਹੈ। ਇਨ੍ਹਾਂ ਸੱਤੋਂ ਪ੍ਰੋਗਰਾਮਾਂ ਲਈ ਕੁੱਲ 13,960 ਕਰੋੜ ਰੁਪਏ ਤੋਂ ਵੱਧ ਜਾਰੀ ਕੀਤੇ ਜਾਣੇ ਹਨ।

## ਸੈਮਸੰਗ ਨੇ ਭਾਰਤੀ ਖਪਤਕਾਰਾਂ ਲਈ 10 ਵੱਡੀ ਸਮਰੱਥਾ ਵਾਲੀਆਂ ਬੇਸਪੋਕ 19 ਵਾਸ਼ਿੰਗ ਮਸ਼ੀਨਾਂ ਲਾਂਚ ਕੀਤੀਆਂ

**ਚੰਡੀਗੜ੍ਹ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਸੈਮਸੰਗ, ਭਾਰਤ ਦੇ ਸਭ ਤੋਂ ਵੱਡੇ ਖਪਤਕਾਰ ਇਲੈਕਟ੍ਰੋਨਿਕਸ ਬ੍ਰਾਂਡ ਨੇ ਅੱਜ 10 ਵੱਡੇ ਆਕਾਰ ਦੀਆਂ, ਫਰੰਟ ਲੋਡ ਵਾਸ਼ਿੰਗ ਮਸ਼ੀਨਾਂ ਦੀ ਆਪਣੀ ਨਵੀਂ ਰੇਂਜ ਦਾ ਐਲਾਨ ਕੀਤਾ। 19-ਸੰਚਾਲਿਤ ਲਾਈਨ-ਅੱਪ ਭਾਰਤੀ ਖਪਤਕਾਰਾਂ ਲਈ ਲਾਂਡਰੀ ਦੇਖਭਾਲ ਵਿੱਚ ਇੱਕ ਨਵੇਂ ਯੁੱਗ ਦਾ ਵਾਅਦਾ ਕਰਦਾ ਹੈ, ਜੋ ਕਿ ਅਨੁਭਵੀ 19 ਵਿਸ਼ੇਸ਼ਤਾਵਾਂ ਦੁਆਰਾ ਲਾਂਡਰੀ ਨੂੰ ਇੱਕ ਸਰਲ ਕੰਮ ਬਣਾਉਂਦਾ ਹੈ।

ਨਵੀਆਂ, ਵੱਡੀਆਂ ਵਾਸ਼ਿੰਗ ਮਸ਼ੀਨਾਂ 12 ਕਿਲੋਗ੍ਰਾਮ ਦੇ ਆਦਰਸ਼ ਆਕਾਰ ਵਿੱਚ ਆਉਂਦੀਆਂ ਹਨ, ਜੋ ਭਾਰਤੀ ਖਪਤਕਾਰਾਂ ਨੂੰ ਇੱਕ ਵਾਰ ਵਿੱਚ ਵੱਡੇ ਭਾਰ ਨੂੰ ਧੋਣ ਦੇ ਯੋਗ ਬਣਾਉਂਦੀਆਂ ਹਨ, ਉਹਨਾਂ ਨੂੰ ਕੰਬਲ, ਪਰਦੇ ਅਤੇ ਸਾੜੀਆਂ ਵਰਗੀਆਂ ਵੱਡੀਆਂ ਚੀਜ਼ਾਂ ਲਈ ਆਦਰਸ਼ ਬਣਾਉਂਦੀਆਂ ਹਨ। ਸੈਮਸੰਗ ਇੰਡੀਆ ਦੀਆਂ ਨਵੀਆਂ 12 ਕਿਲੋਗ੍ਰਾਮ ਏਆਈ ਵਾਸ਼ਿੰਗ ਮਸ਼ੀਨਾਂ ਦੀ ਰੇਂਜ INR 52990 ਤੋਂ ਸ਼ੁਰੂ ਹੁੰਦੀ ਹੈ। ਨਵੀਆਂ ਆਧੁਨਿਕ ਵਾਸ਼ਿੰਗ ਮਸ਼ੀਨਾਂ ਫਲੈਟ ਗਲਾਸ ਡੋਰ ਅਤੇ ਐਡਵਾਂਸਡ ਏਆਈ ਵਿਸ਼ੇਸ਼ਤਾਵਾਂ ਜਿਵੇਂ ਕਿ ਏਆਈ ਵਾਸ਼, ਏਆਈ ਐਨਰਜੀ ਮੋਡ, ਏਆਈ ਕੰਟਰੋਲ ਅਤੇ ਏਆਈ ਈਕੋਬਬਲ ਦੇ ਨਾਲ ਬੇਸਪੋਕ ਡਿਜ਼ਾਈਨ ਵਿੱਚ ਆਉਂਦੀਆਂ ਹਨ।

ਭਾਰਤੀ ਖਪਤਕਾਰ ਨਵੇਂ-ਯੁੱਗ ਦੇ ਡਿਜੀਟਲ ਉਪਕਰਨਾਂ ਦੀ ਤਲਾਸ਼ ਕਰ ਰਹੇ ਹਨ ਜੋ ਊਰਜਾ ਅਤੇ ਸਮੇਂ ਦੀ ਬਚਤ ਕਰਦੇ ਹੋਏ, ਘੱਟੋ-ਘੱਟ ਕੋਸ਼ਿਸ਼ਾਂ ਨਾਲ ਸਭ ਤੋਂ ਵਧੀਆ ਵਾਸ਼ ਪ੍ਰਦਰਸ਼ਨ ਪ੍ਰਦਾਨ ਕਰਦੇ ਹਨ। ਸਾਡੀਆਂ ਨਵੀਆਂ 12 ਕਿਲੋਗ੍ਰਾਮ ਏਆਈ-ਪਾਵਰ ਵਾਲੀਆਂ ਵਾਸ਼ਿੰਗ ਮਸ਼ੀਨਾਂ ਖਪਤਕਾਰਾਂ ਨੂੰ ਇੱਕ ਵਾਰ ਵਿੱਚ ਵੱਡੇ ਲਾਂਡਰੀ ਲੋਡ ਨੂੰ ਧੋਣ ਦੇ ਯੋਗ ਬਣਾਉਂਦੀਆਂ ਹਨ, ਜਿਸ ਨਾਲ ਉਹ 'ਘੱਟ ਕਰੋ ਅਤੇ ਜ਼ਿਆਦਾ ਜੀਓ'। ਫਰੰਟ-ਲੋਡ ਬੇਸਪੋਕ ਏਆਈ ਵਾਸ਼ਿੰਗ ਮਸ਼ੀਨਾਂ ਦੀ ਨਵੀਂ ਰੇਂਜ ਇੱਕ ਸੁਵਿਧਾਜਨਕ ਅਤੇ ਪ੍ਰਭਾਵਸ਼ਾਲੀ ਵਾਸ਼ ਪ੍ਰਦਾਨ ਕਰਕੇ ਆਪਣੇ ਆਪ ਨੂੰ ਵੱਖਰਾ ਕਰਦੀ ਹੈ। ਪ੍ਰੀਮੀਅਮ ਬੇਸਪੋਕ ਏਆਈ ਵਾਸ਼ਿੰਗ ਮਸ਼ੀਨ ਰੇਂਜ ਦੇ ਨਾਲ , ਸਾਡਾ ਉਦੇਸ਼ ਉਹਨਾਂ ਖਪਤਕਾਰਾਂ ਨੂੰ ਪੂਰਾ ਕਰਨਾ ਹੈ ਜੋ ਪ੍ਰਦਰਸ਼ਨ, ਸੁਵਿਧਾ ਅਤੇ ਸ਼ੈਲੀ ਦੀ ਕਦਰ ਕਰਦੇ ਹਨ, ਅਤੇ ਉੱਚ ਸਮਰੱਥਾ ਵਾਲੇ ਵਾਸ਼ਿੰਗ ਮਸ਼ੀਨ ਹਿੱਸੇ ਵਿੱਚ ਅਗਵਾਈ ਕਰਦੇ ਹਨ, ਸੌਰਭ ਬੈਸ਼ਾਖੀਆ, ਸੀਨੀਅਰ ਡਾਇਰੈਕਟਰ, ਡਿਜੀਟਲ ਉਪਕਰਣ, ਸੈਮਸੰਗ ਇੰਡੀਆ ਨੇ ਕਿਹਾ।

## ਟਾਟਾ ਏਆਈਏ ਨੇ ਪਰਵਾਸੀ ਭਾਰਤੀਆਂ ਲਈ ਅਮਰੀਕੀ ਡਾਲਰ ਨਾਮੀ ਜੀਵਨ ਬੀਮਾ ਹੱਲ ਪੇਸ਼ ਕੀਤਾ

**ਜਲੰਧਰ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਟਾਟਾ ਏਆਈਏ ਲਾਈਫ ਇੰਸ਼ੋਰੈਂਸ ਕੰਪਨੀ ਲਿਮਿਟੇਡ (ਟਾਟਾ ਏਆਈਏ), ਭਾਰਤ ਦੀਆਂ ਪ੍ਰਮੁੱਖ ਜੀਵਨ ਬੀਮਾ ਕੰਪਨੀਆਂ ਵਿੱਚੋਂ ਇੱਕ, ਨੇ ਗੁਜਰਾਤ ਇੰਟਰਨੈਸ਼ਨਲ ਫਾਈਨਾਂਸ ਟੈਕ-ਸਿਟੀ (ਗਿਫਟ ਸਿਟੀ) ਵਿਖੇ ਭਾਰਤ ਦਾ ਪਹਿਲਾ ਅੰਤਰਰਾਸ਼ਟਰੀ ਵਿੱਤੀ ਸੇਵਾ ਕੇਂਦਰ (IFSC) ਲਾਂਚ ਕੀਤਾ ਹੈ। ਨੇ ਆਪਣੀ ਆਫਸ਼ੋਰ ਸ਼ਾਖਾ ਸ਼ੁਰੂ ਕੀਤੀ ਹੈ। ਇਸ ਬ੍ਰਾਂਚ ਵਿੱਚ, ਕੰਪਨੀ ਆਪਣੀ ਵੈੱਬਸਾਈਟ https://international.tataaia.com ਰਾਹੀਂ ਗੈਰ-ਨਿਵਾਸੀ ਭਾਰਤੀਆਂ (NRIs) ਨੂੰ ਅਮਰੀਕੀ ਡਾਲਰ ਮੁੱਲ ਵਾਲੇ ਜੀਵਨ ਬੀਮਾ ਉਤਪਾਦ ਪੇਸ਼ ਕਰੇਗੀ।

ਸ਼੍ਰੀ ਵੈਂਕੀ ਅਈਅਰ, ਮੈਨੇਜਿੰਗ ਡਾਇਰੈਕਟਰ ਅਤੇ ਮੁੱਖ ਕਾਰਜਕਾਰੀ ਅਧਿਕਾਰੀ, ਟਾਟਾ ਏਆਈਏ, ਨੇ ਕਿਹਾ, ÷ਆਈਐਫਐਸਸੀ ਗਿਫਟ ਸਿਟੀ ਦੀ ਸਥਾਪਨਾ ਕਰਕੇ, ਭਾਰਤ ਸਰਕਾਰ ਨੇ ਭਾਰਤੀ ਵਿੱਤੀ ਸੇਵਾਵਾਂ ਦੇ ਦਾਇਰੇ ਨੂੰ ਵਿਸ਼ਾਲ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ, ਇਹ ਇੱਕ ਵਿਦੇਸ਼ੀ ਮੁਦਰਾ ਵਾਲੀ ਸੁਵਿਧਾ ਹੈ ਬੀਮਾ ਕੰਪਨੀਆਂ ਲਈ ਇਹ ਇੱਕ ਉਤਪਾਦ ਪੇਸ਼ ਕਰਨ ਦਾ ਇੱਕ ਵਧੀਆ ਮੌਕਾ ਹੈ, ਅਸੀਂ ਆਪਣੇ ਪ੍ਰਵਾਸੀ ਭਾਰਤੀ ਖਪਤਕਾਰਾਂ ਨੂੰ ਉਹਨਾਂ ਦੇ ਪਰਿਵਾਰਾਂ ਦੀ ਸੁਰੱਖਿਆ ਕਰਨ ਅਤੇ ਉਹਨਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਦੇ ਯੋਗ ਬਣਾਉਂਦੇ ਹੋਏ ਖੁਸ਼ ਹਾਂ।

ਕੰਪਨੀ USD ਡੈਨੋਮੀਨੇਟਡ ਲਾਈਫ ਪ੍ਰੋਟੈਕਟ ਸੁਪਰੀਮ ਦੇ ਨਾਲ ਲਾਂਚ ਕਰੇਗੀ, ਜੋ US ਡਾਲਰ ਵਿੱਚ ਨੀਤੀਗਤ ਲਾਭਾਂ ਦੀ ਪੇਸ਼ਕਸ਼ ਕਰਦੀ ਹੈ। ਇਹ ਯੋਜਨਾ 100 ਸਾਲ ਦੀ ਉਮਰ ਤੱਕ ਮੌਤ, ਦੁਰਘਟਨਾ, ਅਪੰਗਤਾ ਅਤੇ ਗੰਭੀਰ ਬਿਮਾਰੀ ਵਰਗੇ ਜੋਖਮਾਂ ਨੂੰ ਕਵਰ ਕਰਦੀ ਹੈ। NRI ਖਪਤਕਾਰ ਆਪਣੀ ਜੀਵਨ ਸ਼ੈਲੀ, ਡਾਕਟਰੀ ਇਤਿਹਾਸ ਅਤੇ ਕਿੱਤੇ ਦੇ ਅਨੁਸਾਰ ਆਪਣੀ ਕਵਰੇਜ ਨੂੰ ਅਨੁਕੂਲ ਬਣਾਉਣ ਲਈ ਪੰਜ ਯੋਜਨਾ ਵਿਕਲਪਾਂ ਵਿੱਚੋਂ ਚੁਣ ਸਕਦੇ ਹਨ। ਇਹਨਾਂ ਵਿੱਚ ਵਾਧੂ ਲਾਭ (ਰਾਈਡਰ) ਵੀ ਸ਼ਾਮਲ ਹੋ ਸਕਦੇ ਹਨ ਜਿਵੇਂ ਕਿ ਦੁਰਘਟਨਾ ਮੌਤ ਲਾਭ, ਗੰਭੀਰ ਬਿਮਾਰੀ ਕਵਰ ਅਤੇ ਦੁਰਘਟਨਾ ਦੀ ਕੁੱਲ ਅਤੇ ਸਥਾਈ ਅਪੰਗਤਾ 'ਤੇ ਪ੍ਰੀਮੀਅਮ ਦੀ ਛੋਟ। ਕੰਪਨੀ ਜਲਦੀ ਹੀ ਇਕਾਈ ਨਾਲ ਜੁੜੇ ਜੀਵਨ ਬੀਮਾ ਉਤਪਾਦ ਵੀ ਲਾਂਚ ਕਰੇਗੀ, ਜਿਸ ਨਾਲ ਖਪਤਕਾਰਾਂ ਨੂੰ ਗਲੋਬਲ ਇਕੁਇਟੀ ਬਾਜ਼ਾਰਾਂ ਵਿਚ ਨਿਵੇਸ਼ ਦੇ ਆਕਰਸ਼ਕ ਮੌਕਿਆਂ ਦਾ ਲਾਭ ਮਿਲ ਸਕੇਗਾ।

## ਫਿਲਮ 'ਐਮਰਜੈਂਸੀ' ਉੱਤੇ ਸੈਂਸਰ ਬੋਰਡ ਦਾ ਪ੍ਰਮਾਣ ਪੱਤਰ ਨਾ ਮਿਲਣਾ ਕਾਫੀ ਅਫਸੋਸਨਾਕ: ਕੰਗਨਾ ਰਣੌਤ

**ਨਵੀਂ ਦਿੱਲੀ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਆਪਣੀ ਫਿਲਮ 'ਐਮਰਜੈਂਸੀ' ਨੂੰ ਕੇਂਦਰੀ ਫਿਲਮ ਸਰਟੀਫਿਕੇਸ਼ਨ ਬੋਰਡ (ਸੀਬੀਐੱਫਸੀ) ਤੋਂ ਪ੍ਰਮਾਣ ਪੱਤਰ ਨਾ ਮਿਲਣ ਅਤੇ 6 ਸਤੰਬਰ ਨੂੰ ਪ੍ਰਸਤਾਵਿਤ ਇਸ ਦਾ ਪ੍ਰਦਰਸ਼ਨ ਅੱਧ ਵਿਚਾਲੇ ਲਟਕਣ ਵਿਚਾਲੇ ਅਦਾਕਾਰਾ ਕੰਗਨਾ ਰਣੌਤ ਨੇ ਅੱਜ ਕਿਹਾ ਕਿ ਇਹ ਬਹੁਤ ਹੀ ਅਫਸੋਸਨਾਕ ਅਤੇ ਅਨਿਆਂਪੂਰਨ ਹੈ ਕਿ ਸੈਂਸਰਸ਼ਿਪ ਸਿਰਫ਼ ਉਨ੍ਹਾਂ ਦੀ ਫਿਲਮ ਵਾਸਤੇ ਹੈ। ਕੰਗਨਾ ਨੇ ਕਿਹਾ ਕਿ ਸਿਰਫ ਇਤਿਹਾਸਕ ਤੱਥਾਂ 'ਤੇ ਫਿਲਮ ਬਣਾਉਣ ਵਾਲਿਆਂ 'ਤੇ ਸੈਂਸਰਸ਼ਿਪ ਹੈ ਪਰ ਹਿੰਸਾ ਤੇ ਨੰਗੇਜ਼ ਦਿਖਾਇਆ ਜਾ ਸਕਦਾ ਹੈ।

## ਮਨੀ ਲਾਂਡਰਿੰਗ ਮਾਮਲੇ 'ਚ ਸੁਪਰੀਮ ਕੋਰਟ ਨੇ 'ਆਪ' ਆਗੂ ਵਿਜੈ ਨਾਇਰ ਨੂੰ ਜ਼ਮਾਨਤ ਦਿੱਤੀ

**ਨਵੀਂ ਦਿੱਲੀ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਕਥਿਤ ਦਿੱਲੀ ਆਬਕਾਰੀ ਨੀਤੀ ਘੁਟਾਲੇ ਨਾਲ ਜੁੜੇ ਇਕ ਮਨੀ ਲਾਂਡਰਿੰਗ ਮਾਮਲੇ ਵਿੱਚ ਆਮ ਆਦਮੀ ਪਾਰਟੀ ਦੇ ਸਾਬਕਾ ਸੰਚਾਰ ਇੰਚਾਰਜ ਵਿਜੈ ਨਾਇਰ ਨੂੰ ਅੱਜ ਜ਼ਮਾਨਤ ਦੇ ਦਿੱਤੀ ਅਤੇ ਕਿਹਾ ਕਿ ਆਜ਼ਾਦੀ 'ਪਵਿੱਤਰ' ਹੁੰਦੀ ਹੈ। ਇਕ ਕੋਆਰਡੀਨੇਟ ਬੈਂਚ ਦੇ ਹਵਾਲੇ ਨਾਲ 'ਜ਼ਮਾਨਤ ਨਿਯਮ ਹੈ, ਜੇਲ੍ਹ ਅਪਵਾਦ ਹੈ' ਦੇ ਕਾਨੂੰਨੀ ਸਿਧਾਂਤ ਨੂੰ ਮੰਨਦੇ ਹੋਏ ਸਿਖਰਲੀ ਅਦਾਲਤ ਨੇ ਕਿਹਾ ਕਿ ਮੁਕੱਦਮੇ ਤੋਂ ਪਹਿਲਾਂ ਜੇਲ੍ਹ ਵਿੱਚ ਬੰਦ ਕਰਨਾ ਸਜ਼ਾ ਨਹੀਂ ਹੋ ਸਕਦੀ। ਜਸਟਿਸ ਰਿਸ਼ੀਕੇਸ਼ ਰਾਏ ਅਤੇ ਜਸਟਿਸ ਐੱਸਵੀਐੱਨ ਭੱਟੀ ਦੇ ਬੈਂਚ ਨੇ ਕਿਹਾ ਕਿ ਨਾਇਰ ਮਨੀ ਲਾਂਡਰਿੰਗ ਮਾਮਲੇ ਵਿੱਚ ਪਿਛਲੇ 22 ਮਹੀਨਿਆਂ ਤੋਂ ਜੇਲ੍ਹ ਵਿੱਚ ਹਨ ਜਿੱਥੇ ਜ਼ਿਆਦਾਤਰ ਸਜ਼ਾ ਸੱਤ ਸਾਲ ਦੀ ਹੈ। ਬੈਂਚ ਨੇ 12 ਅਗਸਤ ਨੂੰ ਨਾਇਰ ਦੀ ਜ਼ਮਾਨਤ ਅਰਜ਼ੀ 'ਤੇ ਈਡੀ ਕੋਲੋਂ ਜਵਾਬ ਮੰਗਿਆ ਸੀ। ਏਜੰਸੀ ਨੇ 13 ਨਵੰਬਰ 2022 ਨੂੰ ਨਾਇਰ ਨੂੰ ਗ੍ਰਿਫ਼ਤਾਰ ਕੀਤਾ ਸੀ

## ਭੁਪੇਸ਼ ਚੱਠਾ ਨੇ ਪਟਿਆਲਾ ਦੇ ਡੀ.ਪੀ.ਆਰ.ਓ. ਵਜੋਂ ਅਹੁਦਾ ਸੰਭਾਲਿਆ



**ਪਟਿਆਲਾ, 3 ਸਤੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਚਨਾ ਅਤੇ ਲੋਕ ਸੰਪਰਕ ਅਧਿਕਾਰੀ ਸ੍ਰੀ ਭੁਪੇਸ਼ ਚੱਠਾ ਨੇ ਪਟਿਆਲਾ ਦੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਵਜੋਂ ਅਪਣਾ ਅਹੁਦਾ ਸੰਭਾਲ ਲਿਆ ਹੈ। ਉਹ ਇਸ ਤੋਂ ਪਹਿਲਾਂ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਤਾਇਨਾਤ ਸਨ। ਆਪਣਾ ਅਹੁਦਾ ਸੰਭਾਲਣ ਮਗਰੋਂ ਸ੍ਰੀ ਭੁਪੇਸ਼ ਚੱਠਾ ਨੇ ਕਿਹਾ ਕਿ ਸਮੁੱਚੇ ਮੀਡੀਆ ਸਾਥੀਆਂ ਦੇ ਸਹਿਯੋਗ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਆਮ ਨਾਗਰਿਕਾਂ ਤੱਕ ਪਹੁੰਚਾਉਣਾ ਉਨ੍ਹਾਂ ਦੀ ਪਹਿਲਕਦਮੀ ਹੋਵੇਗੀ।

ਸ੍ਰੀ ਭੁਪੇਸ਼ ਚੱਠਾ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਮੀਡੀਆ ਦਰਮਿਆਨ ਇੱਕ ਪੁਲ ਦੀ ਤਰ੍ਹਾਂ ਕੰਮ ਕਰਨਗੇ ਅਤੇ ਮੀਡੀਆ ਕਰਮੀਆਂ ਨੂੰ ਦਰਪੇਸ਼ ਮੁਸ਼ਕਿਲਾਂ ਦੇ ਨਿਪਟਾਰੇ ਲਈ ਹਰ ਵੇਲੇ ਤਤਪਰ ਰਹਿਣਗੇ। ਜ਼ਿਕਰਯੋਗ ਹੈ ਕਿ ਇੰਨਵੈਸਟੀਗੇਟਿਵ ਜਰਨਲਿਜ਼ਮ ਵਿੱਚ ਵਧੀਆਂ ਸੇਵਾਵਾਂ ਦੇਣ ਵਾਲੇ ਰਾਸ਼ਟਰਪਤੀ ਅਵਾਰਡ ਨਾਲ ਸਨਮਾਨਤ ਸ੍ਰੀ ਭੁਪੇਸ਼ ਚੱਠਾ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਵਜੋਂ ਸ੍ਰੀ ਫ਼ਤਿਗੜ੍ਹ ਸਾਹਿਬ ਸਮੇਤ ਬਤੌਰ ਏ.ਪੀ.ਆਰ.ਓ ਪਟਿਆਲਾ ਵਿਖੇ ਵੀ ਸ਼ਾਨਦਾਰ ਸੇਵਾਵਾਂ ਨਿਭਾ ਚੁੱਕੇ ਹਨ ਅਤੇ ਉਨ੍ਹਾਂ ਕੋਲ ਪੱਤਰਕਾਰਤਾ ਦੇ ਖੇਤਰ ਵਿੱਚ ਲੰਬਾ ਤਜਰਬਾ ਹੈ।

## ਪੈਰਾਲੰਪਿਕ: ਕਥੁਨੀਆ ਅਤੇ ਪ੍ਰੀਤੀ ਵੱਲੋਂ ਸਰਵੋਤਮ ਪ੍ਰਦਰਸ਼ਨ, ਇਤਿਹਾਸ ਸਿਰਜਿਆ

**ਪੈਰਿਸ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਭਾਰਤੀ ਖਿਡਾਰੀ ਪੈਰਿਸ ਵਿਚ ਚੱਲ ਰਹੀਆਂ ਪੈਰਾਲੰਪਿਕ ਖੇਡਾਂ ਦੌਰਾਨ ਚੰਗਾ ਪ੍ਰਦਰਸ਼ਨ ਕਰ ਰਹੇ ਹਨ। ਭਾਰਤ ਦੇ ਯੋਗੇਸ਼ ਕਥੁਨੀਆ ਨੇ ਪੈਰਾਲੰਪਿਕ ਖੇਡਾਂ ਵਿਚ ਵਿੱਚ ਪੁਰਸ਼ਾਂ ਦੇ ਡਿਸਕਸ ਥਰੋਅ ਐੱਫ-56 ਈਵੈਂਟ ਵਿੱਚ ਸੀਜ਼ਨ ਦਾ ਸਰਵੋਤਮ ਪ੍ਰਦਰਸ਼ਨ ਕਰਦਿਆਂ 42.22 ਮੀਟਰ ਨਾਲ ਲਗਾਤਾਰ ਦੂਜਾ ਪੈਰਾਲੰਪਿਕ ਚਾਂਦੀ ਦਾ ਤਗ਼ਮਾ ਜਿੱਤਿਆ ਹੈ। 27 ਸਾਲਾ ਖਿਡਾਰੀ ਨੇ ਤਿੰਨ ਸਾਲ ਪਹਿਲਾਂ ਟੋਕੀਓ ਪੈਰਾਲੰਪਿਕ ਵਿੱਚ ਆਪਣੀ ਪਹਿਲੀ ਕੋਸ਼ਿਸ਼ ਵਿੱਚ ਡਿਸਕਸ ਨੂੰ ਪੋਡੀਅਮ-ਕਲਿੰਚਿੰਗ ਦੂਰੀ ਤੱਕ ਸੁੱਟ ਕੇ ਚਾਂਦੀ ਦਾ ਤਗ਼ਮਾ ਜਿੱਤਿਆ ਸੀ।

9 ਸਾਲ ਦੀ ਉਮਰ ਵਿੱਚ ਕਥੁਨੀਆ ਗੁਇਲੇਨ-ਬੈਰੇ ਸਿੰਡਰੋਮ ਨਾਲ ਪੀੜਤ ਹੋ ਗਿਆ ਸੀ। ਇਸ ਦੌਰਾਨ ਵ੍ਹੀਲਚੇਅਰ 'ਤੇ ਹੋਣ ਕਾਰਨ ਉਸਨੇ ਆਪਣੀ ਮਾਂ ਮੀਨਾ ਦੇਵੀ ਦੀ ਮਦਦ ਨਾਲ ਜ਼ਿੰਦਗੀ ਦੀਆਂ ਔਕੜਾਂ ਨੂੰ ਪਾਰ ਕੀਤਾ, ਜ਼ਿਕਰਯੋਗ ਹੈ ਕਿ ਖਿਡਾਰੀ ਦੀ ਮਾਤਾ ਨੇ ਫਿਜ਼ੀਓਥੈਰੇਪੀ ਸਿੱਖੀ ਕੇ ਉਸਨੂੰ ਦੁਬਾਰਾ ਚੱਲਣ ਲਈ ਮਾਸਪੇਸ਼ੀਆਂ ਦੀ ਤਾਕਤ ਪ੍ਰਾਪਤ ਕਰਨ ਵਿੱਚ ਮਦਦ ਕੀਤੀ ਸੀ।

ਦੋ ਪੈਰਾਲੰਪਿਕ ਚਾਂਦੀ ਦੇ ਤਗ਼ਮਿਆਂ ਤੋਂ ਇਲਾਵਾ ਉਸ ਕੋਲ ਤਿੰਨ ਵਿਸ਼ਵ ਚੈਂਪੀਅਨਸ਼ਿਪ ਦੇ ਤਗ਼ਮੇ ਹਨ, ਜਿਨ੍ਹਾਂ ਵਿੱਚ ਦੋ ਚਾਂਦੀ ਅਤੇ ਇੱਕ ਕਾਂਸੀ ਦਾ ਤਗਮਾ ਸ਼ਾਮਲ ਹੈ।

**ਪੈਰਾ-ਸਪ੍ਰਿੰਟਰ ਪ੍ਰੀਤੀ ਪਾਲ ਨੇ ਰਚਿਆ ਇਤਿਹਾਸ**

ਉਧਰ ਪੈਰਾ ਸਪ੍ਰਿੰਟਰ ਪ੍ਰੀਤੀ ਪਾਲ ਨੇ ਦੂਜਾ ਤਗ਼ਮਾ ਜਿੱਤਦਿਆਂ ਇਤਿਹਾਸ ਰਚਿਆ ਹੈ। ਪ੍ਰੀਤੀ ਨੇ ਐਤਵਾਰ ਨੂੰ 200 ਮੀਟਰ ਟੀ-35 ਦੌੜ ਵਿੱਚ ਕਾਂਸੀ ਦਾ ਤਗ਼ਮਾ ਜਿੱਤਿਆ ਅਤੇ ਉਹ ਪੈਰਾਲੰਪਿਕ ਜਾਂ ਓਲੰਪਿਕ ਵਿੱਚ ਟ੍ਰੈਕ ਐਂਡ ਫੀਲਡ ਈਵੈਂਟ ਵਿੱਚ 2 ਤਗ਼ਮੇ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਅਥਲੀਟ ਬਣ ਗਈ ਹੈ। ਇਸ ਈਵੈਂਟ ਵਿੱਚ ਪ੍ਰੀਤੀ ਨੇ 30.01 ਸਕਿੰਟ ਵਿੱਚ ਦੌੜ ਪੂਰੀ ਕਰਦੇ ਹੋਏ ਆਪਣਾ ਨਿੱਜੀ ਸਰਵੋਤਮ ਪ੍ਰਦਰਸ਼ਨ ਦਰਜ ਕੀਤਾ। ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਪ੍ਰੀਤੀ ਨੇ ਮਹਿਲਾ ਟੀ-35 ਦੀ 100 ਮੀਟਰ ਦੌੜ ਵਿੱਚ ਕਾਂਸੀ ਦਾ ਤਗ਼ਮਾ ਜਿੱਤਿਆ ਸੀ। ਉਸਨੇ 14.21 ਸਕਿੰਟ ਦਾ ਸਮਾਂ ਲਿਆ, ਜੋ ਉਸਦਾ ਨਿੱਜੀ ਸਰਵੋਤਮ ਵੀ ਸੀ। ਪ੍ਰੀਤੀ ਨੇ ਕਿਹਾ ਕਿ ਮੈਂ ਆਪਣਾ ਸਰਵੋਤਮ ਦੇਣ ਦੀ ਕੋਸ਼ਿਸ਼ ਕੀਤੀ ਅਤੇ ਮੈਂ ਖੁਸ਼ ਹਾਂ ਕਿ ਮੈਂ ਇੱਕ ਹੋਰ ਤਮਗਾ ਜਿੱਤਿਆ।

## ਰਮੇਸ਼ ਭੰਡਾਰੀ ਨੂੰ ਰਿਟਾਇਰਮੈਂਟ ਤੇ ਕੀਤਾ ਸਨਮਾਨਿਤ



**ਪਟਿਆਲਾ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉਤਰਾਂਚਲੀ ਕਲਚਰਲ ਵੈਲਫੇਅਰ ਸੁਸਾਇਟੀ (ਰਜਿ) ਪਟਿਆਲਾ ਦੇ ਪ੍ਰਧਾਨ ਸ੍ਰੀ ਰਮੇਸ਼ ਭੰਡਾਰੀ ਜੀ ਜੋਕਿ ਦਿ ਸਮਾਣਾ ਕੋਆਪਰੇਟਿਵ ਐਗਰੀਕਲਚਰ ਡਿਵੈਲਪਮੈਂਟ ਬੈਂਕ ਵਿੱਚ ਬਤੌਰ ਕੈਸ਼ੀਅਰ ਅਪਣੀ ਸ਼ੇਵਾ ਨਿਭਾ ਰਹੇ ਸਨ ਬੈਂਕ ਤੋਂ ਰਿਟਾਇਰ ਹੋਏ। ਇਸ ਮੌਕੇ ਉਹਨਾਂ ਦੀ ਰਿਟਾਇਰਮੈਂਟ ਤੇ ਉਤਰਾਖੰਡ ਸਭਾ ਪਟਿਆਲਾ ਦੇ ਪ੍ਰਧਾਨ ਸ਼੍ਰੀ ਜੋਤ ਸਿੰਘ ਭੰਡਾਰੀ, ਜਰਨਲ ਸਕੱਤਰ ਸ਼੍ਰੀ ਭਗਤ ਸਿੰਘ ਭੰਡਾਰੀ,ਉਤਰਾਂਚਲੀ ਕਲਚਰਲ ਵੈਲਫੇਅਰ ਸੁਸਾਇਟੀ ਰਜਿ ਪਟਿਆਲਾ ਦੇ ਸਕੱਤਰ ਸ਼੍ਰੀ ਰਾਜਿੰਦਰ ਸਿੰਘ ਪੰਵਾਰ, ਮੈਂਬਰ, ਸ਼੍ਰੀ ਤਾਰਾ ਦਤ, ਸ਼੍ਰੀ ਪਰਮੇਸ਼ਵਰ ਸਿੰਘ ਨੇਗੀ, ਸ਼੍ਰੀ ਸਰੂਪ ਸਿੰਘ ਰਾਵਤ, ਸ਼੍ਰੀ, ਦੇਵਿੰਦਰ ਸਿੰਘ ਗੋਲਾ, ਸ਼੍ਰੀ ਪ੍ਰਿਥਵੀ ਪਾਲ ਸਿੰਘ ਪੰਵਾਰ, ਸ਼੍ਰੀ ਭਗਵਾਨ ਸਿੰਘ ਕਠੈਤ, ਉਤਰਾਂਚਲੀ ਭਰਾਤਰੀ ਸ਼੍ਰੀਮਤੀ ਅਲੀਵਾਲ ਦੇ ਪ੍ਰਧਾਨ ਸ਼੍ਰੀ ਉੱਤਮ ਸਿੰਘ ਤੜੀਆਲ,ਸ਼੍ਰੀ ਰਵਿੰਦਰ ਸਿੰਘ ਰਾਵਤ, ਸ਼੍ਰੀ ਮੁਲਾਇਮ ਸਿੰਘ ਰਾਣਾ, ਸ਼੍ਰੀ ਭੂਪ ਸਿੰਘ ਅਸਵਾਲ, ਸ਼੍ਰੀ ਭਗਵਾਨ ਸਿੰਘ, ਸ਼੍ਰੀ ਸਰਦਾਰਾ ਸਿੰਘ, ਆਮ ਆਦਮੀ ਪਾਰਟੀ ਦੇ,ਬਲਾਕ ਪ੍ਰਧਾਨ ਅਮਨਦੀਪ ਸਿੰਘ ਭੁਲਰ, ਆਪ ਆਗੂ ਸ਼੍ਰੀ ਜੀ.ਐਸ.ਦਤ ,ਅਮ੍ਰਿਤ ਪਾਲ ਸਿੰਘ, ਬਲਾਕ ਪ੍ਰਧਾਨ ਸ਼੍ਰੀ ਉਮਪਰਕਾਸ਼ ਸ਼ਰਮਾਂ, ਸ਼੍ਰੀ ਕੈਲਾਸ ਪੁਰੋਹਿਤ ਵਲੋਂ ਸਨਮਾਨਿਤ ਕਿਤਾ ਗਿਆ।

## ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਹਰਪਾਲ ਸਿੰਘ ਚੀਮਾ ਨੇ ਕੋਹਲੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ



**ਪਟਿਆਲਾ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਤੇ ਪੰਜਾਬ ਦੇ ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਨੇ ਸਾਬਕਾ ਮੰਤਰੀ ਸਵ: ਸੁਰਜੀਤ ਸਿੰਘ ਕੋਹਲੀ ਦੇ ਪਰਿਵਾਰ ਨਾਲ ਮਿਲ ਕੇ ਦੁੱਖ ਸਾਂਝਾ ਕੀਤਾ। ਅੱਜ ਸਵਰਗੀ ਕੋਹਲੀ ਦੇ ਸਪੁੱਤਰ ਪਟਿਆਲਾ ਤੋਂ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਤੇ ਹੋਰ ਪਰਿਵਾਰਕ ਮੈਂਬਰਾਂ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ. ਸੰਧਵਾਂ ਨੇ ਕਿਹਾ ਕਿ ਜਿਥੇ ਇਹ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ, ਉਥੇ ਹੀ ਜ਼ਿਲ੍ਹੇ ਤੇ ਸੂਬੇ ਲਈ ਵੀ ਨਾ ਪੂਰਾ ਹੋਣ ਵਾਲਾ ਘਾਟਾ ਹੈ ਕਿਉਂਕਿ ਸਵ: ਸੁਰਜੀਤ ਸਿੰਘ ਕੋਹਲੀ ਆਮ ਲੋਕਾਂ ਨਾਲ ਜੁੜੇ ਹੋਏ ਵਿਅਕਤੀ ਸਨ ਤੇ ਹਰੇਕ ਦੇ ਸੁੱਖ-ਦੁੱਖ ਵਿੱਚ ਸ਼ਾਮਲ ਹੁੰਦੇ ਸਨ।

ਸਪੀਕਰ ਸ. ਸੰਧਵਾਂ ਨੇ ਕਿਹਾ ਕਿ ਸਵ: ਸੁਰਜੀਤ ਸਿੰਘ ਕੋਹਲੀ ਇਕ ਪ੍ਰੌੜ੍ਹ ਸਿਆਸਤਦਾਨ ਸਨ, ਜਿਨ੍ਹਾਂ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਐਮ.ਸੀ. ਤੋਂ ਕੀਤੀ ਅਤੇ ਪੰਜਾਬ ਦੇ ਮੰਤਰੀ ਬਣਨ ਤੱਕ ਦਾ ਸਫਰ ਤੈਅ ਕੀਤਾ। ਉਨ੍ਹਾਂ ਆਪਣੇ ਸਿਆਸੀ ਜੀਵਨ ਵਿੱਚ ਹਮੇਸ਼ਾ ਸੂਬੇ ਦੀ ਬਿਹਤਰੀ ਲਈ ਕੰਮ ਕੀਤਾ, ਜੋ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਕੈਬਨਿਟ ਮੰਤਰੀ ਸ. ਹਰਪਾਲ ਸਿੰਘ ਚੀਮਾ ਨੇ ਦੁਖੀ ਪਰਿਵਾਰ ਅਤੇ ਸਕੇ ਸੰਬੰਧੀਆਂ ਨਾਲ ਹਮਦਰਦੀ ਪ੍ਰਗਟ ਕੀਤੀ ਅਤੇ ਵਿੱਛੜੀ ਰੂਹ ਦੀ ਆਤਮਿਕ ਸ਼ਾਂਤੀ ਅਤੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਸਹਿਣ ਕਰਨ ਦਾ ਬਲ ਬਖ਼ਸ਼ਣ ਲਈ ਪ੍ਰਮਾਤਮਾ ਅੱਗੇ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਸਵ: ਸੁਰਜੀਤ ਸਿੰਘ ਕੋਹਲੀ ਵੱਲੋਂ ਸਮਾਜ ਭਲਾਈ ਲਈ ਕੀਤੇ ਕੰਮਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਵਾਲਿਆਂ ਵਿੱਚ ਨਾਭਾ ਦੇ ਵਿਧਾਇਕ ਸ. ਗੁਰਦੇਵ ਸਿੰਘ ਦੇਵ ਮਾਨ, ਐਸ.ਏ.ਐਸ ਨਗਰ ਦੇ ਵਿਧਾਇਕ ਕੁਲਵੰਤ ਸਿੰਘ ਸਮੇਤ ਵੱਡੀ ਗਿਣਤੀ ਸ਼ਹਿਰਵਾਸੀ, ਰਿਸ਼ਤੇਦਾਰ, ਧਾਰਮਿਕ, ਸਮਾਜਿਕ, ਰਾਜਸੀ ਅਤੇ ਹੋਰ ਆਗੂ ਸ਼ਾਮਲ ਸਨ।

ਫੋਟੋ: ਸਪੀਕਰ ਕੁਲਤਾਰ ਸਿੰਘ ਸੰਧਵਾਂ, ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਐਮ.ਐਲ.ਏ ਗੁਰਦੇਵ ਸਿੰਘ ਦੇਵ ਮਾਨ ਤੇ ਕੁਲਵੰਤ ਸਿੰਘ ਕੋਹਲੀ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ।

## ਰਾਹੁਲ ਨੇ ਡੀ.ਟੀ.ਸੀ. ਕਰਮਚਾਰੀਆਂ ਨਾਲ ਗੱਲਬਾਤ ਦਾ ਵੀਡੀਓ ਕੀਤਾ ਸਾਂਝਾ

**ਨਵੀਂ ਦਿੱਲੀ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸੋਮਵਾਰ ਨੂੰ ਡੀਟੀਸੀ ਕਰਮਚਾਰੀਆਂ ਦੀਆਂ ਮੁਸ਼ਕਲਾਂ ਨੂੰ ਰੇਖਾਂਕਿਤ ਕਰਦੇ ਹੋਏ ਕਿਹਾ ਕਿ ਜੋ ਲੋਕ ਹਰ ਰੋਜ਼ ਲੱਖਾਂ ਮੁਸਾਫਰਾਂ ਦੀ ਯਾਤਰਾ ਨੂੰ ਸੌਖਾ ਬਣਾਉਂਦੇ ਹਨ, ਉਨ੍ਹਾਂ ਨੂੰ ਬਦਲੇ ਵਿਚ ਸਿਰਫ਼ 'ਅਨਿਆਂ' ਦਾ ਸਾਹਮਣਾ ਕਰਨਾ ਪੈਂਦਾ ਹੈ। ਦਿੱਲੀ ਟਰਾਂਸਪੋਰਟ ਸੇਵਾ (ਡੀਟੀਸੀ) ਦੇ ਕਰਮਚਾਰੀਆਂ ਨਾਲ ਆਪਣੀ ਗੱਲਬਾਤ ਅਤੇ ਪਿਛਲੇ ਹਫ਼ਤੇ ਆਪਣੀ ਬੱਸ ਯਾਤਰਾ ਦਾ ਵੀਡੀਓ ਸਾਂਝਾ ਕਰਦੇ ਹੋਏ ਰਾਹੁਲ ਗਾਂਧੀ ਨੇ ਕਿਹਾ ਕਿ ਡੀਟੀਸੀ ਕਰਮਚਾਰੀ ਸਰਕਾਰ ਨੂੰ ਪੁੱਛ ਰਹੇ ਹਨ ਕਿ ਜੇਕਰ ਉਹ ਸਥਾਈ ਨਾਗਰਿਕ ਹਨ ਤਾਂ ਉਨ੍ਹਾਂ ਦੀਆਂ ਨੌਕਰੀਆਂ ਅਸਥਾਈ ਕਿਉਂ ਹਨ। ਉਨ੍ਹਾਂ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ,"ਕੁਝ ਦਿਨਾਂ ਪਹਿਲੇ ਦਿੱਲੀ 'ਚ ਇਕ ਸੁਖ਼ਦ ਬੱਸ ਯਾਤਰਾ ਦੇ ਅਨੁਭਵ ਨਾਲ ਡੀਟੀਸੀ ਕਰਮਚਾਰੀਆਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦੀ ਜਾਣਕਾਰੀ ਲਈ।" ਉਨ੍ਹਾਂ ਕਿਹਾ,"ਨਾ ਸਮਾਜਿਕ ਸੁਰੱਖਿਆ, ਨਾ ਸਥਿਰ ਆਮਦਨ ਅਤੇ ਨਾ ਹੀ ਸਥਾਈ ਨੌਕਰੀ...। ਠੇਕੇ 'ਤੇ ਮਜ਼ਦੂਰੀ ਨੇ ਇਕ ਵੱਡੀ ਜ਼ਿੰਮੇਵਾਰੀ ਦੇ ਕੰਮ ਨੂੰ ਮਜ਼ਬੂਰੀ ਦੇ ਮੁਕਾਮ 'ਤੇ ਪਹੁੰਚਾ ਦਿੱਤਾ ਹੈ।"

ਰਾਹੁਲ ਗਾਂਧੀ ਨੇ ਕਿਹਾ ਕਿ ਡਰਾਈਵਰ ਅਤੇ ਕੰਡਕਟਰਾਂ ਨੂੰ ਬੇਨਿਯਮੀ ਦੇ ਹਨ੍ਹੇਰੇ 'ਚ ਜਿਊਂਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ ਅਤੇ ਯਾਤਰੀਆਂ ਦੀ ਸੁਰੱਖਿਆ ਲਈ ਲਗਾਤਾਰ ਤਾਇਨਾਤ ਹੋਮ ਗਾਰਡ 6 ਮਹੀਨੇ ਤੋਂ ਬਿਨਾਂ ਤਨਖਾਹ ਦੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਅਣਦੇਖੀ ਤੋਂ ਪੀੜਤ ਹੋ ਕੇ ਦੇਸ਼ ਭਰ ਦੇ ਸਰਕਾਰੀ ਕਰਮਚਾਰੀਆਂ ਦੀ ਤਰ੍ਹਾਂ ਡੀਟੀਸੀ ਕਰਮਚਾਰੀ ਵੀ ਲਗਾਤਾਰ ਨਿੱਜੀਕਰਨ ਦੇ ਡਰ ਦੇ ਸਾਏ 'ਚ ਜੀਅ ਰਹੇ ਹਨ।

ਉਨ੍ਹਾਂ ਕਿਹਾ,"ਇਹ ਉਹ ਲੋਕ ਹਨ ਜੋ ਭਾਰਤ ਨੂੰ ਚਲਾਉਂਦੇ ਹਨ। ਉਹ ਹਰ ਰੋਜ਼ ਲੱਖਾਂ ਯਾਤਰੀਆਂ ਦੀ ਯਾਤਰਾ ਨੂੰ ਆਸਾਨ ਬਣਾਉਂਦੇ ਹਨ- ਪਰ ਉਨ੍ਹਾਂ ਦੇ ਸਮਰਪਣ ਦੇ ਬਦਲੇ ਉਨ੍ਹਾਂ ਨੂੰ ਕੁਝ ਮਿਲਿਆ ਹੈ ਤਾਂ ਉਹ ਸਿਰਫ਼ ਅਨਿਆਂ। ਮੰਗਾਂ ਸਪੱਸ਼ਟ ਹਨ- ਬਰਾਬਰ ਕੰਮ, ਬਰਾਬਰ ਤਨਖਾਹ, ਪੂਰਾ ਇਨਸਾਫ!" ਸਾਬਕਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਇਹ ਮੁਲਾਜ਼ਮ ਭਾਰੀ ਅਤੇ ਦੁਖੀ ਹਿਰਦੇ ਨਾਲ ਸਰਕਾਰ ਨੂੰ ਪੁੱਛ ਰਹੇ ਹਨ ਕਿ ਜੇਕਰ ਉਹ ਠੋਸ ਨਾਗਰਿਕ ਹਨ ਤਾਂ ਉਨ੍ਹਾਂ ਦੀਆਂ ਨੌਕਰੀਆਂ ਕੱਚੀਆਂ ਕਿਉਂ ਹਨ ? ਵੀਡੀਓ 'ਚ ਰਾਹੁਲ ਗਾਂਧੀ ਡਰਾਈਵਰ ਨਾਲ ਉਬੇਰ ਦੀ ਸਵਾਰੀ ਕਰਦੇ ਨਜ਼ਰ ਆ ਰਹੇ ਹਨ। ਇਸ ਡਰਾਈਵਰ ਨਾਲ ਉਨ੍ਹਾਂ ਨੇ ਕੁਝ ਦਿਨ ਪਹਿਲੇ ਯਾਤਰਾ ਕੀਤੀ ਸੀ ਅਤੇ ਬਾਅਦ 'ਚ ਸਰੋਜਨੀ ਨਗਰ ਬੱਸ ਡਿਪੋ ਕੋਲ ਉਸ ਸਥਾਨ 'ਤੇ ਗਿਗ ਵਰਕਰਾਂ ਦੀਆਂ ਸਮੱਸਿਆਵਾਂ ਨੂੰ ਰੇਖਾਂਕਿਤ ਕਰਦੇ ਹੋਏ ਇਕ ਵੀਡੀਓ ਜਾਰੀ ਕੀਤਾ ਸੀ। ਉਨ੍ਹਾਂ ਨੇ ਪਿਛਲੇ ਬੁੱਧਵਾਰ ਨੂੰ ਡਰਾਈਵਰਾਂ, ਕੰਡਕਟਰਾਂ ਅਤੇ ਮਾਰਸ਼ਲਾਂ ਨਾਲ ਗੱਲਬਾਤ ਕੀਤੀ ਸੀ। ਰਾਹੁਲ ਨੇ ਇਕ ਫੇਸਬੁੱਕ ਪੋਸਟ 'ਚ ਆਪਣੀ ਗੱਲਬਾਤ ਅਤੇ ਬੱਸ 'ਚ ਸਫ਼ਰ ਦੀਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ ਸਨ। ਉਨ੍ਹਾਂ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ ਸੀ,"ਡਰਾਈਵਰ ਅਤੇ ਕਡੰਕਟਰ ਭਰਾਵੋ ਅਤੇ ਦਿੱਲੀ 'ਚ ਬੱਸ ਮਾਰਸ਼ਲਾਂ ਨਾਲ ਇਕ ਬੈਠਕ ਅਤੇ ਚਰਚਾ ਹੋਈ ਅਤੇ ਫਿਰ ਡੀਟੀਸੀ ਦੀ ਬੱਸ 'ਚ ਇਕ ਮਜ਼ੇਦਾਰ ਸਵਾਰੀ ਹੋਈ। ਆਪਣੇ ਪ੍ਰਿਯਜਨਾਂ ਨਾਲ ਉਨ੍ਹਾਂ ਦੇ ਮੁੱਦਿਆਂ 'ਤੇ ਗੱਲ।"

## ਬੇਬੇ ਨਾਨਕੀ ਸਮਾਜ ਸੇਵਾ ਸੁਸਾਇਟੀ ਵੱਲੋਂ ਚਾਰ ਲੋੜਵੰਦ ਧੀਆਂ ਦੇ ਆਨੰਦ ਕਾਰਜ ਕਰਵਾਏ ਗਏ

**ਮਾਛੀਵਾੜਾ ਸਾਹਿਬ, 3 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਲੰਮੇ ਸਮੇਂ ਤੋਂ ਸਮਾਜ ਸੇਵਾ ਦੇ ਕਾਰਜਾਂ 'ਚ ਆਪਣਾ ਵੱਡਾ ਯੋਗਦਾਨ ਪਾਉਣ ਅਤੇ ਹਰ ਸਾਲ ਗਰੀਬ ਧੀਆਂ ਦੇ ਵਿਆਹ ਕਰਵਾਉਣ ਵਾਲੀ ਸੰਸਥਾ ÷ਬੇਬੇ ਨਾਨਕੀ ਸਮਾਜ ਸੇਵਾ ਸੁਸਾਇਟੀ÷ ਵੱਲੋਂ ਅੱਜ ਪਿੰਡ ਈਸਾਪੁਰ ਵਿਖੇ ਚਾਰ ਗਰੀਬ ਲੋੜਵੰਦ ਧੀਆਂ ਦੇ ਵਿਆਹ ਕਰਵਾਏ ਗਏ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਬਾਬਾ ਬੂਟਾ ਸਿੰਘ ਨੇ ਦੱਸਿਆ ਕਿ ਤਿੰਨ ਧੀਆਂ ਲੁਧਿਆਣਾ ਜ਼ਿਲ੍ਹੇ ਨਾਲ ਸੰਬੰਧਿਤ ਵੱਖ-ਵੱਖ ਪਿੰਡਾਂ ਤੋਂ ਸਨ ਅਤੇ ਇੱਕ ਧੀ ਦੇ ਪਰਿਵਾਰਕ ਮੈਂਬਰ ਨਵਾਂ ਸ਼ਹਿਰ ਜ਼ਿਲ੍ਹੇ ਨਾਲ ਸੰਬੰਧਿਤ ਸਨ। ਉਨ੍ਹਾਂ ਦੱਸਿਆ ਕਿ ਵਿਆਹ ਦੇ ਰੀਤੀ ਰਿਵਾਜ ਅਨੁਸਾਰ ਚਾਰੇ ਧੀਆਂ ਦੀਆਂ ਬਰਾਤਾਂ ਵੱਖੋ-ਵੱਖ ਇਲਾਕਿਆਂ ਤੋਂ ਆਪਣੇ ਪਰਿਵਾਰਿਕ ਮੈਂਬਰਾਂ ਅਤੇ ਸੱਜਣ ਸਨੇਹੀਆਂ ਸਮੇਤ ਇੱਥੇ ਪੁੱਜੀਆਂ, ਅਤੇ ਵਿਆਹ ਦੀ ਪਰੰਪਰਾ ਨੂੰ ਮੁੱਖ ਰੱਖਦਿਆਂ ਸਾਡੀ ਸੁਸਾਇਟੀ ਵੱਲੋਂ ਵਿਸ਼ੇਸ਼ ਪ੍ਰਕਾਰ ਦੇ ਲੰਗਰ ਤਿਆਰ ਕੀਤੇ ਗਏ। ਇਸ ਦੌਰਾਨ ਜੁੱਗੋ ਜੁਗ ਅਟੱਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਸਿੱਖ ਰੀਤੀ ਰਿਵਾਜਾਂ ਅਨੁਸਾਰ ਚਾਰੇ ਧੀਆਂ ਦੇ ਵਿਆਹ ਸੰਪੂਰਨ ਹੋਏ। ਬਾਬਾ ਬੂਟਾ ਸਿੰਘ ਨੇ ਦੱਸਿਆ ਕਿ ਸਾਡੇ ਵੱਲੋਂ ਧੀਆਂ ਨੂੰ ਡਬਲ ਬੈੱਡ, ਸੋਫਾ ਸੈੱਟ, ਪੇਟੀ, ਅਲਮਾਰੀ ਅਤੇ ਬਿਸਤਰੇ ਤੇ ਭਾਂਡੇ ਵੀ ਦਿੱਤੇ ਗਏ। ਇਸ ਮੌਕੇ ਮਾਛੀਵਾੜਾ ਸਾਹਿਬ ਸੋਸ਼ਲ ਵੈਲਫੇਅਰ ਸੋਸਾਇਟੀ (ਐੱਨ.ਜੀ.ਓ.) ਵੱਲੋਂ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ ਜਿੱਥੇ ਕਿ ਖ਼ੂਨਦਾਨੀਆਂ ਨੇ ਖ਼ੂਨ ਦਾਨ ਕੀਤਾ ਇਸ ਮੌਕੇ ਐੱਨ.ਜੀ.ਓ. ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਨੇ ਕਿਹਾ ਕਿ ਇਹੋ ਜਿਹੇ ਕਾਰਜਾਂ ਉੱਤੇ ਜ਼ਰੂਰ ਖ਼ੂਨ ਦਾਨ ਕਰਨਾ ਚਾਹੀਦਾ ਹੈ ਕਿਉਂਕਿ ਤੁਹਾਡੇ ਦੁਆਰਾ ਦਿੱਤਾ ਹੋਏ ਖ਼ੂਨ ਨਾਲ ਕਿਸੇ ਦੀ ਜਾਨ ਬਚਦੀ ਹੈ। ਇਸ ਮੌਕੇ ਹਲਕਾ ਸਮਰਾਲਾ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਖ਼ੂਨਦਾਨੀਆਂ ਦੀ ਹੌਂਸਲਾ ਅਫਜ਼ਾਈ ਕੀਤੀ ਅਤੇ ਉਨ੍ਹਾਂ ਨੇ ਕਿਹਾ ਕਿ ਮਾਛੀਵਾੜਾ ਸੋਸ਼ਲ ਵੈਲਫੇਅਰ ਸੋਸਾਇਟੀ (ਐੱਨ.ਜੀ.ਓ.) ਦੁਆਰਾ ਬਹੁਤ ਵਧੀਆ ਕਾਰਜ ਕੀਤਾ ਜਾ ਰਿਹਾ ਹੈ ਜੋ ਉਹ ਲੋੜਵੰਦਾਂ ਨੂੰ ਖ਼ੂਨ ਮੁਹਈਆ ਕਰਵਾਉਂਦੇ ਹਨ।

ਇਸ ਮੌਕੇ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ÷ਬੇਬੇ ਨਾਨਕੀ ਸਮਾਜ ਸੇਵਾ ਸੁਸਾਇਟੀ÷ ਵੱਲੋਂ ਬਹੁਤ ਵਧੀਆ ਕਾਰਜ ਕੀਤਾ ਜਾ ਰਿਹਾ ਹੈ ਜੋ ਲੋੜਵੰਦ ਲੜਕੀਆਂ ਦੇ ਵਿਆਹ ਕਰਦੇ ਹਨ ਉਹਨਾਂ ਕਿਹਾ ਕਿ ਜੋ ਅਸੀਂ ਆਪਣੀ ਫਜ਼ੂਲ ਖਰਚੀ ਕਰਦੇ ਹਾਂ ਖੁਸ਼ੀਆਂ ਦੇ ਵਿੱਚ ਆਪਣੇ ਪੈਸਿਆਂ ਦੀ ਬਰਬਾਦੀ ਕਰਦੇ ਹਾਂ ਸਗੋਂ ਉਹ ਰੁਪਈਆਂ ਨੂੰ ਇਹੋ ਜਿਹੇ ਕਾਰਜਾਂ ਉਤੇ ਖਰਚਣਾ ਚਾਹੀਦਾ ਹੈ ਜਿਸ ਨਾਲ ਕਿਸੇ ਦਾ ਭਲਾ ਹੋ ਸਕੇ।

ਉਹਨਾਂ ਕਿਹਾ ਕਿ ਅਸਲੀ ਦਾਨ ਪੁੰਨ ਉਹੀ ਹੈ ਜੋ ਕਿਸੇ ਨੂੰ ਲੋੜ ਪੈਣ ਤੇ ਦਿੱਤਾ ਜਾ ਸਕੇ।ਇਸ ਸਮਾਗਮ ਮੌਕੇ ਬੱਚੀਆਂ ਨੂੰ ਆਸ਼ੀਰਵਾਦ ਦੇਣ ਲਈ ਪਹੁੰਚੀਆਂ ਸ਼ਖਸ਼ੀਅਤਾਂ ਚੋਂ ਸੰਤ ਬਾਬਾ ਸੁੱਧ ਸਿੰਘ ਟੂਸਿਆਂ ਵਾਲੇ, ਸੰਤ ਬਾਬਾ ਗੁਰਮੇਲ ਸਿੰਘ ਸ਼੍ਰੀ ਚਮਕੌਰ ਸਾਹਿਬ ਵਾਲੇ ਅਤੇ ਕਾਂਗਰਸ ਦੇ ਸਮਰਾਲਾ ਤੋਂ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਵਿਸ਼ੇਸ਼ ਤੌਰ ਤੇ ਪਹੁੰਚੇ।

# ਹੁਣ ਇਸ ਮੁਲਕ ਵਿਚ ਆਈ. ਐਸ. ਦੀ ਦਹਿਸ਼ਤ

## ਤਾਨਾਸ਼ਾਹ ਨੇ ਦਿੱਤੀ ਹੋਈ ਹੈ ਫੌਜ ਨੂੰ ਖੁੱਲ੍ਹੀ ਛੋਟ

ਦੁਨੀਆਂ ਭਰ ਵਿਚ ਦਹਿਸ਼ਤਗਰਦ ਸੰਗਠਨ ਆਈ. ਐਸ. ਦਾ ਖਤਰਾ ਵਧਦਾ ਜਾ ਰਿਹਾ ਹੈ। ਇਰਾਕ ਅਤੇ ਸੀਰੀਆ ਤੋਂ ਇਲਾਵਾ ਇਸ ਵਕਤ ਫਿਲੀਪੀਨਸ ਵਿਚ ਵੀ ਆਈ. ਐਸ. ਦੇ ਕਰੀਬ 1200 ਦਹਿਸ਼ਤੀਆਂ ਨੇ ਦਹਿਸ਼ਤ ਮਚਾ ਰੱਖੀ ਹੈ। ਫਿਲੀਪੀਨਸ ਮੀਡੀਆ ਰਿਪੋਰਟਾਂ ਦੇ ਮੁਤਾਬਕ ਇਹਨਾਂ ਵਿਚ ਵਿਦੇਸ਼ੀ ਅੱਤਵਾਦੀ ਵੀ ਸ਼ਾਮਲ ਹਨ, ਜਿਹਨਾਂ ਵਿਚ ਇੰਡੋਨੇਸ਼ੀਆ ਦੇ 40 ਅੱਤਵਾਦੀਆਂ ਦੀ ਪਛਾਣ ਹੋ ਚੁੱਕੀ ਹੈ। ਇਸ ਵਕਤ ਫਿਲੀਪੀਨਸ ਦੀ ਮਰਾਵੀ ਸਿਟੀ ਆਈ. ਐਸ. ਅੱਤਵਾਦੀਆਂ ਦਾ ਗੜ੍ਹ ਹੈ, ਜੋ ਮੁਸਲਿਮ ਬਹੁਗਿਣਤੀ ਏਰੀਆ ਹੈ। ਇਸਦੇ ਕਾਰਨ ਫਿਲੀਪੀਨਸ ਦੇ ਤਾਨਾਸ਼ਾਹ ਕਹੇ ਜਾਣ ਵਾਲੇ ਪ੍ਰਧਾਨ ਰੋਡਰਿਗੋ ਦੁਰਾਏ ਨੇ ਦੇਸ਼ ਵਿਚ ਐਮਰਜੈਂਸੀ ਲਗਾ ਦਿੱਤੀ ਹੈ ਅਤੇ ਆਰਮੀ ਨੂੰ ਹਰ ਕਿਸਮ ਦੀ ਖੁੱਲ੍ਹੀ ਛੋਟ ਦੇ ਰੱਖੀ ਹੈ। ਸੈਨਿਕਾਂ ਅਤੇ ਅੱਤਵਾਦੀਆਂ ਵਿਚਕਾਰ ਖੂਨੀ ਲੜਾਈ ਚੱਲ ਰਹੀ ਹੇ, ਜਿਸ ਕਾਰਨ ਮਰਾਵੀ ਵਿਚ ਰਹਿਣ ਵਾਲੇ ਆਮ ਲੋਕ ਵੀ ਮਾਰੇ ਜਾ ਰਹੇ ਹਨ।

ਸਰਕਾਰੀ ਫੋਰਸ ਦੁਆਰਾ ਇਸਲਾਮਿਕ ਸਟੇਟ ਦੇ ਅੱਤਵਾਦੀ ਨੇਤਾ ਇਸਲੀਲੋਨ ਮਰਾਵੀ ਨੂੰ ਪਕੜਨ ਦੀ ਕੋਸ਼ਿਸ਼ ਤੋਂ ਬਾਅਦ ਸੈਂਕੜੇ ਆਈ. ਐਸ. ਅੱਤਵਾਦੀ ਹਮਲਾਵਰ ਮਰਾਵੀ ਸ਼ਹਿਰ ਵਿਚ ਹੰਗਾਮਾ ਕਰ ਰਹੇ ਹਨ। ਮੁੱਖ ਤੌਰ ਤੇ ਕੈਥੋਲਿਕ



ਬਹੁਗਿਣਤੀ ਵਾਲੇ ਇਸ ਦੇਸ਼ ਵਿਚ ਇਹ ਸ਼ਹਿਰ ਮੁਸਲਿਮ ਬਹੁਗਿਣਤੀ ਹੈ, ਇੱਥੇ 2 ਲੱਖ ਮੁਸਲਿਮ ਹਨ। ਸਿਟੀ ਸੈਂਟਰ ਤੇ ਕਰੀਬ 2 ਹਫਤੇ ਤੋਂ 50 ਤੋਂ ਜ਼ਿਆਦਾ ਬੰਦੂਕਧਾਰੀ ਕਬਜਾ ਕਰ ਰਹੇ ਹਨ। ਲੜਾਈ ਦੀ ਸ਼ੁਰੂਆਤ ਤੋਂ ਬਾਅਦ ਹੁਣ ਤੱਕ 177 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਹਨਾਂ ਵਿਚ 120 ਅੱਤਵਾਦੀ ਸ਼ਾਮਲ ਹਨ।

ਰੋਡਰਿਗੋ ਨੇ ਪਿਛਲੇ ਸਾਲ ਜੂਨ ਵਿਚ ਦੇਸ਼ ਦੀ ਸੱਤਾ ਸੰਭਾਲੀ ਸੀ। ਇਸ ਤੋਂ ਤੁਰੰਤ ਬਾਅਦ ਹੀ ਉਹਨਾਂ ਨੇ ਦੇਸ਼ ਦੇ ਡ੍ਰਗ ਡੀਲਰਾਂ ਦੇ ਕਤਲ ਦੀ ਮੁਹਿੰਮ ਆਰੰਭ ਕੀਤੀ ਸੀ, ਜੋ ਹੁਣ ਤੱਕ ਜਾਰੀ ਹੈ। ਰੋਡਰਿਗੋ ਨੇ ਪੁਲਿਸ ਤੋਂ ਲੈ ਕੇ ਆਮ ਜਨਤਾ ਨੂੰ ਡ੍ਰਗ ਡੀਲਰਾਂ ਨੂੰ ਜਾਨ ਤੋਂ ਮਾਰਨ ਦੀ ਖੁੱਲ੍ਹੀ ਛੋਟ ਦਿੱਤੀ ਹੋਈ ਹੈ। ਨਤੀਜਾ ਇਹ ਹੈ ਕਿ ਜੁਲਾਈ ਤੋਂ ਹੁਣ ਤੱਕ 200 ਸ਼ੱਕੀ ਡ੍ਰਗ ਡੀਲਰ ਮਾਰੇ ਜਾ ਚੁੱਕਾ ਹੈ, ਉਥੇ ਹੀ ਬਾਕੀ ਹੋਈਆਂ 3 ਹਜ਼ਾਰ ਮੌਤਾਂ ਦੀ ਸਜਾਂਚ ਜਾਰੀ ਹੈ। ਹਾਲ ਹੀ ਵਿਚ ਰੋਡਰਿਗੋ ਨੇ ਆਰਮੀ ਨੂੰ ਅੱਤਵਾਦੀਆਂ ਨਾਲ ਨਿਪਟਣ ਦੇ ਲਈ ਇਹ ਤੱਕ ਕਹਿ ਦਿੱਤਾ ਸੀ ਕਿ ਉਹ ਤਿੰਨ ਔਰਤਾਂ ਦਾ ਬਲਾਤਕਾਰ ਕਰ ਸਕਦੇ ਹਨ, ਹਾਲਾਂਕਿ ਵਿਵਾਦ ਹੋਣ ਤੋਂ ਬਾਅਦ ਉਹਨਾਂ ਨੇ ਇਸਨੂੰ ਮਜ਼ਾਕ ਦੱਸਿਆ ਸੀ। ਇਸ ਤੋਂ ਪਹਿਲਾਂ ਉਹਨਾਂ ਨੇ ਬਿਆਨ ਦਿੱਤਾ ਸੀ ਕਿ ਸਾਡੀ ਆਰਮੀ ਅੱਤਵਾਦੀਆਂ ਨਾਲ ਨਿਪਟਣ ਦੇ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਮੈਂ ਖੁਦ ਅੱਵਾਦੀਆਂ ਦਾ ਦਿਲ ਕੱਢ ਕੇ ਖਾਣਾ ਚਾਹੁਦਾ ਹਾਂ।

# ਕੋਬਰੇ ਤੋਂ ਵੀ ਜ਼ਹਿਰੀਲਾ ਹੈ ਇਹ ਪੌਦਾ

ਇਨਸਾਨ ਪੌਦਿਆਂ ਦੀ ਹਮੇਸ਼ਾ ਵਰਤੋਂ ਕਰਦੇ ਹਨ। ਕਾਗਜ਼ ਬਣਾਉਣ ਤੋਂ ਲੈ ਕੇ ਫਰਨੀਚਰ ਤੱਕ, ਸਭ ਕੁਝ ਦਰਖਤਾਂ ਤੇ ਹੀ ਨਿਰਭਰ ਹੈ। ਹਾਲਾਂਕਿ ਹਮੇਸ਼ਾ ਅਜਿਹਾ ਨਹੀਂ ਹੁੰਦਾ। ਕਦੀ-ਕਦੀ ਪੌਦੇ ਹੀ ਇਨਸਾਨਾਂ ਨੂੰ ਨੁਕਸਾਨ ਪਹੁੰਚਾਉਣ ਲੱਗਦੇ ਹਨ। ਜਿਵੇਂ ਕਿ ਹੋਗਵੀਡ, ਇਹ ਗਾਜਰ ਘਾਹ ਦੀ ਪ੍ਰਜਾਤੀ ਦਾ ਪੌਦਾ ਹੁੰਦਾ ਹੈ ਜੋ ਜ਼ਿਆਦਾ ਵੱਡਾ ਤਾਂ ਨਹੀਂ ਹੈ ਪਰ ਖਤਰਨਾਕ ਇੰਨਾ ਜਿਵੇਂ ਕਿ ਕੋਬਰਾ ਸੱਪ। ਜੀ ਹਾਂ ਹੋਗਵੀਡ ਕਾਫੀ ਜ਼ਹਿਰੀਲਾ ਪੌਦਾ ਮੰਨਿਆ ਜਾਂਦਾ ਹੈ। ਇਹ ਕਿਲਰ ਟ੍ਰੀ ਦੇ ਨਾਂ ਨਾਲ ਵੀ ਪ੍ਰਸਿੱਧ ਹੈ। ਇਸ ਖਤਰਨਾਕ ਅਤੇ ਦਿੱਸਣ ਵਿਚ ਬੇਹੱਦ ਖ਼ੂਬਸੂਰਤ ਲੱਗਣ ਵਾਲੇ ਪੌਦਾ ਦਾ ਵਿਗਿਆਨਕ ਨਾਂ ਹੇਰਕਿਲਮ ਮੈਂਟਾਗੇਜੀਅਨਮ ਹੈ।



ਹੋਗਵੀਡ ਪੌਦਾ ਨਿਊਯਾਰਕ, ਪੈਨਸਲਵੇਨੀਆ, ਓਹਾਇਓ, ਮੈਰੀਲੈਂਡ, ਵਾਸ਼ਿੰਗਟਨ, ਮਿਸ਼ੀਗਨ ਅਤੇ ਹੈਂਪਸ਼ਾਇਰ ਵਿਚ ਪਾਇਆ ਜਾਂਦਾ ਹੈ। ਇਸਨੂੰ ਛੂਹਣ ਮਾਤਰ ਨਾਲ ਹੱਥਾਂ ਤੇ ਛਾਲੇ ਪੈ ਜਾਂਦੇ ਹਨ। ਇਹ ਛਾਲੇ ਪੀਕ ਨਾਲ ਭਰੇ ਹੁੰਦੇ ਹਨ। ਕਿਹਾ ਜਾਂਦਾ ਹੈ ਕਦੀ ਕਦੀ ਇਸਨੂੰ ਛੂਹਣ ਦੇ 48 ਘੰਟੇ ਦੇ ਅੰਦਰ ਇਸਦਾ ਖਤਰਨਾਕ ਅਸਰ ਹੁੰਦਾ ਹੈ ਕਿ ਲੋਕਾਂ ਨੂੰ ਠੀਕ ਹੋਣ ਵਿਚ ਕਈ ਸਾਲ ਦਾ ਵਕਤ ਲੱਗ ਜਾਂਦਾ ਹੈ। ਕਹਿੰਦੇ ਹਨ ਕਿ ਇਹ ਵੀ ਹੈ ਕਿ ਇਸ ਪੌਦੇ ਨੂੰ ਛੂਹਣ ਨਾਲ ਇਨਸਾਨ ਦੀਆਂ ਅੱਖਾਂ ਦੀ ਰੌਸ਼ਨੀ ਚਲੀ ਜਾਂਦੀ ਹੈ। ਡਾਕਟਰਾਂ ਮੁਤਾਬਕ ਹੁਣ ਤੱਕ ਇਹਨਾਂ ਪੌਦਿਆਂ ਕਾਰਨ ਸਰੀਰ ਨੂੰ ਹੋਣ ਵਾਲੇ ਨੁਕਸਾਨ ਦੀ ਭਰਪਾਈ ਦੇ ਲਈ ਕੋਈ ਸਟੀਕ ਦਵਾਈ ਨਹੀਂ ਬਣੀ ਹੈ।

ਕਿਉਂ ਹੈ ਜਹਿਰੀਲਾ

ਹੋਗਵੀਡ ਇੰਨਾ ਜ਼ਹਿਰੀਲਾ ਕਿਉਂ ਹੈ, ਇਸਨੂੰ ਲੈ ਕੇ ਸਭ ਹੈਰਾਨ ਹਨ। ਪੌਦੇ ਦੇ ਅੰਦਰ ਸੈਂਸਟਾਈਜਿੰਗ ਫੂਰਾਨੋਕੌਮਾਰਿੰਸ ਨਾਮੀ ਰਸਾਇਣ ਪਾਇਆ ਜਾਂਦਾ ਹੈ ਜੋ ਸੱਪ ਦੇ ਜ਼ਹਿਰ ਤੋਂ ਵੀ ਜ਼ਿਆਦਾ ਖਤਰਨਾਕ ਮੰਨਿਆ ਜਾਂਦਾ ਹੈ। ਜੇਕਰ ਤੁਸੀਂ ਇਸ ਦਰਖਤ ਨੂੰ ਹੱਥ ਨਾਲ ਹਿਲਾ ਦਿੱਤਾ ਤਾਂ ਕੁਝ ਘੰਟਿਆਂ ਵਿਚ ਹੀ ਪੂਰੀ ਚਮੜੀ ਸੜਨ ਲੱਗੇਗੀ। ਇੱਥੋਂ ਤੱਕ ਕਿ ਜੇਕਰ ਤੁਸੀਂ ਧੁੱਪ ਵਿਚ ਗਏ ਤਾਂ ਨਤੀਜੇ ਹੋਰ ਭਿਆਨਕ ਹੋ ਸਕਦੇ ਹਨ। ਕੁਝ ਲੋਕ ਜੋ ਹੋਗਵੀਡ ਦੇ ਸੰਪਰਕ ਵਿਚ ਆਏ ਲੱਗਭੱਗ 6 ਮਹੀਨੇ ਤੱਕ ਧੱਪ ਵਿਚ ਨਹੀਂ ਜੀ ਸਕੇ।

# ਦੁਨੀਆਂ ਦੀ ਸਭ ਤੋਂ ਉਚੀ ਰੇਤ ਦੀ ਦੀਵਾਰ

ਜਰਮਨੀ ਵਿਚ ਸਭ ਤੋਂ ਉਚੇ ਰੇਤ ਦੇ ਕਿਲੇ ਦੇ ਲਈ ਇਕ ਨਵਾਂ ਗਿਨੀਜ਼ ਵਰਲਡ ਰਿਕਾਰਡ ਬਣਿਆ ਹੈ। ਇਸ ਕਿਲੇ ਦੀ ਉਚਾਈ 16.65 ਮੀਟਰ ਹੈ। ਇਸ ਦੇ ਲਈ ਲੱਗਭੱਗ 3500 ਟਨ ਰੇਤ ਦਾ ਇਸਤੇਮਾਲ ਕੀਤਾ



ਗਿਆ। ਇਸਨੂੰ ਕਲਾਕਾਰਾਂ ਦੀ ਇਕ ਟੀਮ ਨੇ ਲੱਗਭੱਗ ਇਕ ਮਹੀਨੇ ਵਿਚ ਪੂਰਾ ਕੀਤਾ। ਇਕ ਪੂਰਾ ਹਫਤਾ ਤਾਂ 168 ਟਰੱਕਾਂ ਵਿਚ ਰੇਤ ਇਕੱਲੀ ਕਰਨ ਵਿਚ ਲੱਗ ਗਿਆ। ਗਿਨੀਜ਼ ਵਰਲਡ ਰਿਕਾਰਡ ਦੇ ਨਿਰਣਾਇਕ ਜੈਕ ਬ੍ਰੋਕਬੈਂਕ ਨੂੰ ਭੀੜ ਦੇ ਸਾਹਮਣੇ ਇਸ ਰਿਕਾਰਡ ਨੂੰ ਸਮਰਪਿਤ ਕਰਨਾ ਸੀ। ਲੈਜ਼ਰ ਤਕਨੀਕ ਦਾ ਇਸਤੇਮਾਲ ਕਰਕੇ ਰੇਤ ਦੀ ਇਸ ਕਲਾਕ੍ਰਿਤੀ ਨੂੰ ਨਾਪਣ ਤੋਂ ਬਾਦ ਉਹਨਾਂ ਨੇ ਐਲਾਨ ਕੀਤਾ ਕਿ ਟੀਮ ਨੇ ਸਫਲਤਾ ਪੂਰਵਕ ਪੁਰਾਣੇ ਰਿਕਾਰਡ ਨੂੰ ਤੋੜ ਦਿੱਤਾ ਹੈ। ਇਸ ’ਤੇ ਪੀਸਾ ਦੀ ਮੀਨਾਰ ਸਮੇਤ ਦੁਨੀਆਂ ਦੇ ਕਈ ਸੈਰ ਸਪਾਟਾ ਸਥਾਨਾਂ ਦੀਆਂ ਆਕ੍ਰਿਤੀਆਂ ਬਣਾਈਆਂ ਗਈਆਂ ਹਨ।

ਇਸਨੂੰ ਬਣਾਉਣ ਵਿਚ ਕਲਾਕਾਰਾਂ ਦੀ ਇਕ ਟੀਮ ਨੂੰ ਕਰੀਬ ਇਕ ਮਹੀਨਾ ਲੱਗ ਗਿਆ। ਰੇਤ ਦੇ ਇਸ ਮਹਿਲ ਨੇ ਭਾਰਤੀ ਰੇਤ ਕਲਾਕਾਰ ਸੁਦਰਸ਼ਨ ਪਟਨਾਇਕ ਦਾ ਰਿਕਾਰਡ ਤੋੜ ਦਿੱਤਾ ਹੈ। ਇਸ ਸਾਲ 10 ਫਰਵਰੀ ਨੂੰ ਪਟਨਾਇਕ ਨੇ ਪੁਰੀ ਦੇ ਇਕ ਬੀਚ ਤੇ 14.84 ਮੀਟਰ ਲੰਮਾ ਰੇਤ ਦਾ ਕਿਲਾ ਬਣਾ ਕੇ ਵਿਸ਼ਵ ਸ਼ਾਂਤੀ ਦਾ ਸੰਦੇਸ਼ ਦਿੱਤਾ ਸੀ। ਗਿਨੀਜ਼ ਵਰਲਡ ਰਿਕਾਰਡ ਦੇ ਨਿਰਣਾਇਕ ਜੈਕ ਬ੍ਰੀਕਬੈਕ ਨੂੰ ਭੀੜ ਦੇ ਸਾਹਮਣੇ ਇਸ ਰਿਕਾਰਡ ਨੂੰ ਸਮਰਪਿਤ ਕਰਨਾ ਸੀ। ਇਸ ਵਿਸ਼ਾਲ ਰੇਤ ਦੇ ਕਿਲੇ ਨੂੰ ਅਥੇਂਸ ਦੇ ਦੁਰਗ ਅਤੇ ਪੀਸਾ ਦੀ ਮੀਨਾਰ ਸਮੇਤ ਦੁਨੀਆਂ ਭਰ ਦੇ ਸੈਲਾਨੀਆਂ ਨੂੰ ਆਕਰਸ਼ਤ ਕਰਨ ਵਾਲੀਆਂ ਪ੍ਰਾਕਿਰਤੀਆਂ ਨਾਲ ਵਿਆਪਕ ਤੌਰ ਤੇ ਸਜਾਇਆ ਗਿਆ ਹੈ। 168 ਟਰੱਕਾਂ ਨਾਲ ਇੰਨਾ ਰੇਤ ਇਕੱਠਾ ਕਰਨ ਵਿਚ ਇਕ ਹਫਤੇ ਦਾ ਵਕਤ ਲੱਗ ਗਿਆ ਸੀ।

# ਕਬਰਸਤਾਨ ਵਿਚ ਕਾਫੀ ਸ਼ਾਪ, ਨਾਂ ਰੱਖਿਆ ਹੈ ਲੱਕੀ ਰੈਸਟੋਰੈਂਟ

ਗੁਜਰਾਤ ਦੇ ਅਹਿਮਦਾਬਾਦ ਵਿਚ ਸਥਿਤ ਦਾ ਨਿਊ ਲੱਕੀ ਰੈਸਟੋਰੈਂਟ ਦੇ ਅੰਦਰ ਘੁੰਮਦੇ ਹੀ ਤੁਹਾਨੂੰ ਹੈਰਾਨੀ ਹੋਵੇਗੀ ਅਤੇ ਪ੍ਰੇਸ਼ਾਨੀ ਵੀ ਕਿਉਂਕਿ ਇਹ ਕਬਰਿਸਤਾਨ ਵਿਚਕਾਰ ਬਣਿਆ ਹੋਇਆ ਹੈ। ਇਸ ਰੈਸਟੋਰੈਂਟ ਵਿਚ ਕੁੱਲ 26 ਕਬਰਾਂ ਹਨ। ਇਹਨਾਂ ਕਬਰਾਂ ਵਿਚਕਾਰ ਬੈਠ ਕੇ ਲੋਕ ਚਾਹ ਦੇ ਨਾਲ ਬ੍ਰੈਡ ਮੱਖਣ ਖਾਣ ਦਾ ਮਜਾ ਲੈਂਦੇ ਹਨ। ਇਸ ਚਾਹ ਦੀ ਦੁਕਾਨ ਨੂੰ ਇਕ ਟਪਰੀ ਤੋਂ ਆਰੰਭ ਕੀਤਾ ਗਿਆ ਸੀ। ਲੋਕ ਸਵੇਰ ਤੋਂ ਸ਼ਾਮ ਤੱਕ ਇੱਥੇ ਕਬਰ ਦੇ ਕੋਲ ਬੈਠ ਕੇ ਚਾਹ ਦੀਆਂ ਚੁਸਕੀਆਂ ਲੈਂਦੇ ਸਨ। ਹੌਲੀ ਹੌਲੀ ਇਹ ਜਗ੍ਹਾ ਲੋਕਾਂ ਵਿਚਕਾਰ ਮਸ਼ਹੂਰ ਹੋਣ ਲੱਗੀ। ਇੱਥ ਚਾਹ ਦ ਲਈ ਲੋਕਾਂ ਦੀ ਭੀੜ ਲੱਗਣ ਲੱਗੀ। ਜਦੋਂ ਭੀੜ ਵਧੀ ਤਾਂ ਚਾਹ ਦੀ ਦੁਕਾਨ ਨੂੰ ਵੀ ਵਧਾਉਣ ਦਾ ਵਕਤ ਆਇਆ ਅਤੇ ਇਹ ਦੁਕਾਨ ਫੈਲਦੀ-ਫੈਲਦੀ ਕਬਰਾਂ ਦੇ ਆਸ ਪਾਸ ਹੋ ਗਈ। ਹੁਣ ਇੱਥੇ ਲੋਕ ਕਬਰਾਂ ਵਿਚਕਾਰ ਬੈਠ ਕੇ ਚਾਹ ਦਾ ਮਜ਼ਾ ਲੈਂਦੇ ਹਨ।



ਵੈਸੇ ਹੁਣ ਇਹ ਸਿਰਫ ਚਾਹ ਦੀ ਦੁਕਾਨ ਨਹੀਂ ਰਹਿ ਗਈ ਹੈ। ਇੱਥੇ ਤੁਹਾਨੂੰ ਪੇਟ ਪੂਜਾ ਦੇ ਲਈ ਹਰ ਲਜੀਜ਼ ਖਾਣਾ ਮਿਲੇਗਾ। ਬੱਚੇ, ਬੁੱਢੇ ਜਾਂ ਫਿਰ ਨੌਜਵਾਨ ਕੋਈ ਵੀ ਹੋਵੇ, ਇੱਥੇ ਆਉਣ ਤੋਂ ਨਹੀਂ ਕਤਰਾਉਂਦਾ। ਇੱਥੇ ਕਬਰਾਂ ਨੂੰ ਸਟੀਲ ਦੀ ਜਾਲੀ ਨਾਲ ਢਕ ਦਿੱਤਾ ਗਿਆ ਹੈ। ਹਰ ਰੋਜ਼ ਇੱਥੇ ਸਫਾਈ ਕੀਤੀ ਜਾਂਦੀ ਹੈ। ਕਬਰਾਂ ਨੂੰ ਪਾਕ ਚਾਦਰ ਨਾਲ ਢਕਣ ਤੋਂ ਬਾਅਦ ਉਹਨਾਂ ਤੇ ਗੁਲਾਬ ਦੇ ਫੁੱਲ ਚੜ੍ਹਾਏ ਜਾਂਦੇ ਹਨ। ਲੋਕ ਕਹਿੰਦੇ ਹਨ ਕਿ ਜੇਕਰ ਕੋਈ ਚੰਗਾ ਕੰਮ ਕਰਨ ਲਈ [illegible] ਜਾਂਦਾ ਹੈ।

# ਕਿਰਾਏ ਪੱਖੋਂ ਸਭ ਤੋਂ ਜ਼ਿਆਦਾ ਮਹਿੰਗੇ ਸ਼ਹਿਰ

ਦਿੱਲੀ ਦਾ ਕਨਾਟ ਪਲੇਸ ਅਤੇ ਮੁੰਬਈ ਦਾ ਬਾਂਦਰਾ ਕੁਰਲਾ ਕੰਪਲੈਕਸ ਆਫਿਸ ਦੇ ਲਈ ਕਿਰਾਏ ਦੇ ਲਿਹਾਜ ਨਾਲ ਔਸਤਨ ਦੁਨੀਆਂ ਦੀ ਦਸਵੀਂ ਅਤੇ 16ਵੀਂ ਸਭ ਤੋਂ ਮਹਿੰਗੀਆਂ ਥਾਵਾਂ ਵਿਚੋਂ ਇਕ ਹੈ। ਪ੍ਰਾਪਰਟੀ ਸਲਾਹ ਦੇਣ ਵਾਲੀ ਕੰਪਨੀ ਸੀ. ਬੀ. ਆਈ. ਦੇ ਮੁਤਾਬਕ ਮੁੰਬਈ ਦਾ ਨਰੀਮਨ ਪੁਆਇੰਟ 30ਵੇਂ ਸਥਾਨ ਤੇ ਹੈ।



ਦਿੱਲੀ ਦੇ ਕਨਾਟ ਪਲੇਸ ਦੀ ਗੱਲ ਕਰੀਏ ਤਾਂ ਇੱਥੇ ਤਕਰੀਬਨ 7 ਹਜ਼ਾਰ ਵਰਗ ਫੁੱਟ ਦਾ ਸਾਲਾਨਾ ਕਿਰਾਇਆ ਹੈ। ਪਿਛਲੇ ਸਾਲ ਦਿੱਲੀ ਮਹਿੰਗੇ ਆਫਿਸਾਂ ਦੀ ਲਿਸਟ ਵਿਚ 9ਵੇਂ ਨੰਬਰ ਤੇ ਸੀ।

ਮੁੰਬਈ ਦੇ ਬਾਂਦਰਾ ਕੁਰਲਾ ਕੰਪਲੈਕਸ ਇਲਾਕੇ ਵਿਚ ਬਣ ਆਫਿਸਾਂ ਦਾ ਕਿਰਾਇਆ 5400 ਰੁਪਏ ਪ੍ਰਤੀ ਵਰਗਫੁੱਟ ਸਾਲਾਨਾ ਹੈ। ਉਥੇ ਹੀ ਗੱਲ ਜੇਕਰ ਨਰੀਮਨ ਪੁਆਇੰਟ ਦੀ ਕਰੀਏ ਤਾਂ ਉਥੇ ਸਾਲਾਨਾ ਕਿਰਾਇਆ 4122 ਰੁਪਏ ਪ੍ਰਤੀ ਵਰਗ ਫੁੱਟ ਹੈ।

ਰਿਪੋਰਟ ਮੁਤਾਬਕ ਵਿਸ਼ਵ ਭਰ ਵਿਚ ਏਸ਼ੀਆਈ ਬਾਜ਼ਾਰਾਂ ਨੇ ਟੌਪ ਦਸ ਥਾਵਾਂ ਵਿਚ ਦਬਦਬਾ ਬਣਾਇਆ ਹੈ। ਹਾਂਗਕਾਂਗ ਮਹਿੰਗੇ ਆਫਿਸ ਦੇ ਮਾਮਲ ਵਿਚ ਟੌਪ ਤਿੰਨ ਥਾਵਾਂ ਵਿਚੋਂ ਦੋ ਤੇ ਕਬਜਾਂ ਰੱਖਦਾ ਹੈ। ਹਾਂਗਕਾਂਗ ਸੈਂਟਰਲ 269 ਡਾਲਰ ਪ੍ਰਤੀ ਵਰਗ ਫੁੱਟ ਦੇ ਸਾਲਾਨਾ ਕਿਰਾਏ ਦੇ ਨਾਲ ਟੌਪ ’ਤੇ ਹੈ। ਉਥੇ ਹੀ ਬੀਜਿੰਗ ਦੇ ਫਾਈਨੈਂਸ ਸਟ੍ਰੀਟ ਨੇ 174 ਡਾਲਰ ਵਰਗ ਫੁੱਟ ਸਾਲਾਨਾ ਕਿਰਾਏ ਦੇ ਨਾਲ ਦੂਜਾ ਅਤੇ ਹਾਂਗਕਾਂਗ ਦੇ ਵੈਸਟ ਕੋਰਲੂਨ ਨੇ 164 ਡਾਲਰ ਪ੍ਰਤੀ ਵਰਗ ਫੁੱਟ ਸਾਲਾਨਾ ਕਿਰਾਏ ਦੇ ਨਾਲ ਤੀਜੇ ਸਥਾਨ ’ਤੇ ਕਬਜਾ ਕੀਤਾ ਹੈ।

ਟੌਪ ਫਾਈਵ ਮਹਿੰਗੇ ਆਫਿਸਾਂ ਵਿਚ ਨਿਊਯਾਰਕ ਦਾ ਮਿਡਟਾਊਨ ਮੈਨਹਟਨ ਅਤੇ ਬੀਜਿੰਗ ਦਾ ਸੀ. ਬੀ. ਡੀ. ਵੀ ਸ਼ਾਮਲ ਹੈ। ਉਥੇ ਹੀ ਟੌਪ 20 ਵਿਚ ਦਿੱਲੀ ਦੇ ਕਨਾਟ ਪਲੇਸ ਸਮੇਤ ਟੋਕੀਓ ਦਾ ਮਾਰਾਨੋਉਚੀ ਅਤੇ ਓਤੇਮਾਚੀ ਅਤੇ ਸ਼ੰਘਾਈ ਦਾ ਪੁਰਦਾਂਗ ਵੀ ਸ਼ਾਮਲ ਹੈ।

# ਸਾਂਗਲਾ ਬੜਾ ਹੀ ਰਾਂਗਲਾ

ਅਸ਼ਵਨੀ ਕੁਮਾਰ ਪੰਡੋਰੀ

ਸਾਂਗਲਾ ਵਾਦੀ ਭਾਰਤ-ਤਿੱਬਤ ਸਰਹੱਦ ਰੋਡ ‘ਤੇ ਸਥਿਤ ਖ਼ੂਬਸੂਰਤ ਖੇਤਰ ਹੈ। ਇਹ ਕੜਛਮ ਨਾਮਕ ਸਥਾਨ ਤੋਂ ਸ਼ੁਰੂ ਹੋ ਕੇ ਭਾਰਤੀ ਦੇ ਆਖ਼ਰੀ ਪਿੰਡ ਛਿਤਕੁਲ ਤਕ ਫੈਲੀ ਹੋਈ ਹੈ। ਇਸ ਨੂੰ ਬਸਪਾ ਵਾਦੀ ਵੀ ਕਿਹਾ ਜਾਂਦਾ ਹੈ। ਉੱਚੇ ਅਤੇ ਖ਼ੂਬਸੂਰਤ ਹਿਮਾਲਿਆ ਪਹਾੜਾਂ ਦੇ ਵਿਚਕਾਰ ਇਹ ਵਾਦੀ ਬਸਪਾ ਦਰਿਆ ਦੇ ਕੰਢੇ ‘ਤੇ ਸਥਿਤ ਰਮਣੀਕ ਥਾਂ ਹੈ। ਕਿਨੌਰ ਜ਼ਿਲ੍ਹੇ ਦਾ ਇਹ ਖ਼ੂਬਸੂਰਤ ਕਸਬਾ ਸਾਂਗਲਾ ਅਸਲ ਕਿਨੌਰ ਦੀ ਤਸਵੀਰ ਪੇਸ਼ ਕਰਦਾ ਹੈ। ਜੰਗਲੀ ਜੜੀਆਂ ਬੂਟੀਆਂ ਅਤੇ ਉੱਚੇ-ਉੱਚੇ ਦੇਵਦਾਰ ਦੇ ਰੁੱਖਾਂ ਨਾਲ ਭਰਪੂਰ ਇਹ ਵਾਦੀ ਸੁਪਨਿਆਂ ਦੀ ਦੁਨੀਆਂ ਭਾਸਦੀ ਹੈ। ਲੱਕੜ ਅਤੇ ਸਲੇਟਾਂ ਨਾਲ ਬਣੇ ਘਰ ਕਿਨੌਰੀ ਸੱਭਿਆਚਾਰ ਦੇ ਨਮੂਨੇ ਹਨ। ਇਹ ਹਿਮਾਚਲ ਦਾ ਅਹਿਮ ਹਿੱਸਾ ਹੈ ਕਿਉਂਕਿ ਸਾਂਗਲਾ ਵਾਦੀ ਤੋਂ ਅਗਾਂਹ ਉੱਚੇ ਹਿਮਾਲਿਆ ਪਰਬਤਾਂ ਦੀ ਲੜੀ ਦੇ ਪਾਰ ਤਿੱਬਤ ਦਾ ਖੇਤਰ ਹੈ। ਇਹ ਹਿਮਾਚਲ ਦਾ ਕੁਦਰਤੀ ਖ਼ਜ਼ਾਨਿਆਂ ਨਾਲ ਭਰਪੂਰ ਹੈ। ਇਸ ਵਾਦੀ ਦੇ ਮਨ ਮੋਹ ਲੈਣ ਵਾਲੇ ਪਿੰਡ ਬਸਤੇਰੀ, ਬਮਰਾਗਾਂਗ, ਕਾਮਰੂ, ਚਾਨਸੂ ਅਤੇ ਸਪਨੀ ਦੇਖਣ ਯੋਗ ਹਨ। ਕੁਦਰਤ ਦੀ ਗੋਦ ਵਿੱਚ ਵਸੇ ਇਹ ਪਿੰਡ ਪਾਣੀ ਦੇ ਝਰਨਿਆਂ, ਛੋਟੇ ਛੋਟੇ ਪਹਾੜੀ ਖੇਤਾਂ, ਸੇਬਾਂ ਦੇ ਬਾਗ਼ਾਂ ਅਤੇ ਹੋਰ ਸਥਾਨਕ ਫਲਾਂ ਨਾਲ ਭਰਪੂਰ ਹਨ। ਨਿੱਕੀਆਂ ਨਿੱਕੀਆਂ ਪਗਡੰਡੀਆਂ ‘ਤੇ ਚੱਲਦਿਆਂ ਤੁਸੀਂ ਆਪਣੇ ਆਪ ਨੂੰ ਅਦਭੁੱਤ ਥਾਂ ‘ਤੇ ਪੁੱਜੇ ਮਹਿਸੂਸ ਕਰਦੇ ਹੋ। ਕੜਛਮ ਨਾਂ ਦੀ ਥਾਂ ‘ਤੇ ਸਤਲੁਜ ਅਤੇ ਬਸਪਾ ਦਰਿਆ ਦਾ ਮੇਲ ਹੁੰਦਾ ਹੈ। ਇੱਥੋਂ ਸਾਂਗਲਾ 22 ਕਿਲੋਮੀਟਰ ਦੀ ਦੂਰੀ ‘ਤੇ ਸਥਿਤ ਹੈ। ਬਸਪਾ ਹਾਈਡਲ ਪ੍ਰੋਜੈਕਟ ਤਕ ਜਾਂਦੇ ਰਸਤੇ ਉੱਤੇ ਸਿਰਫ਼ ਮਾਹਿਰ ਵਿਅਕਤੀ ਹੀ ਗੱਡੀ ਚਲਾ ਸਕਦੇ ਹਨ।



ਇੱਥੋਂ ਹੀ ਸਾਂਗਲਾ ਕਸਬਾ ਸ਼ੁਰੂ ਹੋ ਜਾਂਦਾ ਹੈ। ਬਸਪਾ ਦਰਿਆ ਦਾ ਵਹਾਅ ਇੱਥੇ ਬਹੁਤ ਤੇਜ਼ ਹੈ। ਇਸ ਪ੍ਰੋਜੈਕਟ ਕਾਰਨ ਸਥਾਨਕ ਲੋਕ ਹੀ ਨਹੀਂ ਸਗੋਂ ਬਾਹਰੋਂ ਵੀ ਲੋਕ ਆ ਕੇ ਇੱਥੇ ਰਹਿਣ ਲੱਗ ਪਏ ਹਨ। ਸਾਂਗਲਾ ਵਿੱਚ ਹੁਣ ਪੈਟਰੋਲ ਪੰਪ, ਬੈਂਕ, ਏਟੀਐੱਮ, ਡਿਸਪੈਂਸਰੀ ਆਦਿ ਦੀ ਸਹੂਲਤ ਉਪਲੱਬਧ ਹੈ। ਸੈਲਾਨੀਆਂ ਦੇ ਰਹਿਣ ਲਈ ਇੱਥੇ ਗੈਸਟ ਹਾਊਸ, ਹੋਟਲ, ਹਿਮਾਚਲ ਸਰਕਾਰ ਦਾ ਰੈਸਟ ਹਾਊਸ ਆਦਿ ਹੈ। ਇਹ ਬਹੁਤ ਸ਼ਾਂਤ ਕਸਬਾ ਹੈ ਜਿੱਥੇ ਹਾਲੇ ਕੋਈ ਭੀੜ-ਭੜੱਕਾ ਨਹੀਂ ਹੈ। ਸਾਡਾ ਸਾਂਗਲਾ ਵਾਦੀ ਦੇਖਣ ਦਾ ਪ੍ਰੋਗਰਾਮ ਸਾਡੇ ਦੋਸਤ ਪਵਨ ਕੁਮਾਰ ਸਦਕਾ ਬਣਿਆ। ਇਹ ਵਾਦੀ ਦੇਖ ਕੇ ਰੂਹ ਆਨੰਦਿਤ ਹੋ ਗਈ। ਸਾਨੂੰ ਇੱਥੋਂ ਦੇ ਸੱਭਿਆਚਾਰ ਅਤੇ ਲੋਕਾਂ ਦੇ ਰਹਿਣ-ਸਹਿਣ ਆਦਿ ਬਾਰੇ ਕਾਫ਼ੀ ਜਾਣਕਾਰੀ ਪ੍ਰਾਪਤ ਹੋਈ। 1989 ਤੋਂ ਪਹਿਲਾਂ ਇਸ ਵਾਦੀ ਵਿੱਚ ਦੇਸ਼ ਦੇ ਹੋਰ ਸੂਬਿਆਂ ਤੋਂ ਆਉਣ ਵਾਲੇ ਲੋਕਾਂ ਨੂੰ ਸਰਕਾਰ ਕੋਲੋਂ ਵਿਸ਼ੇਸ਼ ਪਰਮਿਟ ਲੈਣਾ ਪੈਂਦਾ ਸੀ ਕਿਉਂਕਿ ਭਾਰਤ-ਤਿੱਬਤ ਸਰਹੱਦ ਹੋਣ ਕਾਰਨ ਇਹ ਇਲਾਕਾ ਸੰਵਦੇਨਸ਼ੀਲ ਗਿਣਿਆ ਜਾਂਦਾ ਸੀ।



ਸਾਂਗਲਾ ਵਾਦੀ ਦੇ ਲੋਕਾਂ ਦੀ ਕਿਨੌਰੀ ਭਾਸ਼ਾ ਅਤੇ ਸਭਿਆਚਾਰ ਬਾਕੀ ਹਿਮਾਚਲ ਨਾਲੋਂ ਕਾਫ਼ੀ ਵੱਖਰਾ ਹੈ। ਸਾਡੇ ਕਿਨੌਰੀ ਡਰਾਈਵਰ ਨੇ ਸਾਨੂੰ ਕਿਨੌਰੀ ਗੀਤ ਸੁਣਾਏ ਜੋ ਕਾਫ਼ੀ ਵਧੀਆ ਲੱਗੇ। ਉੱਥੋਂ ਦੇ ਲੋਕ ਅਜੇ ਵੀ ਰਵਾਇਤੀ ਬਰਤਨਾਂ ਵਿੱਚ ਹੀ ਖਾਣਾ ਖਾਂਦੇ ਹਨ। ਗਰਮੀਆਂ ਵਿੱਚ ਵੀ ਸਰਦੀਆਂ ਦੇ ਕੱਪੜੇ ਹੀ ਵਰਤੋਂ ਵਿੱਚ ਲਿਆਉਂਦੇ ਹਨ ਕਿਉਂਕਿ ਉੱਥੇ ਇਹ ਪਤਾ ਨਹੀਂ ਚਲਦਾ ਕਿ ਕਦੋਂ ਮੌਸਮ ਵਿਗੜ ਜਾਵੇ। ਇੱਕ ਦਿਨ ਅਸੀਂ ਸਵੇਰੇ ਜਾਗੇ ਤਾਂ ਆਲੇ-ਦੁਆਲੇ ਦੇ ਪਹਾੜਾਂ ‘ਤੇ ਬਰਫ਼ ਦੀ ਚਾਦਰ ਵਿਛੀ ਹੋਈ ਸੀ। ਗਰਮੀਆਂ ਦੇ ਮੌਸਮ ਵਿੱਚ ਬਰਫ਼ ਦੇਖ ਕੇ ਹੈਰਾਨੀ ਦੇ ਨਾਲ ਨਾਲ ਖ਼ੁਸ਼ੀ ਵੀ ਹੁੰਦੀ ਹੈ।

ਉਂਜ ਤਾਂ ਸਾਂਗਲਾ ਵਾਦੀ ਵਿੱਚ ਦੇਖਣ ਵਾਲੀਆਂ ਬਹੁਤ ਸਾਰੀਆਂ ਖ਼ੂਬਸੂਰਤ ਥਾਵਾਂ ਹਨ, ਪਰ ਕਾਮਰੂ ਕਿਲਾ, ਕਾਮਾਕਸ਼ੀ ਦੇਵੀ ਮੰਦਿਰ ਅਤੇ ਬੈਰੰਗ ਨਾਗ ਮੰਦਿਰ ਵਿਸ਼ੇਸ਼ ਖਿੱਚ ਰੱਖਦੇ ਹਨ। ਅੱਠ ਸੌ ਤੋਂ ਵੀ ਵਧੇਰੇ ਸਾਲ ਪੁਰਾਣੇ ਕਾਮਰੂ ਕਿਲੇ ਦੀ ਖ਼ੂਬਸੂਰਤੀ ਮਨ ਨੂੰ ਟੁੰਬਦੀ ਹੈ। ਇਸ ਅੰਦਰਲਾ ਕਮਾਕਸ਼ੀ ਦੇਵੀ ਦਾ ਮੰਦਿਰ ਕਿਨੌਰੀ ਲੱਕੜਤਰਾਸ਼ੀ ਦਾ ਨਮੂਨਾ ਪੇਸ਼ ਕਰਦਾ ਹੈ। ਤਿੱਬਤੀ ਸ਼ੈਲੀ ਦਾ ਬਣਿਆ ਇਹ ਮੰਦਿਰ ਲੋਕਾਂ ਵਿੱਚ ਕਾਫ਼ੀ ਮਾਨਤਾ ਰੱਖਦਾ ਹੈ। ਬਸਪਾ ਨਦੀ ਦੇ ਕੰਢੇ ‘ਤੇ ਕੈਂਪਾਂ ਵਿੱਚ ਰਹਿਣ ਦਾ ਅਲੱਗ ਹੀ ਨਜ਼ਾਰਾ ਹੈ। ਪਾਣੀ ਦਾ ਸੰਗੀਤ ਅਜੀਬ ਖ਼ੁਸ਼ੀ ਪ੍ਰਦਾਨ ਕਰਦਾ ਹੈ। ਨਿੱਕੇ ਨਿੱਕੇ ਖੇਤਾਂ ਵਿੱਚ ਕੰਮ ਕਰਦੇ ਕਿਨੌਰੀ ਲੋਕ ਬਹੁਤ ਚੰਗੇ ਲੱਗਦੇ ਹਨ। ਇਹ ਲੋਕ ਹੱਡ-ਭੰਨਵੀਂ ਮਿਹਨਤ ਕਰਦੇ ਹਨ। ਤੁਸੀਂ ਆਪਣਾ ਪੂਰਾ ਪ੍ਰਬੰਧ ਕਰਕੇ ਜੰਗਲ ਵਿੱਚ ਟਰੈਕਿੰਗ ‘ਤੇ ਜਾ ਸਕਦੇ ਹੋ, ਪਰ ਬਗੈਰ ਗਾਈਡ ਤੋਂ ਨਾ ਹੀ ਜਾਇਆ ਜਾਵੇ ਤਾਂ ਬਿਹਤਰ ਹੈ। ਨਹੀਂ ਤਾਂ ਕਿਸੇ ਵੀ ਸਮੇਂ ਮੁਸੀਬਤ ਵਿੱਚ ਫਸ ਸਕਦੇ ਹੋ। ਸਾਂਗਲਾ ਵਾਦੀ ਦਾ ਬਤਸੇਰੀ ਪਿੰਡ ਨਿਹਾਇਤ ਹੀ ਖ਼ੂਬਸੂਰਤ ਹੈ। ਇੱਥੋਂ ਸੇਬ ਦੇ ਰੁੱਖਾਂ ਦੀ ਭਰਮਾਰ ਹੈ।

# ਰਾਮੇਸ਼ਵਰਮ ਤੇ ਧਨੁਸ਼ਕੋਡੀ ਦੇ ਦਰਸ਼ਨ-ਦੀਦਾਰੇ

ਤਰਸੇਮ ਸਿੰਘ

ਰਾਮੇਸ਼ਵਰਮ, ਤਾਮਿਲਨਾਡੂ ਦੇ ਜ਼ਿਲ੍ਹਾ ਰਾਮਨਾਥਪੁਰਮ ਦਾ ਇੱਕ ਕਸਬਾ ਹੈ ਜੋ ਪਾਮਬਨ ਟਾਪੂ ‘ਤੇ ਸਥਿਤ ਹੈ। ਭਾਰਤ ਦੀ ਮੁੱਖ ਜ਼ਮੀਨ ਤੋਂ ਇਹ ਪਾਮਬਨ ਚੈਨਲ ਰਾਹੀਂ ਅਲੱਗ ਹੁੰਦਾ ਹੈ। ਇੱਥੋਂ ਸ੍ਰੀਲੰਕਾ ਦੇ ਸ਼ਹਿਰ ਜਾਫਨਾ ਦੀ ਹਵਾਈ ਦੂਰੀ ਲਗਭਗ 17 ਮੀਲ ਹੈ। ਸਥਾਨਕ ਲੋਕਾਂ ਮੁਤਾਬਿਕ ਜਾਫਨਾ ਦੀਆਂ ਰੌਸ਼ਨੀਆਂ ਰਾਤ ਸਮੇਂ ਇੱਥੋਂ ਦਿਖਾਈ ਦਿੰਦੀਆਂ ਹਨ। ਇਹ ਸਥਾਨ ਭਾਰਤ ਦੇ ਸਾਬਕਾ ਰਾਸ਼ਟਰਪਤੀ ਅਤੇ ਮਿਜ਼ਾਈਲ ਮੈਨ ਵਜੋਂ ਜਾਣੇ ਜਾਂਦੇ ਮਰਹੂਮ ਡਾ. ਅਬਦੁਲ ਕਲਾਮ ਦਾ ਜਨਮ ਸਥਾਨ ਵੀ ਹੈ। ਉਂਜ ਤਾਂ ਇਹ ਪੂਰਾ ਕਸਬਾ ਹੀ ਬਹੁਤ ਸੁੰਦਰ ਹੈ, ਪਰ ਰਾਮੇਸ਼ਵਰਮ ਮੰਦਿਰ ਅਤੇ ਧਨੁਸ਼ਕੋਡੀ ਇੱਥੋਂ ਦੇ ਮੁੱਖ ਸਥਾਨ ਹਨ।

ਰਾਮੇਸ਼ਵਰਮ ਮੰਦਿਰ: ਕਹਿੰਦੇ ਹਨ ਕਿ ਰਾਮੇਸ਼ਵਰਮ ਜਾ ਕੇ ਪੂਜਾ ਅਤੇ ਇਸ਼ਨਾਨ ਕਰਨ ਮਗਰੋਂ ਹੀ ਕਾਸ਼ੀ ਪੂਜਾ ਪੂਰੀ ਹੋਈ ਮੰਨੀ ਜਾਂਦੀ ਹੈ। ਇਸ ਤੋਂ ਇਹ ਗੱਲ ਵੀ ਸਪੱਸ਼ਟ ਹੁੰਦੀ ਹੈ ਕਿ ਇਹ ਭਾਰਤ ਦੇ ਉੱਤਰੀ ਅਤੇ ਦੱਖਣੀ ਹਿੱਸੇ ਨੂੰ ਇੱਕ ਸੂਤਰ ਵਿੱਚ ਬੰਨ੍ਹ ਕੇ ਰੱਖਣ ਦੀ ਕੋਸ਼ਿਸ਼ ਵੀ ਹੈ। ਰਾਮੇਸ਼ਵਰਮ ਦਾ ਜ਼ਿਕਰ ਰਾਮਾਇਣ ਸਮੇਂ ਤੋਂ ਹੀ ਹੁੰਦਾ ਆ ਰਿਹਾ ਹੈ। ਇਹ



ਸਥਾਨ ਹਿੰਦੂਆਂ ਦੇ ਮੁੱਖ ਧਾਮਾਂ ਵਿੱਚੋਂ ਇੱਕ ਹੈ। ਮਿਥਿਹਾਸ ਮੁਤਾਬਿਕ ਭਗਵਾਨ ਵਿਸ਼ਨੂੰ ਦੇ ਅਵਤਾਰ, ਸ੍ਰੀ ਰਾਮ ਨੇ ਲੰਕਾ ਵਿੱਚ ਰਾਮਾਇਣ ਯੁੱਧ ਦੌਰਾਨ ਹੋਏ ਪਾਪਾਂ ਤੋਂ ਮੁਕਤੀ ਪਾਉਣ ਲਈ ਇੱਥੇ ਪੂਜਾ ਕੀਤੀ ਸੀ। ਕਹਿੰਦੇ ਹਨ ਕਿ ਰਾਵਣ ਨੂੰ ਮਾਰ ਕੇ ਵਾਪਸ ਆ ਰਹੇ ਸ੍ਰੀ ਰਾਮ ਪ੍ਰਤੀ ਕੁਝ ਤਪੱਸਵੀਆਂ ਨੇ ਹੱਤਿਆ ਦੇ ਪਾਪ ਕਾਰਨ ਘ੍ਰਿਣਾ ਪ੍ਰਗਟ ਕੀਤੀ। ਸੋ ਉਨ੍ਹਾਂ ਨੇ ਇਸ ਸਥਾਨ ‘ਤੇ ਭਗਵਾਨ ਸ਼ਿਵ ਦੀ ਪੂਜਾ ਕਰਕੇ ਇਸ ਦਾ ਪਸ਼ਚਾਤਾਪ ਕਰਨ ਦਾ ਫ਼ੈਸਲਾ ਲਿਆ।

ਇਸ ਮੰਦਿਰ ਵਿੱਚ ਦੋ ਸ਼ਿਵਲਿੰਗ ਹਨ ਜਿਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਇਸ ਮੰਦਿਰ ਅੰਦਰ 22 ਕੁੰਡ (ਤੀਰਥਮ) ਹਨ। ਇਨ੍ਹਾਂ ਕੁੰਡਾਂ ‘ਤੇ ਨਹਾਉਣਾ ਪਵਿੱਤਰ ਸਮਝਿਆ ਜਾਂਦਾ ਹੈ। ਮੰਦਿਰ ਵਿੱਚ ਪੂਜਾ ਤੋਂ ਬਾਅਦ ਸਮੁੰਦਰ ਵਿੱਚ ਇਸ਼ਨਾਨ ਕੀਤਾ ਜਾਂਦਾ ਹੈ ਅਤੇ ਇਸ ਇਸ਼ਨਾਨ ਤੋਂ ਬਾਅਦ ਹੀ ਪੂਜਾ ਪੂਰੀ ਮੰਨੀ ਜਾਂਦੀ ਹੈ। ਇਹ ਵੀ ਜ਼ਿਕਰਯੋਗ ਹੈ ਕਿ ਬਾਕੀ ਬੀਚਜ਼ ਨੇੜਲੇ ਸਮੁੰਦਰੀ ਪਾਣੀ ਵਿੱਚ ਬਹੁਤ ਜ਼ਿਆਦਾ ਹਲਚਲ ਸੀ, ਪਰ ਰਾਮੇਸ਼ਵਰਮ ਵਿਖੇ ਸਮੁੰਦਰ ਬਿਲਕੁਲ ਸ਼ਾਂਤ ਸੀ।

ਡਾ. ਏ.ਪੀ.ਜੇ. ਅਬਦੁਲ ਕਲਾਮ ਦੀ ਸਮਾਧੀ: ਭਾਰਤ ਦੇ ਸਾਬਕਾ ਰਾਸ਼ਟਰਪਤੀ ਅਤੇ ਮਿਜ਼ਾਈਲ ਮੈਨ ਵਜੋਂ ਜਾਣੇ ਜਾਂਦੇ ਮਰਹੂਮ ਡਾ. ਏ.ਪੀ.ਜੇ. ਅਬਦੁਲ ਕਲਾਮ ਦੀ ਇੱਛਾ ਅਨੁਸਾਰ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਵੀ ਰਾਮੇਸ਼ਵਰਮ ਵਿਖੇ ਹੀ ਦਫ਼ਨਾਇਆ ਗਿਆ। ਉਨ੍ਹਾਂ ਦੀ ਸਮਾਧੀ ਪੇਈ ਕਾਰੂਮਬੂ ਸਥਾਨ ‘ਤੇ ਹੈ ਜੋ ਰਾਮੇਸ਼ਵਰਮ ਤੋਂ ਕੁਝ ਕਿਲੋਮੀਟਰ ਪਹਿਲਾਂ ਆਉਂਦਾ ਹੈ। ਸਾਡੇ ਦੌਰੇ ਸਮੇਂ ਡਾ. ਕਲਾਮ ਦੀ ਸਮਾਧੀ ਉੱਤੇ ਇੱਕ ਬਹੁਤ ਉੱਚੀ ਲਾਈਟ ਲਗਾਈ ਗਈ ਸੀ, ਪਰ ਉਸ ਲਾਈਟ ਦੇ ਹੇਠਾਂ ਬਣੇ ਥੜ੍ਹੇ ‘ਤੇ ਡਾ. ਅਬਦੁਲ ਕਲਾਮ ਬਾਰੇ ਦਿੱਤੀ ਗਈ ਜਾਣਕਾਰੀ ਤਾਮਿਲ ਭਾਸ਼ਾ ਵਿੱਚ ਹੋਣ ਕਰਕੇ ਅਸੀਂ ਪੜ੍ਹ ਨਹੀਂ ਸਕੇ।

ਧਨੁਸ਼ਕੋਡੀ: ਇਹ ਭਾਰਤ ਦਾ ਦੱਖਣ-ਪੂਰਬ ਦਾ ਆਖ਼ਰੀ ਜ਼ਮੀਨੀ ਸਿਰਾ ਹੈ ਅਤੇ ਰਾਮੇਸ਼ਵਰਮ ਤੋਂ 20 ਕਿਲੋਮੀਟਰ ਦੂਰ ਹੈ। ਇੱਕ ਕਥਾ ਮੁਤਾਬਿਕ ਜਦੋਂ ਸ੍ਰੀ ਰਾਮ ਨੇ ਲੰਕਾ ‘ਤੇ ਚੜ੍ਹਾਈ ਕਰਨ ਲਈ ਰਾਮਸੇਤੂ ਬਣਾਇਆ ਤਾਂ ਉਨ੍ਹਾਂ ਨੇ ਆਪਣੇ ਧਨੁਸ਼ ਨਾਲ ਇਸ ਸਥਾਨ ‘ਤੇ ਇਸ਼ਾਰਾ ਕਰਕੇ ਰਾਮਸੇਤੂ ਬਣਾਉਣ ਲਈ ਕਿਹਾ ਸੀ ਜਿਸ ਕਰਕੇ ਇਸ ਦਾ ਨਾਮ ਧਨੁਸ਼ਕੋਡੀ ਪਿਆ। ਇੱਕ ਹੋਰ ਕਥਾ ਮੁਤਾਬਿਕ ਸ੍ਰੀ ਰਾਮ, ਰਾਵਣ ਨੂੰ ਮਾਰ ਕੇ ਲੰਕਾ ਦਾ ਰਾਜ ਭਿਵੀਸ਼ਣ ਹਵਾਲੇ ਕਰ ਕੇ ਵਾਪਸ ਆਉਣ ਲੱਗੇ ਤਾਂ ਉਸ ਨੇ ਡਰ ਜ਼ਾਹਿਰ ਕੀਤਾ ਕਿ ਜੇ ਕੋਈ ਦੁਸ਼ਮਣ ਰਾਮਸੇਤੂ ਦੀ ਮਦਦ ਨਾਲ ਲੰਕਾ ‘ਤੇ ਹਮਲਾ ਕਰ ਦੇਵੇ ਤਾਂ ਫਿਰ ਉਹ ਕੀ ਕਰੇ? ਕਹਿੰਦੇ ਹਨ ਕਿ ਸ੍ਰੀ ਰਾਮ ਨੇ ਲੰਕਾ ਤੋਂ ਫ਼ੌਜ ਵਾਪਸ ਇਸ ਸਥਾਨ ‘ਤੇ ਲਿਆ ਕੇ ਆਪਣੇ ਧਨੁਸ਼ ਨਾਲ ਰਾਮਸੇਤੂ ਨੂੰ ਤੋੜ ਦਿੱਤਾ ਜਿਸ ਕਰਕੇ ਇਸ ਸਥਾਨ ਦਾ ਨਾਂ ਧਨੁਸ਼ਕੋਡੀ ਪਿਆ। ਸ਼ਰਧਾਲੂ ਰਾਮੇਸ਼ਵਰਮ ਪੂਜਾ ਤੋਂ ਬਾਅਦ ਇੱਥੇ ਵੀ ਜਾਂਦੇ ਹਨ। 22-23 ਦਸੰਬਰ 1964 ਦੀ ਰਾਤ ਤੋਂ ਪਹਿਲਾਂ ਇਹ ਇੱਕ ਚਹਿਲ-ਪਹਿਲ ਵਾਲਾ ਸਥਾਨ ਸੀ ਅਤੇ ਇੱਥੇ ਸ੍ਰੀਲੰਕਾ ਲਈ ਯਾਤਰੀਆਂ ਅਤੇ ਸਾਮਾਨ ਦੀ ਢੋਆ-ਢੁਆਈ ਹੁੰਦੀ ਸੀ, ਪਰ ਉਸ ਰਾਤ ਸਮੁੰਦਰ ਵਿੱਚ ਆਈ ਸੁਨਾਮੀ ਨੇ ਇਸ ਸ਼ਹਿਰ ਨੂੰ ਤਹਿਸ-ਨਹਿਸ



ਕਰ ਦਿੱਤਾ। ਉਸ ਵੇਲੇ ਪਾਮਬਨ ਤੋਂ ਆ ਰਹੀ ਰੇਲ ਗੱਡੀ, ਜਿਸ ਵਿੱਚ 110 ਯਾਤਰੀ ਅਤੇ ਰੇਲਵੇ ਸਟਾਫ ਦੇ ਪੰਜ ਮੈਂਬਰ ਸਨ, ਧਨੁਸ਼ਕੋਡੀ ਤੋਂ ਕੁਝ ਗਜ਼ ਹੀ ਦੂਰ ਸੀ। ਉਸ ਰੇਲ ਗੱਡੀ ਨੂੰ ਸੁਨਾਮੀ ਵਹਾ ਕੇ ਲੈ ਗਈ ਅਤੇ ਮਿੰਟਾਂ ਵਿੱਚ ਹੀ 115 ਜਾਨਾਂ ਸਮੁੰਦਰ ਵਿੱਚ ਸਮਾ ਗਈਆਂ। ਇੱਕ ਰਿਪੋਰਟ ਮੁਤਾਬਿਕ ਇਸ ਸੁਨਾਮੀ ਨਾਲ 1800 ਦੇ ਕਰੀਬ ਜਾਨਾਂ ਗਈਆਂ। ਇਸ ਤਬਾਹੀ ਦੇ ਮੱਦੇਨਜ਼ਰ ਸਰਕਾਰ ਨੇ ਇਸ ਸਥਾਨ ਨੂੰ ਰਹਿਣ ਲਈ ਅਯੋਗ ਐਲਾਨ ਦਿੱਤਾ। ਹੁਣ ਇਹ ਸ਼ਹਿਰ ‘ਗੋਸਟ ਸਿਟੀ‘ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਸਥਾਨ ‘ਤੇ ਉਸ ਵੇਲੇ ਦੇ ਗਿਰਜਾਘਰ, ਡਾਕਘਰ ਅਤੇ ਕੁਝ ਹੋਰ ਇਮਾਰਤਾਂ ਦੀ ਰਹਿੰਦ-ਖੂੰਹਦ ਵੇਖੀ ਜਾ ਸਕਦੀ ਹੈ। ਅੱਜਕੱਲ੍ਹ ਕੁਝ ਮਛੇਰੇ ਆਪਣੀ ਰੋਜ਼ੀ-ਰੋਟੀ ਲਈ ਇਸ ਸਥਾਨ ‘ਤੇ ਝੁੱਗੀਆਂ ਬਣਾ ਕੇ ਰਹਿ ਰਹੇ ਹਨ। ਮਰਦ ਵੱਡੀਆਂ ਮੱਛੀਆਂ ਫੜ ਕੇ ਮੰਡੀ ਵਿੱਚ ਵੇਚਣ ਜਾਂਦੇ ਹਨ ਜਦੋਂਕਿ ਔਰਤਾਂ ਨੂੰ ਛੋਟੀਆਂ ਮੱਛੀਆਂ ਨੂੰ ਧੁੱਪ ਵਿੱਚ ਸੁਕਾਉਂਦਿਆਂ ਵੇਖਿਆ ਜਾ ਸਕਦਾ ਹੈ। ਧਨੁਸ਼ਕੋਡੀ ਦੇ ਇੱਕ ਪਾਸੇ ਬੰਗਾਲ ਦੀ ਖਾੜੀ ਹੈ ਅਤੇ ਦੂਜੇ ਪਾਸੇ ਹਿੰਦ ਮਹਾਂਸਾਗਰ। ਧਨੁਸ਼ਕੋਡੀ ਦੇ ਇੱਕ ਸਥਾਨ ‘ਤੇ ਪਹੁੰਚ ਕੇ ਅੱਗੇ ਆਖ਼ਰੀ ਬਿੰਦੂ ਤਕ ਆਪਣੀ ਗੱਡੀ ਵਿੱਚ ਜਾਣਾ ਸੰਭਵ ਨਹੀਂ ਹੈ। ਉਸ ਤੋਂ ਅੱਗੇ ਕੋਈ 2-3 ਕਿਲੋਮੀਟਰ ਦਾ ਸਫ਼ਰ ਸਥਾਨਕ ਗੱਡੀ ਵਿੱਚ ਕਰਨਾ ਪੈਂਦਾ ਹੈ। ਇਹ ਗੱਡੀਆਂ ਸਵਾਰੀਆਂ ਪੂਰੀਆਂ ਹੋਣ ‘ਤੇ ਸਮੁੰਦਰ ਕਿਨਾਰੇ ਰੇਤ ਅਤੇ ਪਾਣੀ ਵਿੱਚੋਂ ਲੰਘਦੀਆਂ ਹੋਈਆਂ ਆਖ਼ਿਰ ਤਕ ਜਾਂਦੀਆਂ ਹਨ। ਇਨ੍ਹਾਂ ਗੱਡੀਆਂ ਵਿੱਚ ਸਫ਼ਰ ਕਰਨ ਦਾ ਵੱਖਰਾ ਹੀ ਆਨੰਦ ਹੈ। ਕੁਝ ਸਮਾਂ ਇੱਥੇ ਰੁਕਣ ਤੋਂ ਬਾਅਦ ਇਹ ਸਵਾਰੀਆਂ ਨੂੰ ਲੈ ਕੇ ਵਾਪਸ ਚੱਲ ਪੈਂਦੀਆਂ ਹਨ। ਗ਼ੌਰਤਲਬ ਹੈ ਕਿ ਧਨੁਸ਼ਕੋਡੀ ਦਾ ਆਖ਼ਰੀ ਜ਼ਮੀਨੀ ਬਿੰਦੂ ਅਰੀਚਲ ਮੁਨਾਈ ਹੈ, ਪਰ ਇਹ ਸਿਰਫ਼ ਅਪਰੈਲ ਅਤੇ ਮਈ ਵਿੱਚ ਹੀ ਦਿਖਾਈ ਦਿੰਦਾ ਹੈ ਜਦੋਂਕਿ ਬਾਕੀ ਸਮਾਂ ਸਮੁੰਦਰ ਵਿੱਚ ਡੁੱਬਿਆ ਰਹਿੰਦਾ ਹੈ।

# ਨਾਬਾਲਗਾਂ ਨੂੰ ਸ਼ਰਾਬ ਪਰੋਸਣ ਵਿਰੁੱਧ ਆਬਕਾਰੀ ਵਿਭਾਗ ਵੱਲੋਂ ਦੋ ਦਿਨਾਂ ਮੁਹਿੰਮ ਚਲਾਈ ਗਈ: ਮੰਤਰੀ ਹਰਪਾਲ ਚੀਮਾ

**ਸਰਦੂਲ ਸਿੰਘ**

ਚੰਡੀਗੜ੍ਹ 3 ਸਤੰਬਰ। ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਦੱਸਿਆ ਕਿ ਨਾਬਾਲਗ ਗਾਹਕਾਂ ਨੂੰ ਸ਼ਰਾਬ ਪਰੋਸਣ ਵਾਲੇ ਠੇਕਿਆਂ, ਹੋਟਲਾਂ, ਕਲੱਬ, ਬਾਰ, ਅਤੇ ਪੱਬ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਆਬਕਾਰੀ ਵਿਭਾਗ ਦੀ ਲੁਧਿਆਣਾ ਪੂਰਬੀ ਰੇਂਜ ਵੱਲੋਂ 30 ਅਤੇ 31 ਅਗਸਤ ਨੂੰ ਦੋ ਰੋਜ਼ਾ ਵਿਸ਼ੇਸ਼ ਇਨਫੋਰਸਮੈਂਟ ਮੁਹਿੰਮ ਚਲਾਈ ਗਈ। ਇਥੇ ਜਾਰੀ ਪ੍ਰੈਸ ਬਿਆਨ ਰਾਹੀਂ ਇਹ ਜਾਣਕਾਰੀ ਦਿੰਦਿਆਂ ਕਰ ਤੇ ਆਬਕਾਰੀ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਇਸ ਦੋ ਰੋਜ਼ਾ ਇਨਫੋਰਸਮੈਂਟ ਮੁਹਿੰਮ ਦੌਰਾਨ 23 ਅਹਾਤਿਆਂ ਦਾ ਨਿਰੀਖਣ ਕੀਤਾ ਗਿਆ ਅਤੇ ਇਹ ਪਾਇਆ ਗਿਆ ਕਿ 9 ਬਾਰਾਂ ਨਾਬਾਲਗਾਂ ਨੂੰ ਸ਼ਰਾਬ ਪਰੋਸ ਕੇ ਕਾਨੂੰਨ ਦੀ ਉਲੰਘਣਾ ਕਰ ਰਹੀਆਂ ਸਨ। ਉਨ੍ਹਾਂ ਦੱਸਿਆ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ?ਿਲਾਫ ਕਾਨੂੰਨੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ। ਆਬਕਾਰੀ ਤੇ ਕਰ ਮੰਤਰੀ ਨੇ ਕਿਹਾ ਕਿ ਇਹ ਮੁਹਿੰਮ ਨਿਰੰਤਰ ਜਾਰੀ ਯਤਨਾਂ ਦਾ ਹਿੱਸਾ ਹੈ ਅਤੇ ਵਧੀਕ ਮੁੱਖ ਸਕੱਤਰ ਕਮ ਵਿੱਤ ਕਮਿਸਨਰ (ਕਰ) ਵਿਕਾਸ ਪ੍ਰਤਾਪ ਸਿੰਘ ਅਤੇ ਆਬਕਾਰੀ ਤੇ ਕਰ ਕਮਿਸਨਰ ਵਰੁਣ ਰੂਜਮ ਦੀ ਸਿੱਧੀ ਨਿਗਰਾਨੀ ਹੇਠ ਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਅਜਿਹੀਆਂ ਕਾਰਵਾਈਆਂ ਨਿਯਮਿਤ ਤੌਰ 'ਤੇ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਨਫੋਰਸਮੈਂਟ ਟੀਮਾਂ ਨੂੰ ਕਾਨੂੰਨ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਸ਼ਰਾਬ ਵਿਕਰੇਤਾਵਾਂ ਦੇ ਸਥਾਨਾਂ ਦੀ ਲਗਾਤਾਰ ਨਿਗਰਾਨੀ ਅਤੇ ਨਿਰੀਖਣ ਕਰਨ ਦੇ ਨਿਰਦੇਸ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਇਨਟੌਕਸਿਕੈਂਟਸ ਲਾਇਸੈਂਸ ਐਂਡ ਸੇਲਜ ਆਰਡਰ 1956 ਦੇ ਤਹਿਤ ਕਿਸੇ ਵੀ ਲਾਇਸੰਸਧਾਰਕ ਲਈ 25 ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ ਨੂੰ ਸ਼ਰਾਬ ਵੇਚਣ ਦੀ ਮਨਾਹੀ ਹੈ ਅਤੇ ਇਸ ਕਾਨੂੰਨ ਦੀ ਉਲੰਘਣਾ ਕਰਨ 'ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ ਅਤੇ ਸ਼ਰਾਬ ਵੇਚਣ ਦੇ ਲਾਇਸੈਂਸ ਨੂੰ ਮੁਅੱਤਲ ਕੀਤਾ ਜਾ ਸਕਦਾ ਹੈ। ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਦੋ ਰੋਜ਼ਾ ਮੁਹਿੰਮ ਦੌਰਾਨ ਸਬੰਧਤ ਅਦਾਰਿਆਂ ਦੇ ਮਾਲਕਾਂ ਅਤੇ ਪ੍ਰਬੰਧਕਾਂ ਨੂੰ ਨੌਜਵਾਨਾਂ ਅਤੇ ਸਮਾਜ ਪ੍ਰਤੀ ਉਨ੍ਹਾਂ ਦੀਆਂ ਅਹਿਮ ਸਮਾਜਿਕ ਜ਼ਿੰਮੇਵਾਰੀਆਂ ਬਾਰੇ ਵੀ ਯਾਦ ਕਰਵਾਇਆ ਗਿਆ। ਉਨ੍ਹਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਸ਼ਰਾਬ ਪਰੋਸਣ ਤੋਂ ਪਹਿਲਾਂ ਗਾਹਕਾਂ ਦੀ ਉਮਰ ਦੀ ਤਸਦੀਕ ਸਮੇਤ ਆਬਕਾਰੀ ਪ੍ਰਬੰਧਾਂ ਅਤੇ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ। ਆਬਕਾਰੀ ਅਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਿਭਾਗ ਵੱਲੋਂ ਬਾਰ ਮਾਲਕਾਂ ਅਤੇ ਪ੍ਰਬੰਧਕਾਂ ਨੂੰ ਕਾਨੂੰਨ ਦੁਆਰਾ ਲੋੜੀਂਦੀਆਂ ਕਾਨੂੰਨੀ ਚੇਤਾਵਨੀਆਂ ਨੂੰ ਪ੍ਰਮੁੱਖਤਾ ਨਾਲ ਪ੍ਰਦਰਸ?ਿਤ ਕਰਨ ਅਤੇ ਉਨ੍ਹਾਂ ਦੀਆਂ ਸੰਚਾਲਨ ਪ੍ਰਕਿਰਿਆਵਾਂ ਦੀ ਸਮੀਖਿਆ ਕਰਨ ਲਈ ਨਿਰਦੇਸ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਇੰਨਾ ਸ਼ਰਾਬ ਵਿਕਰੇਤਾਵਾਂ ਨੂੰ ਭਵਿੱਖ ਵਿੱਚ ਹੋਣ ਵਾਲੀਆਂ ਉਲੰਘਣਾਵਾਂ ਤੋਂ ਬਚਣ ਲਈ ਆਪਣੇ ਸਟਾਫ ਨੂੰ ਲੋੜੀਂਦੀ ਸਿਖਲਾਈ ਦੇਣ ਲਈ ਵੀ ਕਿਹਾ ਗਿਆ ਹੈ।



# ਰਜ਼ਾਮੰਦੀ ਨਾਲ ਬਣਾਏ ਸਬੰਧ ਜਬਰ ਜਨਾਹ ਨਹੀਂ

**ਏਜੰਸੀਆਂ**

ਬਰੇਲੀ 3 ਸਤੰਬਰ। ਯੂਪੀ ਪੁਲਸ ਦੀ ਜਾਂਚ ਦੀ ਗੁਣਵੱਤਾ 'ਤੇ ਅਦਾਲਤ ਨੇ ਕਈ ਵਾਰ ਸਵਾਲ ਖੜ੍ਹੇ ਕੀਤੇ ਹਨ। ਦਰਅਸਲ, ਮੁਲਜਮਾਂ ਦੀ ਤਫਤੀਸ਼ ਕਰਦਿਆਂ ਪੁਲਸ ਤੱਥਾਂ ਦੇ ਸਬੂਤ ਇਕੱਠੇ ਕੀਤੇ ਬਿਨਾਂ ਹੀ ਚਾਰਜਸ਼ੀਟ ਦਾਇਰ ਕਰ ਦਿੰਦੀ ਹੈ। ਬਰੇਲੀ ਦੇ



ਅਜਿਹੇ ਹੀ ਇੱਕ ਸਨਸਨੀਖੇਜ਼ ਮਾਮਲੇ ਵਿੱਚ ਅਦਾਲਤ ਨੇ ਸਖਤ ਰੁਖ ਅਖਤਿਆਰ ਕਰਦਿਆਂ ਮੁਲਜਮਾਂ ਨੂੰ ਬਰੀ ਕਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਸਹਿਮਤੀ ਨਾਲ ਸਰੀਰਕ ਸਬੰਧ ਬਲਾਤਕਾਰ ਦੀ ਸ਼੍ਰੇਣੀ ਵਿੱਚ ਨਹੀਂ ਆਉਂਦੇ। ਐੱਸਐੱਸਪੀ ਨੂੰ ਘਟੀਆ, ਤੱਥ ਰਹਿਤ ਜਾਂਚ ਕਰਨ ਵਾਲੇ ਇੰਸਪੈਕਟਰ ਅਤੇ ਸੀਓ ਵਿਰੁੱਧ ਕਾਰਵਾਈ ਕਰਨ ਦੇ ਹੁਕਮ ਦਿੱਤੇ ਗਏ ਹਨ। ਕਰਮਚਾਰੀ ਨਗਰ ਦੀ ਰਹਿਣ ਵਾਲੀ 34 ਸਾਲਾ ਔਰਤ ਦੇ ਤਿੰਨ ਬੱਚੇ ਹਨ। ਮਹਿਲਾ ਦੇ ਸਿ?ਵਿਮ ਨਾਲ ਸਬੰਧ ਸਨ, ਜੋ 2016-2019 ਤੱਕ ਚੱਲੇ। ਔਰਤ ਨੇ ਸਿ?ਵਿਮ 'ਤੇ ਵਿਆਹ ਦਾ ਝਾਂਸਾ ਦੇ ਕੇ ਤਿੰਨ ਸਾਲ ਤੱਕ ਜਬਰ ਜਨਾਹ ਕਰਨ ਦਾ ਦੋਸ ਲਗਾਇਆ। ਔਰਤ ਨੇ ਪ੍ਰੇਮਨਗਰ ਥਾਣੇ 'ਚ ਰਿਪੋਰਟ ਦਰਜ ਕਰਵਾਈ, ਜਿਸ ਦੇ ਆਧਾਰ 'ਤੇ ਪੁਲਸ ਨੇ ਨੌਜਵਾਨ ਨੂੰ ਜੇਲ੍ਹ ਭੇਜ ਦਿੱਤਾ। ਪਰ ਅਦਾਲਤ ਵਿਚ ਮਾਮਲੇ ਦੀ ਜਾਂਚ ਦੌਰਾਨ ਔਰਤ ਨੇ ਦੋਸਾਂ ਤੋਂ ਇਨਕਾਰ ਕਰ ਦਿੱਤਾ। ਨੌਜਵਾਨ ਨੂੰ ਬਰੀ ਕਰ ਦਿੱਤਾ ਗਿਆ। ਅਦਾਲਤ ਨੇ ਆਪਣੇ ਹੁਕਮ ਵਿਚ ਕਿਹਾ ਕਿ ਤਿੰਨ ਬੱਚਿਆਂ ਦੀ ਮਾਂ ਵਿਆਹ ਦੇ ਜਾਲ ਵਿਚ ਕਿਵੇਂ ਫਸ ਸਕਦੀ ਹੈ, ਜਦੋਂ ਔਰਤ ਦਾ ਤਲਾਕ ਨਹੀਂ ਹੋਇਆ ਹੈ ਅਤੇ ਉਹ ਵਿਆਹੀ ਹੋਈ ਹੈ। ਅਦਾਲਤ ਨੇ ਕਿਹਾ ਕਿ ਪੁਲਸ ਨੇ ਮਾਮਲੇ ਦੀ ਜਾਂਚ ਨਹੀਂ ਕੀਤੀ ਅਤੇ ਔਰਤ ਦੀ ਮਦਦ ਕਰ ਨੌਜਵਾਨ ਨੂੰ ਜੇਲ੍ਹ ਭੇਜ ਦਿੱਤਾ। ਅਦਾਲਤ ਨੇ ਐੱਸਐੱਸਪੀ ਨੂੰ ਧਾਰਾ 219 ਤਹਿਤ ਕਾਰਵਾਈ ਕਰਨ ਅਤੇ ਡਿਟੇਕਟਿਵ ਇੰਸਪੈਕਟਰ ਸੋਨੀਆ ਯਾਦਵ, ਪ੍ਰੇਮਨਗਰ ਕੋਤਵਾਲੀ ਦੇ ਤਤਕਾਲੀ ਇੰਸਪੈਕਟਰ ਬਲਵੀਰ ਸਿੰਘ ਤੇ ਸੀਓ-ਫਸਟ ਸਵੇਤਾ ਯਾਦਵ ਖ?ਿਲਾਫ ਵਿਭਾਗੀ ਜਾਂਚ ਕਰਨ ਦੇ ਨਿਰਦੇਸ ਦਿੱਤੇ ਹਨ। ਅਦਾਲਤ ਨੇ ਮਹਿਲਾ 'ਤੇ ਜੁਰਮਾਨਾ ਲਗਾਇਆ ਹੈ। ਅਦਾਲਤ ਨੇ ਕਿਹਾ ਹੈ ਕਿ ਔਰਤ ਨੇ ਨੌਜਵਾਨ 'ਤੇ ਵਿਆਹ ਲਈ ਦਬਾਅ ਪਾਇਆ ਅਤੇ ਪੁਲਸ ਨਾਲ ਤਾਲਮੇਲ ਕਰਕੇ ਨੌਜਵਾਨ ਨੂੰ ਫਸਾਇਆ ਹੈ।

## ਧਾਰਾ 370 ਨੂੰ ਖਤਮ ਕਰਨਾ ਜੰਮੂ-ਕਸ਼ਮੀਰ 'ਚ ਵਿਕਾਸ ਅਤੇ ਸ਼ਾਂਤੀ ਦੇ ਨਵੇਂ ਦੌਰ ਦੀ ਸ਼ੁਰੂਆਤ: ਚੁੱਘ

ਸ਼੍ਰੀਨਗਰ 3 ਸਤੰਬਰ। ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਐਤਵਾਰ ਨੂੰ ਕਿਹਾ ਕਿ ਧਾਰਾ-370 ਨੂੰ ਰੱਦ ਕਰਨ ਨਾਲ ਜੰਮੂ-ਕਸ਼ਮੀਰ 'ਚ ਵਿਕਾਸ ਅਤੇ ਸ਼ਾਂਤੀ ਦੇ ਇਕ ਨਵੇਂ ਦੌਰ ਦੀ ਸ਼ੁਰੂਆਤ ਹੋਈ ਹੈ। ਚੁੱਘ ਨੇ ਇੱਥੇ ਪਾਰਟੀ ਵਰਕਰਾਂ ਨਾਲ ਬੈਠਕ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਧਾਰਾ-370 ਨੂੰ ਰੱਦ ਕੀਤੇ ਜਾਣ ਨਾਲ ਭ੍ਰਿਸ਼ਟਾਚਾਰ ਦੀਆਂ ਦੁਕਾਨਾਂ ਬੰਦ ਹੋ ਗਈਆਂ ਅਤੇ ਉਹ ਕਦੇ ਮੁੜ ਨਹੀਂ ਖੁੱਲ੍ਹਣਗੀਆਂ। ਉਨ੍ਹਾਂ ਨੇ ਦਾਅਵਾ ਕੀਤਾ ਕਿ 5 ਅਗਸਤ 2019 ਨੂੰ ਇਸ ਖੇਤਰ ਵਿਚ ਤਰੱਕੀ ਅਤੇ ਤਬਦੀਲੀ ਦਾ ਇਕ ਨਵਾਂ ਅਧਿਆਏ ਸ਼ੁਰੂ ਹੋਇਆ ਹੈ। ਜੰਮੂ-ਕਸ਼ਮੀਰ ਦੇ ਲੋਕਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਗਲ ਲਾਇਆ ਅਤੇ ਅਬਦੁੱਲਾ, ਮੁਫਤੀ ਅਤੇ ਗਾਂਧੀ-ਨਹਿਰੂ ਪਰਿਵਾਰਾਂ ਨੂੰ ਖਾਰਜ ਕਰ ਦਿੱਤਾ, ਜੋ ਆਪਣੀ ਹਉਮੈ ਅਤੇ ਭ੍ਰਿਸਟਾਚਾਰ ਕਾਰਨ ਇਸ ਖੇਤਰ ਦਾ ਸੋਸਣ ਕਰ ਰਹੇ ਹਨ। ਚੁੱਘ ਨੇ ਨੈਸਨਲ ਕਾਨਫਰੰਸ ਦੇ ਉੱਪ ਪ੍ਰਧਾਨ ਉਮਰ ਅਬਦੁੱਲਾ ਦੀ ਆਲੋਚਨਾ ਕਰਦਿਆਂ ਉਨ੍ਹਾਂ ਨੂੰ ਇਕ



ਭੁਲੇਖਾ ਪਾਉਣ ਵਾਲਾ ਵਿਅਕਤੀ ਕਿਹਾ, ਜਿਸ ਨੇ ਧਾਰਾ 370 ਬਾਰੇ ਭੰਬਲਭੂਸਾ ਪੈਦਾ ਕੀਤਾ ਅਤੇ ਜਨਤਾ ਨੂੰ ਗੁੰਮਰਾਹ ਕੀਤਾ। ਉਨ੍ਹਾਂ ਕਿਹਾ ਕਿ ਅਬਦੁੱਲਾ 'ਵਰਲਡਜ ਮੋਸਟ ਕੰਫਿਊਜਡ ਮੈਨ ਐਵਾਰਡ' ਦੇ ਹੱਕਦਾਰ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ 100 ਫੀਸਦੀ ਭੰਬਲਭੂਸੇ ਵਾਲੀ ਲੀਡਰਸ?ਿਪ ਨੂੰ ਜੰਮੂ-ਕਸਮੀਰ ਦੇ ਲੋਕਾਂ ਨੇ ਨਕਾਰ ਦਿੱਤਾ ਹੈ। ਚੁੱਘ ਨੇ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਜੰਮੂ-ਕਸਮੀਰ ਦੇ ਲੋਕ ਖੁਸੀ, ਸਾਂਤੀ, ਵਿਕਾਸ ਅਤੇ ਆਤਮ ਵਿਸਵਾਸ ਦਾ ਅਨੁਭਵ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਧਾਰਾ 370 ਅਤੇ 35ਏ ਦੇ ਜ?ਿਆਦਾਤਰ ਉਪਬੰਧਾਂ ਨੂੰ ਰੱਦ ਕਰਨਾ ਇਸ ਖੇਤਰ ਦੇ ਵਿਕਾਸ ਲਈ ਇਕ ਮਹੱਤਵਪੂਰਨ ਕਦਮ ਸੀ। ਜਿਨ੍ਹਾਂ ਨੇ ਜੰਮੂ-ਕਸਮੀਰ ਨੂੰ ਲੁੱਟਿਆ ਹੈ, ਉਹ ਮੁੜ ਕਦੇ ਕਾਮਯਾਬ ਨਹੀਂ ਹੋਣਗੇ, ਉਨ੍ਹਾਂ ਦੀਆਂ ਭ੍ਰਿਸਟਾਚਾਰ ਦੀਆਂ ਦੁਕਾਨਾਂ ਹਮੇਸਾ ਲਈ ਬੰਦ ਕਰ ਦਿੱਤੀਆਂ ਗਈਆਂ ਹਨ।

## ਪਤਨੀ ਦਾ ਕਤਲ ਕਰ ਕਾਰ 'ਚ ਹੀ ਛੱਡੀ ਲਾਸ਼

ਨਵੀਂ ਦਿੱਲੀ 3 ਸਤੰਬਰ। ਪੱਛਮੀ ਦਿੱਲੀ ਦੇ ਰਾਜੌਰੀ ਗਾਰਡਨ ਇਲਾਕੇ 'ਚ ਇਕ 21 ਸਾਲਾ ਵਿਅਕਤੀ ਨੇ ਆਪਣੀ ਪਤਨੀ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਅਤੇ ਉਸ ਦੀ ਲਾਸ ਨੂੰ ਆਪਣੀ ਕਾਰ ਵਿਚ ਹੀ ਛੱਡ ਦਿੱਤੀ। ਅਧਿਕਾਰੀਆਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਮੁਲਜਮ ਦੀ ਪਛਾਣ ਗੌਤਮ ਵਜੋਂ ਹੋਈ ਹੈ ਅਤੇ ਜਦੋਂ ਉਹ ਦੌੜਨ ਦੀ ਕੋਸ਼ਿਸ਼ ਕਰ ਰਿਹਾ ਸੀ, ਉਦੋਂ ਇਲਾਕੇ 'ਚ ਗਸਤ ਕਰ ਰਹੇ ਇਕ ਪੁਲਸ ਅਧਿਕਾਰੀ ਨੇ ਉਸ ਨੂੰ ਫੜ ਲਿਆ। ਪੁਲਸ ਅਨੁਸਾਰ ਗੌਤਮ ਦੇਰ ਰਾਤ ਸੱਕੀ ਹਾਲਾਤਾਂ 'ਚ ਬਿਨਾਂ ਕਮੀਜ ਦੇ ਘੁੰਮ ਰਿਹਾ ਸੀ, ਉਦੋਂ ਰਾਤ 1.20 ਵਜੇ ਖਿਆਲਾ ਥਾਣੇ 'ਚ ਤਾਇਨਾਤ ਹੈੱਡ ਕਾਂਸਟੇਬਲ ਅਜੈ ਨੇ ਉਸ ਨੂੰ ਫੜ ਲਿਆ ਅਤੇ ਜਦੋਂ ਪੁੱਛ-ਗਿੱਛ ਕੀਤੀ ਤਾਂ ਘਟਨਾ ਦਾ ਖੁਲਾਸਾ ਹੋਇਆ। ਪੁੱਛ-ਗਿੱਛ ਕਰਨ 'ਤੇ ਗੌਤਮ ਨੇ ਦੱਸਿਆ ਕਿ ਉਸ ਨੇ ਆਪਣੀ ਪਤਨੀ ਮਾਨਿਆ (20) ਦਾ ਕਤਲ ਕਰ ਕੇ ਉਸ ਦੀ ਲਾਸ ਨੂੰ ਕਾਰ 'ਚ ਛੱਡ ਦਿੱਤੀ ਹੈ। ਇਕ ਅਧਿਕਾਰੀ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਗਈ ਅਤੇ ਪੁੱਛ-ਗਿੱਛ ਜਾਰੀ ਰੱਖੀ ਗਈ। ਜਿਸ ਤੋਂ ਬਾਅਦ ਰਘੁਬੀਰ ਨਗਰ ਦੇ ਰਹਿਣ ਵਾਲੇ ਗੌਤਮ ਨੇ ਪੁਲਸ ਨੂੰ ਦੱਸਿਆ ਕਿ ਉਸ ਨੇ ਮਾਰਚ 'ਚ ਆਪਣੇ ਪਰਿਵਾਰ ਦੀ ਸਹਿਮਤੀ ਤੋਂ ਬਿਨਾਂ ਮਾਨਿਆ ਨਾਲ ਵਿਆਹ ਕੀਤਾ ਸੀ। ਅਧਿਕਾਰੀ ਨੇ ਦੱਸਿਆ ਕਿ ਵਿਆਹ ਦੇ ਬਾਅਦ ਵੀ ਉਹ ਆਪਣੇ-ਆਪਣੇ ਪਰਿਵਾਰ ਨਾਲ ਹੀ ਰਹਿ ਰਹੇ ਸਨ ਅਤੇ ਕਦੇ-ਕਦੇ ਮਿਲਦੇ ਸਨ।

## ਮੀਰੀ-ਪੀਰੀ ਦਾ ਸਿਧਾਂਤ ਪੰਥ ਵਿਰੋਧੀ ਤਾਕਤਾਂ ਨੂੰ ਹਮੇਸ਼ਾ ਰੜਕਦਾ ਰਿਹੈ : ਐਡਵੋਕੇਟ ਧਾਮੀ

**ਕਿਸ਼ਨ ਪਾਲ**

ਅੰਮ੍ਰਿਤਸਰ 3 ਸਤੰਬਰ। ਗੁਰੂ ਸਾਹਿਬਾਨ ਦਾ ਫ਼ਲਸਫ਼ਾ ਸਿੱਖ ਦੇ ਸ਼ਖ਼ਸੀ ਜੀਵਨ ਦੀ ਘਾੜਤ ਘੜਨ ਦੇ ਨਾਲ-ਨਾਲ ਪੰਥਕ ਅਗਵਾਈ ਲਈ ਵੀ ਬੇਹੱਦ ਅਹਿਮ ਹੈ, ਪਰੰਤੂ ਪੰਥ ਵਿਰੋਧੀ ਤਾਕਤਾਂ ਸਿੱਖਾਂ ਦੀ ਇਸ ਵਿਰਾਸਤ ਅਤੇ ਸਿਧਾਂਤਾਂ ਨੂੰ ਸੱਟ ਮਾਰਨ ਲਈ ਲਗਾਤਾਰ ਕੋਝੇ ਯਤਨ ਕਰਦੀਆਂ ਰਹੀਆਂ ਹਨ। ਇਹ ਵਿਚਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ 450 ਸਾਲਾ ਗੁਰਿਆਈ ਦਿਵਸ 'ਤੇ ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ ਜੋਤਿ ਦਿਵਸ ਨੂੰ ਸਮਰਪਿਤ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਧਰਮ ਪ੍ਰਚਾਰ ਕਮੇਟੀ ਵੱਲੋਂ ਕਰਵਾਏ ਗਏ ਪ੍ਰਭਾਵਸ਼ਾਲੀ ਸੈਮੀਨਾਰ ਦੌਰਾਨ ਸੰਬੋਧਨ ਕਰਦਿਆਂ ਪ੍ਰਗਟਾਏ। ਉਨ੍ਹਾਂ ਆਖਿਆ ਕਿ ਗੁਰੂ ਸਾਹਿਬਾਨ ਵੱਲੋਂ ਦੁਨੀਆ ਦੇ ਧਰਮ ਇਤਿਹਾਸ ਅੰਦਰ ਇਕ ਨਿਰਾਲੀ ਵਿਚਾਰਧਾਰਾ ਦਿੱਤੀ। ਐਡਵੋਕੇਟ ਧਾਮੀ ਨੇ ਕਿਹਾ ਕਿ ਅੱਜ ਜਦੋਂ ਸਿੱਖ ਕੌਮ ਤੀਜੇ ਅਤੇ ਚੌਥੇ ਪਾਤਸ਼ਾਹ ਜੀ ਨਾਲ ਸਬੰਧਤ ਦੋ ਅਹਿਮ ਸ਼ਤਾਬਦੀਆਂ ਮਨਾ ਰਹੀ ਹੈ ਤਾਂ ਕੌਮੀ ਫ਼ਰਜ਼ ਬਣਦਾ ਹੈ ਕਿ ਗੁਰੂ ਸਾਹਿਬਾਨ ਵੱਲੋਂ ਸਿੱਖੀ ਦੇ ਪ੍ਰਚਾਰ ਪ੍ਰਸਾਰ ਜੋ ਸੰਸਥਾਗਤ ਉਪਰਾਲੇ ਕੀਤੇ ਉਸ ਦੀ ਸੇਧ ਵਿਚ ਅੱਗੇ ਵਧਿਆ ਜਾਵੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਧਾਰਮਿਕ ਅਤੇ ਪੰਥਕ ਸੁਮੇਲ ਦੀ ਗੱਲ ਕਰਦਿਆਂ ਕਿਹਾ ਕਿ ਅੱਜ ਮੀਰੀ-ਪੀਰੀ ਦਾ ਸਿੱਖ ਸਿਧਾਂਤ ਵਿਰੋਧੀਆਂ ਨੂੰ ਰੜਕ ਰਿਹਾ ਹੈ। ਇਨ੍ਹਾਂ ਦਾ ਸਾਰਾ ਜ਼ੋਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਇਕ-ਦੂਜੇ ਤੋਂ ਦੂਰ ਕਰਨ 'ਤੇ



ਲੱਗਾ ਹੋਇਆ ਹੈ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਜਿੱਥੇ ਅਸੀਂ ਪੰਥਕ ਪਹਿਰੇਦਾਰੀ ਕਰਨੀ ਹੈ, ਉੱਥੇ ਅੱਜ ਸਮਾਜ ਨੂੰ ਵੰਡਣ ਵਾਲੀਆਂ ਸ਼ਕਤੀਆਂ ਦਾ ਮੁਕਾਬਲਾ ਵੀ ਕਰਨਾ ਹੈ। ਸੈਮੀਨਾਰ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ, ਪ੍ਰਸਿੱਧ ਸਿੱਖ ਵਿਦਵਾਨ ਡਾ. ਹਰਭਜਨ ਸਿੰਘ ਡੇਹਰਾਦੂਨ, ਡਾ. ਪਰਮਵੀਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਡਾ. ਇੰਦਰਜੀਤ ਸਿੰਘ ਗੋਗੋਆਣੀ ਪ੍ਰਿੰਸੀਪਲ ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਤੇ ਵਿਚਾਰਧਾਰਾ ਬਾਰੇ ਅਹਿਮ ਅਤੇ ਖੋਜ ਭਰਪੂਰ ਵਿਚਾਰ ਪ੍ਰਗਟ ਕੀਤੇ। ਸੈਮੀਨਾਰ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ, ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ ਅਤੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਬੁਲਾਰਿਆਂ ਨੂੰ ਸਨਮਾਨਿਤ ਕੀਤਾ।

## ਆਪਸੀ ਰੰਜਿਸ਼ ਕਾਰਨ ਦੁਕਾਨਦਾਰ ਦੋ ਭਰਾਵਾਂ ਦਾ ਗੋਲੀਆਂ ਮਾਰ ਕੇ ਕਤਲ

ਸ਼ਿਵਪੁਰੀ 3 ਸਤੰਬਰ। ਮੱਧ ਪ੍ਰਦੇਸ਼ ਦੇ ਸ਼ਿਵਪੁਰੀ ਜ?ਿਲ੍ਹੇ ਦੇ ਪਿਛੌਰ 'ਚ ਦੋ ਦੁਕਾਨਦਾਰਾਂ ਦੀ ਆਪਸੀ ਰੰਜਿਸ਼ ਕਾਰਨ ਇਕ ਦੁਕਾਨਦਾਰ ਨੇ ਆਪਣੇ ਕਰੀਬ 17 ਸਾਥੀਆਂ ਨਾਲ ਮਿਲ ਕੇ ਆਪਣੇ ਗੁਆਂਢੀ ਦੁਕਾਨਦਾਰ ਦੋ ਭਰਾਵਾਂ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਪੁਲਸ ਸੂਤਰਾਂ ਮੁਤਾਬਕ ਮ੍ਰਿਤਕਾਂ ਦੇ ਨਾਂ ਵਿਜੇ ਅਤੇ ਅਜੇ ਦੱਸੇ ਗਏ ਹਨ। ਮੁੱਢਲੀ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ ਵਿਜੇ ਅਤੇ ਅਜੇ ਦੀ ਦੁਕਾਨ ਪਿਛੌਰ ਦੀ ਅਨਾਜ ਮੰਡੀ ਨੇੜੇ ਹੈ। ਉਥੇ ਸੇਰ ਸਿੰਘ ਦੀ ਦੁਕਾਨ ਹੈ। ਦੋਵੇਂ ਮੀਟ ਵੇਚਣ ਦਾ ਕੰਮ ਕਰਦੇ ਸਨ ਅਤੇ ਇਨ੍ਹਾਂ ਦੋਹਾਂ ਵਿਚਕਾਰ ਅਕਸਰ ਝਗੜਾ ਹੁੰਦਾ ਰਹਿੰਦਾ ਸੀ। ਕੱਲ੍ਹ ਸਾਮ ਨੂੰ ਵੀ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ ਸੀ, ਜਿਸ ਤੋਂ ਬਾਅਦ ਸੇਰ ਸਿੰਘ ਆਪਣੇ ਕਰੀਬ 17 ਸਾਥੀਆਂ ਸਮੇਤ ਵਿਜੇ ਅਤੇ ਅਜੇ ਦੇ ਘਰ ਪਹੁੰਚਿਆ ਅਤੇ ਉਨ੍ਹਾਂ ਦੀ ਕੁੱਟਮਾਰ ਕੀਤੀ ਅਤੇ ਗੋਲੀਆਂ ਮਾਰ ਦਿੱਤੀਆਂ। ਦੋਵਾਂ ਨੂੰ ਪਿਛੌਰ ਦੇ ਸਰਕਾਰੀ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਸ ਨੇ ਮਾਮਲਾ ਦਰਜ ਕਰਕੇ ਮੁਲਜਮਾਂ ਦੀ ਭਾਲ ਸੁਰੂ ਕਰ ਦਿੱਤੀ ਹੈ।

## ਪੈਨਸ਼ਨ ਲੈਣ ਗਏ ਵਿਅਕਤੀ ਦੀ ਝਾੜੀਆਂ 'ਚੋਂ ਬਿਨਾਂ ਲੱਤਾਂ ਦੇ ਮਿਲੀ ਲਾਸ਼

ਫਤਿਹਾਬਾਦ 3 ਸਤੰਬਰ। ਫਤਿਹਾਬਾਦ ਦੇ ਸਵਾਮੀ ਨਗਰ ਤੋਂ 2 ਦਿਨ ਪਹਿਲਾਂ ਲਾਪਤਾ ਹੋਏ ਬਜੁਰਗ ਦੀ ਲਾਸ ਮਿੰਨੀ ਬਾਈਪਾਸ ਵਾਲੇ ਪਾਸੇ ਝਾੜੀਆਂ 'ਚੋਂ ਬਰਾਮਦ ਹੋਣ ਦੀ ਸੂਚਨਾ ਮਿਲੀ ਹੈ। ਲਾਸ ਦੀਆਂ ਦੋਵੇਂ ਲੱਤਾਂ ਗਾਇਬ ਹਨ ਅਤੇ ਚਿਹਰੇ 'ਤੇ ਵੀ ਸੱਟਾਂ ਦੇ ਨਿਸਾਨ ਹਨ। ਜਿਸ 'ਤੇ ਪਰਿਵਾਰਕ ਮੈਂਬਰਾਂ ਨੇ ਕਤਲ ਦਾ ਦੋਸ ਲਗਾਇਆ ਹੈ। ਪੁਲਸ ਮਾਮਲੇ ਦੀ ਜਾਂਚ 'ਚ ਜੁਟੀ ਹੋਈ ਹੈ, ਜਿਸ ਕਾਰਨ ਪਰਿਵਾਰ ਵਾਲਿਆਂ ਨੇ ਵੀ ਪੁਲਸ ਖ?ਿਲਾਫ ਨਾਰਾਜਗੀ ਜਤਾਈ। ਸਵਾਮੀ ਨਗਰ ਵਾਸੀ ਉਤਸਵ ਨੇ ਦੱਸਿਆ ਕਿ 2 ਦਿਨ ਪਹਿਲਾਂ ਉਸ ਦੇ ਦਾਦਾ ਰਾਮਦਿਤਾ ਪੈਨਸਨ ਕਢਵਾਉਣ ਲਈ ਬਿਘਾੜ ਰੋਡ 'ਤੇ ਸਥਿਤ ਮਹਾਰਾਸਟਰ ਬੈਂਕ 'ਚ ਗਏ ਸਨ। ਪੈਨਸਨ ਕਢਵਾਉਣ ਤੋਂ ਬਾਅਦ ਉਹ ਮਿੰਨੀ ਬਾਈਪਾਸ ਤੋਂ ਹੁੰਦੇ ਹੋਏ ਸਵਾਮੀ ਨਗਰ ਆ ਰਹੇ ਸਨ। ਸਾਮ ਤੱਕ ਜਦੋਂ ਉਹ ਘਰ ਨਾ ਪੁੱਜੇ ਤਾਂ ਉਨ੍ਹਾਂ ਨੇ ਉਸ ਦੀ ਭਾਲ ਕਰਨੀ ਸੁਰੂ ਦਿੱਤੀ ਪਰ ਉਹਨਾਂ ਦਾ ਕਿਸੇ ਕੁਝ ਪਤਾ ਨਹੀਂ ਲੱਗਾ। ਇਸ ਦੌਰਾਨ ਜਦੋਂ ਉਹ ਪੁਲਸ ਕੋਲ ਗਏ ਤਾਂ ਪੁਲਸ ਨੇ ਉਹਨਾਂ ਨੂੰ ਇੰਤਜਾਰ ਕਰਨ ਲਈ ਕਿਹਾ ਅਤੇ ਕੋਈ ਕਾਰਵਾਈ ਨਹੀਂ ਕੀਤੀ। ਉਹਨਾਂ ਦੱਸਿਆ ਕਿ ਅਗਲੇ ਦਿਨ ਪੁਲਸ ਨੇ ਗੁੰਮਸੁਦਗੀ ਦੀ ਰਿਪੋਰਟ ਦਰਜ ਕਰ ਦਿੱਤੀ ਪਰ ਆਪਣੇ ਪੱਧਰ 'ਤੇ ਕੋਈ ਜਾਂਚ ਨਹੀਂ ਕੀਤੀ। ਜਿਸ ਤੋਂ ਬਾਅਦ ਅਸੀਂ ਆਪਣੇ ਦੋਸਤਾਂ ਅਤੇ ਪਰਿਵਾਰ ਸਮੇਤ ਮਹਾਰਾਸਟਰ ਬੈਂਕ ਤੋਂ ਸਵਾਮੀ ਨਗਰ ਤੱਕ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕਰਨੀ ਸੁਰੂ ਕੀਤੀ। ਇਸ ਦੌਰਾਨ ਉਸ ਨੇ ਆਪਣੇ ਦਾਦਾ ਨੂੰ ਗਲੀਆਂ 'ਚੋਂ ਲੰਘਦੇ ਦੇਖਿਆ। ਕੈਮਰੇ ਦੀ ਮਦਦ ਨਾਲ ਲੋਕੇਸਨ ਦਾ ਪਤਾ ਲਗਾਉਂਦੇ ਉਹ ਕਾਲੋਨੀ ਦੇ ਪਿੱਛੇ ਇਕ ਖਾਲੀ ਥਾਂ ਪਹੁੰਚ ਗਏ। ਜਦੋਂ ਉਹ ਝਾੜੀਆਂ ਨੇੜੇ ਪਹੁੰਚੇ ਤਾਂ ਉਹਨਾਂ ਨੂੰ ਬਦਬੂ ਆਈ। ਉਹਨਾਂ ਨੂੰ ਉਸ ਥਾਂ ਤੋਂ ਦਾਦੇ ਦੀ ਲਾਸ ਪਈ ਹੋਈ ਮਿਲੀ, ਜਿਸ ਦੀਆਂ ਦੋਵੇਂ ਲੱਤਾਂ ਗਾਇਬ ਸਨ। ਮੂੰਹ ਦੀ ਹਾਲਤ ਵੀ ਖਰਾਬ ਸੀ। ਇਸ ਤੋਂ ਬਾਅਦ ਉਹਨਾਂ ਨੇ ਪੁਲਸ ਨੂੰ ਸੂਚਨਾ ਦਿੱਤੀ ਤਾਂ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸੁਰੂ ਕਰ ਦਿੱਤੀ। ਉਸ ਦਾ ਕਹਿਣਾ ਹੈ ਕਿ ਜੇਕਰ ਪੁਲਸ ਨੇ ਸਮੇਂ ਸਿਰ ਤਲਾਸੀ ਕੀਤੀ ਹੁੰਦੀ ਤਾਂ ਉਸ ਦਾ ਦਾਦਾ ਠੀਕ-ਠਾਕ ਮਿਲ ਜਾਂਦਾ। ਉਸ ਨੇ ਦੋਸ ਲਾਇਆ ਕਿ ਕਿਸੇ ਅਣਪਛਾਤੇ ਵਿਅਕਤੀ ਨੇ ਪੈਸਿਆਂ ਦੇ ਲਾਲਚ ਵਿੱਚ ਉਸ ਦੇ ਦਾਦੇ ਦਾ ਕਤਲ ਕਰ ਦਿੱਤਾ। ਘਟਨਾ ਦੀ ਜਾਂਚ ਲਈ ਡੀ.ਐੱਸ.ਪੀ. ਪਹੁੰਚੇ ਗਏ, ਜਿਹਨਾਂ ਨੂੰ ਦੇਖ ਕੇ ਪਰਿਵਾਰਕ ਮੈਂਬਰਾਂ ਦਾ ਸੋਗ ਅਤੇ ਗੁੱਸਾ ਤੇਜ ਹੋ ਗਿਆ। ਪਰਿਵਾਰ ਨੇ ਲਾਸ ਲੈਣ ਅਤੇ ਅੰਤਿਮ ਸੰਸਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਜਦੋਂ ਤੱਕ ਪੁਲਸ ਮਾਮਲੇ ਦੀ ਜਾਂਚ ਨਹੀਂ ਕਰਦੀ ਉਹ ਲਾਸ ਨਹੀਂ ਲੈਣਗੇ।

## ਹਥਿਆਰਾਂ ਦੀ ਨੋਕ 'ਤੇ ਲੁਟੇਰੇ ਡਿਲਿਵਰੀ ਬੁਆਏ ਤੋਂ ਮੋਟਰਸਾਈਕਲ, ਮੋਬਾਈਲ ਤੇ ਨਕਦੀ ਖੋਹ ਕੇ ਫਰਾਰ

ਅੰਮ੍ਰਿਤਸਰ 3 ਸਤੰਬਰ। ਤੇਜਧਾਰ ਹਥਿਆਰਾਂ ਦੀ ਨੋਕ 'ਤੇ ਨੌਜਵਾਨ ਦਾ ਮੋਟਰਸਾਈਕਲ, ਮੋਬਾਈਲ ਫੋਨ ਅਤੇ ਨਕਦੀ ਖੋਹ ਕੇ ਫਰਾਰ ਹੋਣ ਦੇ ਮਾਮਲੇ ਵਿਚ ਥਾਣਾ ਸਦਰ ਦੀ ਪੁਲਸ ਨੇ ਤਿੰਨ ਅਣਪਛਾਤੇ ਲੁਟੇਰਿਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਸਾਹਿਬ ਦੀਪ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਉਹ ਰਣਜੀਤ ਐਵੇਨਿਊ ਡੀ-ਬਲਾਕ ਤੋਂ ਮਜੀਠਾ ਰੋਡ ਬਾਈਪਾਸ 'ਤੇ ਪੀਜਾ ਲੈ ਕੇ ਜਾ ਰਿਹਾ ਸੀ ਕਿ ਅਚਾਨਕ ਪਿੱਛੇ ਤੋਂ ਆਏ ਤਿੰਨ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਉਸ ਦੇ ਅੱਗੇ ਮੋਟਰਸਾਈਕਲ ਖੜ੍ਹਾ ਕਰ ਦਿੱਤਾ, ਜਿਸ ਦੌਰਾਨ ਉਹ ਸੜਕ 'ਤੇ ਡਿੱਗ ਪਿਆ ਅਤੇ ਤਿੰਨਾਂ ਨੇ ਤੇਜਧਾਰ ਹਥਿਆਰਾਂ ਦੀ ਨੋਕ 'ਤੇ ਉਸ ਦਾ ਮੋਟਰਸਾਈਕਲ, ਮੋਬਾਈਲ ਫੋਨ ਅਤੇ 700 ਰੁਪਏ ਦੀ ਨਕਦੀ ਖੋਹ ਲਈ ਅਤੇ ਮੌਕੇ ਤੋਂ ਫਰਾਰ ਹੋ ਗਏ। ਪੁਲਸ ਨੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ।

## ਮਾਮੇ ਦੇ ਕਤਲ ਦਾ ਬਦਲਾ ਲੈਣ ਲਈ ਚਲਾਈਆਂ ਗੋਲੀਆਂ

ਬਠਿੰਡਾ 3 ਸਤੰਬਰ। ਬਠਿੰਡਾ ਕਾਊਂਟਰ ਇੰਟੈਲੀਜੈਂਸ ਵੱਲੋਂ ਮਾਨਕ ਖਾਨਾ ਵਿਚ ਗੋਲੀਆਂ ਚਲਾਉਣ ਵਾਲੇ ਵਿਅਕਤੀ ਨੂੰ ਕਾਬੂ ਕਰ ਲਿਆ ਗਿਆ ਹੈ। ਮੁਲਜਮ ਦੀ ਪਛਾਣ ਮਨਦੀਪ ਸਿੰਘ ਵਜੋਂ ਹੋਈ ਹੈ। ਉਸ ਕੋਲੋਂ ਬੱਤੀ ਬੋਰ ਦੀ ਪਿਸਟਲ ਅਤੇ ਜ?ਿੰਦਾ ਕਾਰਤੂਸ ਵੀ ਬਰਾਮਦ ਹੋਏ ਹਨ। ਜਾਣਕਾਰੀ ਮੁਤਾਬਕ 30 ਅਗਸਤ ਨੂੰ ਗੁਰਪ੍ਰੀਤ ਸਿੰਗ ਵਾਸੀ ਮਾਨਕ ਖਾਨਾ ਦੇ ਘਰ ਦੇ ਬਾਹਰ ਗੋਲੀਆਂ ਚੱਲੀਆਂ ਸਨ। ਇਸ ਮਾਮਲੇ ਵਿਚ ਅੱਜ ਕਾਊਂਟਰ ਇੰਟੈਲੀਜੈਂਸ ਦੀ ਟੀਮ ਵੱਲੋਂ ਮਨਦੀਪ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਗੁਰਪ੍ਰੀਤ ਸਿੰਘ ਨੇ ਮਨਦੀਪ ਸਿੰਘ ਦੇ ਮਾਮੇ ਦਾ ਕਤਲ ਕੀਤਾ ਸੀ, ਜਿਸ ਦੀ ਰੰਜਿਸ਼ ਕਾਰਨ ਉਸ ਨੇ ਫਾਇਰਿੰਗ ਕੀਤੀ ਸੀ।

# ਅਯੁੱਧਿਆ 'ਚ ਜਮੀਨ ਖਰੀਦਣ ਵਾਲੇ ਲੋਕਾਂ ਲਈ ਖਾਸ ਖਬਰ

**ਏਜੰਸੀਆਂ**

ਅਯੁੱਧਿਆ 3 ਸਤੰਬਰ। ਜੇਕਰ ਤੁਸੀਂ ਵੀ ਭਗਵਾਨ ਰਾਮ ਦੀ ਨਗਰੀ ਅਯੁੱਧਿਆ ਵਿੱਚ ਘਰ, ਖੇਤੀ ਜਾਂ ਵਪਾਰਕ ਜਮੀਨ ਖਰੀਦਣਾ ਚਾਹੁੰਦੇ ਹੋ ਤਾਂ ਇੰਤਜਾਰ ਨਾ ਕਰੋ। ਅਗਲੇ ਮਹੀਨੇ 10 ਸਤੰਬਰ ਤੱਕ ਸਰਕਲ ਰੇਟ 50 ਤੋਂ 200 ਫੀਸਦੀ ਵਧਾਉਣ ਦਾ ਪ੍ਰਸਤਾਵ ਹੈ। ਵੀਰਵਾਰ ਨੂੰ ਜ?ਿਲ੍ਹਾ ਮੈਜਿਸਟਰੇਟ ਨੇ ਪ੍ਰਸਤਾਵਿਤ ਸਰਕਲ ਰੇਟਾਂ ਦੀ ਸੂਚੀ ਜਾਰੀ ਕੀਤੀ ਅਤੇ ਲੋਕਾਂ ਤੋਂ ਸੁਝਾਅ ਮੰਗੇ। ਪ੍ਰਸਤਾਵਿਤ ਦਰਾਂ ਅਗਸਤ 2017 ਤੋਂ ਲਾਗੂ ਮੌਜੂਦਾ ਦਰਾਂ ਨਾਲੋਂ 50 ਫੀਸਦੀ ਤੋਂ 200 ਫੀਸਦੀ ਵੱਧ ਹਨ। ਸੁਝਾਅ ਪ੍ਰਾਪਤ ਕਰਨ ਦੀ ਆਖਰੀ ਮਿਤੀ 4 ਸਤੰਬਰ ਹੈ ਅਤੇ ਉਸ ਤੋਂ ਬਾਅਦ ਦਰਾਂ ਨੂੰ ਅੰਤਿਮ ਰੂਪ ਦੇ ਕੇ ਸੂਚਿਤ ਕੀਤਾ ਜਾਵੇਗਾ। ਕਰੀਬ ਸੱਤ ਸਾਲਾਂ ਬਾਅਦ ਪ੍ਰਸਤਾਵਿਤ ਨਵੇਂ ਸਰਕਲ ਰੇਟ ਨੂੰ ਜ?ਿਲ੍ਹਾ ਮੈਜਿਸਟਰੇਟ ਚੰਦਰ ਵਿਜੇ ਸਿੰਘ ਨੇ ਮਨਜੂਰੀ ਦੇ ਦਿੱਤੀ ਹੈ। ਪ੍ਰਸਤਾਵਿਤ ਸਰਕਲ ਰੇਟ ਬੁੱਧਵਾਰ ਨੂੰ ਵਧੀਕ ਜ?ਿਲ੍ਹਾ ਮੈਜਿਸਟਰੇਟ (ਰੁਜਗਾਰ ਅਤੇ ਮਾਲ) ਅਤੇ ਜ?ਿਲ੍ਹਾ ਰਜਿਸਟਰਾਰ ਮਹਿੰਦਰ ਕੁਮਾਰ ਸਿੰਘ, ਸਹਾਇਕ ਇੰਸਪੈਕਟਰ ਜਨਰਲ ਆਫ ਰਜਿਸਟ੍ਰੇਸਨ (ਏਆਈਜੀ), ਉਪ ਜ?ਿਲ੍ਹਾ ਮੈਜਿਸਟਰੇਟ ਅਤੇ ਡਿਪਟੀ ਰਜਿਸਟਰਾਰ ਦਫਤਰ ਨੂੰ ਸਾਰਿਆਂ ਦੀ ਪੜਚੋਲ ਲਈ ਭੇਜ ਦਿੱਤਾ ਗਿਆ ਹੈ, ਜਿਸ ਨਾਲ ਉਹ ਸਮਰਥਨ ਅਤੇ ਇਤਰਾਜ ਕਰ ਸਕਣ। ਆਈਜੀ ਅਨੁਸਾਰ ਪ੍ਰਸਤਾਵਿਤ ਸਰਕਲ ਰੇਟ ਬਾਰੇ ਕੋਈ ਵੀ ਵਿਅਕਤੀ 4 ਸਤੰਬਰ ਤੱਕ ਆਪਣੇ ਸੁਝਾਅ ਅਤੇ ਇਤਰਾਜ ਦਰਜ ਕਰਵਾ ਸਕਦਾ ਹੈ। ਉਸ ਤੋਂ ਬਾਅਦ ਪ੍ਰਾਪਤ ਹੋਏ ਸੁਝਾਵਾਂ ਅਤੇ ਇਤਰਾਜਾਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਨਿਵੇਸਕਾਂ ਦੀ ਪੰਸਦ ਦਾ ਖੇਤਰ ਮਾਝਾ ਜਮਥਰਾ ਅਯੁੱਧਿਆ ਵਿੱਚ ਜਮੀਨ ਚਾਹੁਣ ਵਾਲਿਆਂ ਦੀ ਪੰਸਦ ਹੈ। ਅਡਾਨੀ ਗਰੁੱਪ ਅਤੇ ਆਰਟ ਆਫ ਲਿਵਿੰਗ ਦੇ ਸੰਸਥਾਪਕ ਸ੍ਰੀ ਸ੍ਰੀ ਰਵੀ ਸੰਕਰ ਦੀ ਸੰਸਥਾ ਵਿਅਕਤੀ ਵਿਕਾਸ ਮੇਦਰਾ ਨੇ ਮਾਇਆ ਜਾਮਰਾ ਨੂੰ ਖਰੀਦਿਆ ਹੈ। ਦੱਸ ਦੇਈਏ ਕਿ ਰਾਮ ਮੰਦਿਰ ਦੇ ਨਿਰਮਾਣ ਲਈ ਹੋਇਆ ਭੂਮੀ ਪੂਜਨ ਤੋਂ ਬਾਅਦ ਰਾਮਨਗਰੀ ਦੇ ਆਸਪਾਸ ਦੇ ਪਿੰਡਾਂ ਵਿੱਚ ਜਮੀਨਾਂ ਦੇ ਭਾਅ ਅਸਮਾਨ ਛੂਹਣ ਲੱਗੇ ਹਨ। ਜਮੀਨ ਖਰੀਦਣ ਦੀ ਹੋੜ ਵਿੱਚ ਤਿਹੁਰਾ ਮਾਝਾ ਵਿੱਚ ਸਰਕਲ ਰੇਟ ਤੋਂ 1235 ਫੀਸਦੀ ਵੱਧ ਕੀਮਤ 'ਤੇ ਵੱਖ-ਵੱਖ ਤਾਰੀਖਾਂ ਵਿਚ ਜਮੀਨਾਂ ਦੀਆਂ ਦੋ ਰਜਿਸਟਰੀਆਂ ਹੋਈਆਂ। ਸਰਕਲ ਰੇਟ 11 ਲੱਖ ਰੁਪਏ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਇਸ ਦੀ ਕੀਮਤ 1 ਕਰੋੜ 99 ਲੱਖ ਰੁਪਏ ਸੀ। ਇਹ 6 ਕਰੋੜ 28 ਲੱਖ ਰੁਪਏ ਵਿੱਚ ਕੀਤਾ ਗਿਆ ਸੀ। ਜਿਸ ਖੇਤਰ 'ਚ ਸਰਕਲ ਰੇਟ 2 ਫੀਸਦੀ ਵਧਾਉਣ ਦੀ ਤਜਵੀਜ ਰੱਖੀ ਗਈ ਹੈ, ਉਥੇ 16 ਪਿੰਡ ਅਜਿਹੇ ਹਨ, ਜਿਨ੍ਹਾਂ 'ਚ ਸ੍ਰੀ ਰਾਮ ਮੰਦਰ 'ਚ ਪ੍ਰਾਣ ਪੂਜਾ ਤੋਂ ਬਾਅਦ ਸਭ ਤੋਂ ਜ?ਿਆਦਾ ਖਰੀਦ-ਵੇਚ ਹੋਈ ਹੈ। ਵਾਹੀਯੋਗ ਜਮੀਨ ਲਈ 200 ਫੀਸਦੀ, ਵਪਾਰਕ ਜਮੀਨਾਂ ਲਈ 70 ਫੀਸਦੀ ਅਤੇ ਗੈਰ-ਖੇਤੀ ਵਾਲੀ ਜਮੀਨ ਲਈ 70 ਫੀਸਦੀ ਵਾਧੇ ਦੀ ਤਜਵੀਜ ਹੈ। ਮਾਝਾ ਤਿਹੁਰਾ ਵਿੱਚ ਸਰਕਲ ਰੇਟ ਤੋਂ 1200 ਫੀਸਦੀ ਤੋਂ ਵੱਧ ਕੀਮਤ 'ਤੇ ਵੇਚੀ ਜਮੀਨ ਦੀ ਜਾਣਕਾਰੀ ਪ੍ਰਸਤਾਵਿਤ ਸਰਕਲ ਰੇਟ ਦੇ ਹੋਮਵਰਕ ਤੋਂ ਮਿਲੀ ਹੈ। ਭਾਵੇਂ ਸਬ ਰਜਿਸਟਰਾਰ ਦਫਤਰ ਨੇ ਮਾਝਾ ਲਿਹਾਜ ਵਿਚ ਮੂੰਹ ਮੰਗੀ ਕੀਮਤ 'ਤੇ ਜਮੀਨ ਖਰੀਦਣ ਵਾਲੇ ਵਿਅਕਤੀ ਦਾ ਨਾਂ ਨਹੀਂ ਦੱਸਿਆ ਪਰ ਮੰਨਿਆ ਕਿ ਪ੍ਰਸਤਾਵਿਤ ਸਰਕਲ ਰੇਟ ਵਿੱਚ ਵਾਧਾ ਹੋਵੇਗਾ। ਇਸ ਜਾਣਕਾਰੀ ਨੇ ਹੈਰਾਨ ਕਰ ਦਿੱਤਾ। ਮੇਰਾ ਮਹਿਲ ਅਯੁੱਧਿਆ ਦੇ ਨਾਲ ਲੱਗਦਾ ਹੈ। ਉਥੇ ਜਮੀਨ ਸਰਕਲ ਰੇਟ ਤੋਂ 41 ਫੀਸਦੀ ਤੋਂ ਵੱਧ ਤੋਂ ਵੱਧ 1235 ਫੀਸਦੀ ਵੱਧ ਕੀਮਤ 'ਤੇ ਖਰੀਦੀ ਗਈ ਸੀ।

# ਜਲੰਧਰ ਦੀ ਮਸ਼ਹੂਰ ਟਰੈਵਲ ਏਜੰਸੀ ਦੇ ਮਾਲਕ 'ਤੇ ਲੱਗੇ ਜਬਰ ਜਨਾਹ ਦੇ ਦੋਸ਼

**ਏਜੰਸੀਆਂ**

ਜਲੰਧਰ 3 ਸਤੰਬਰ। ਜਲੰਧਰ 'ਚ ਨਾਮੀ ਟਰੈਵਲ ਏਜੰਟ ਆਰਐੱਸ ਗਲੋਬਲ ਦੇ ਮਾਲਕ ਸੁਖਚੈਨ ਸਿੰਘ ਰਾਹੀ 'ਤੇ 24 ਸਾਲਾ ਲੜਕੀ ਨੂੰ ਹੋਟਲ 'ਚ ਲਿਜਾ ਕੇ ਉਸ ਨਾਲ ਜਬਰ ਜਨਾਹ ਕਰਨ ਦੇ ਦੋਸ਼ ਲੱਗੇ ਹਨ। ਇਸ ਸਬੰਧੀ ਥਾਣਾ ਨਵੀ ਬਾਰਾਦਰੀ ਦੀ ਪੁਲਸ ਨੇ ਮੁਲਜਮ ਸੁਖਚੈਨ ਸਿੰਘ ਰਾਹੀ ਖ?ਿਲਾਫ ਜਬਰ ਜਨਾਹ ਦਾ ਪਰਚਾ ਦਰਜ ਕਰ ਲਿਆ ਹੈ। ਪੀੜਤਾ ਦਾ ਮੈਡੀਕਲ ਕਰਵਾਇਆ ਗਿਆ ਹੈ। ਪੁਲਸ ਨੇ ਇਸ ਮਾਮਲੇ 'ਚ ਇੱਕ ਸੁਸਾਈਡ ਨੋਟ ਵੀ ਬਰਾਮਦ ਕੀਤਾ ਹੈ। ਫਿਲਹਾਲ ਲੜਕੀ ਦਾ ਇਲਾਜ ਚੱਲ ਰਿਹਾ ਹੈ। ਸੁਸਾਈਡ ਨੋਟ ਵਿੱਚ ਲੜਕੀ ਨੇ ਸੁਖਚੈਨ ਸਿੰਘ ਰਾਹੀ ਦਾ ਨਾਮ ਅਤੇ ਉਸ ਦੀ ਕੰਪਨੀ ਦਾ ਨਾਮ ਵੀ ਲਿਖਿਆ ਹੈ। ਮੁਲਜਮ ਨੇ ਕੈਨੇਡਾ ਭੇਜਣ ਦੇ ਬਹਾਨੇ ਉਸ ਨਾਲ ਅਜਿਹਾ ਕੀਤਾ। ਪੁਲਸ ਨੇ ਕਾਨੂੰਨੀ ਰਾਏ ਲੈ ਕੇ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੇ ਲੜਕੀ ਕੋਲੋਂ ਸੁਸਾਈਡ ਨੋਟ ਬਰਾਮਦ ਕੀਤਾ ਹੈ। ਜਿਸ ਦੀ ਜਾਂਚ ਕੀਤੀ ਜਾ ਰਹੀ ਹੈ। ਖੁਦਕੁਸੀ ਨੋਟ 'ਚ ਪੀੜਤਾ ਨੇ ਲਿਖਿਆ ਹੈ ਕਿ ਉਹ ਜਲੰਧਰ ਦੇ ਗੜ੍ਹਾ ਰੋਡ 'ਤੇ ਸਥਿਤ ਪੀਜੀ ਵਿਚ ਰਹਿੰਦੀ ਹੈ। ਉਸ ਨੇ ਬੀਤੀ 20 ਅਗਸਤ ਨੂੰ ਇੰਡੋ ਕੈਨੇਡੀਅਨ ਦੇ ਨਾਲ ਲੱਗਦੀ ਗਲੀ ਵਿੱਚ ਸਥਿਤ ਵੱਡੀ ਆਰਐੱਸ ਗਲੋਬਲ ਟਰੈਵਲ ਏਜੰਸੀ ਦੇ ਦਫਤਰ ਵਿੱਚ ਫੋਨ ਕੀਤਾ ਸੀ। ਉਸ ਨੇ ਕੰਪਨੀ ਦੀ ਕਰਮਚਾਰੀ ਪੱਲਵੀ ਨਾਲ ਫੋਨ 'ਤੇ ਗੱਲ ਕੀਤੀ ਸੀ। ਉਸ ਨੂੰ ਅਗਲੇ ਦਿਨ ਯਾਨੀ 21 ਅਗਸਤ ਨੂੰ ਦਫਤਰ ਆਉਣ ਲਈ ਕਿਹਾ। ਜਿੱਥੇ



ਉਸ ਦੀ ਮੀਟਿੰਗ ਸੁਖਚੈਨ ਸਿੰਘ ਰਾਹੀ ਨਾਮਕ ਟਰੈਵਲ ਏਜੰਸੀ ਦੇ ਮਾਲਕ ਨਾਲ ਕਰਵਾਈ ਗਈ, ਜੋ ਕੰਪਨੀ ਦਾ ਮਾਲਕ ਹੋਣ ਦਾ ਦਾਅਵਾ ਕਰਦਾ ਸੀ। ਮੁਲਜਮ ਨੇ ਪੀੜਤਾ ਦਾ ਨੰਬਰ ਲੈ ਲਿਆ। ਲੜਕੀ ਨੇ ਉਸ ਨੂੰ ਸਿੰਗਾਪੁਰ ਜਾਣ ਬਾਰੇ ਦੱਸਿਆ ਸੀ। ਪਰ ਰਾਹੀ ਨੇ ਉਸ ਨੂੰ ਵਰਕ ਪਰਮਿਟ 'ਤੇ ਕੈਨੇਡਾ ਭੇਜਣ ਦੀ ਗੱਲ ਆਖੀ। ਜਿਸ ਵਿੱਚ ਉਸਦਾ ਖਰਚਾ ਵੀ ਘੱਟ ਹੋਵੇਗਾ। ਪੀੜਤ ਨੇ ਆਪਣੇ ਸਾਰੇ ਦਸਤਾਵੇਜ ਉਕਤ ਦੋਸੀ ਦੇ ਨੰਬਰ 'ਤੇ ਭੇਜ ਦਿੱਤੇ। ਜਿਸ ਤੋਂ ਬਾਅਦ ਦੋਸੀ ਨੇ ਪੀੜਤ ਲੜਕੀ ਨੂੰ ਬੱਸ ਸਟੈਂਡ ਤੋਂ ਅਦਾਲਤ ਨੂੰ ਜਾਂਦੇ ਰਸਤੇ 'ਚ ਹੋਟਲ 'ਚ ਬੁਲਾਇਆ। ਪੀੜਤਾ ਨੇ ਕਿਹਾ ਕਿ ਪਹਿਲਾਂ ਲੜਕੀ ਦੀ ਹੋਟਲ 'ਚ ਐਂਟਰੀ ਕੀਤੀ ਗਈ ਤੇ ਫਿਰ ਦੂਜੀ ਮੰਜ?ਿਲ 'ਤੇ ਇਕ ਕਮਰੇ 'ਚ ਲੈ ਗਿਆ। ਪੀੜਤਾ ਨੇ ਸੁਸਾਈਡ ਨੋਟ 'ਚ ਅੱਗੇ ਕਿਹਾ- ਉਸ ਨੇ ਕਮਰੇ 'ਚ ਕੋਲਡ ਡਰਿੰਕ ਪੀਤੀ, ਜਿਸ ਤੋਂ ਬਾਅਦ ਉਸ ਨੂੰ ਯਾਦ ਨਹੀਂ ਕਿ ਉਸ ਨਾਲ ਕੀ ਹੋਇਆ। ਪਰ ਮੈਨੂੰ ਯਕੀਨਨ ਪਤਾ ਲੱਗਾ ਕਿ ਮੇਰੇ ਨਾਲ ਦੋ ਵਾਰ ਗਲਤ ਕੰਮ ਹੋਇਆ ਹੈ। ਜਿਸ ਤੋਂ ਬਾਅਦ ਮੈਨੂੰ ਪੀਜੀ ਛੱਡ ਦਿੱਤਾ ਗਿਆ। ਪੀੜਤਾ ਨੇ ਸੁਸਾਈਡ ਨੋਟ 'ਚ ਅੱਗੇ ਲਿਖਿਆ ਕਿ ਹੁਣ ਮੈਨੂੰ ਲੱਗਾ ਹੈ ਕਿ ਮੈਂ ਕਿਤੇ ਵੀ ਮੂੰਹ ਦਿਖਾਉਣ ਦੇ ਲਾਇਕ ਨਹੀਂ ਰਹੀ। ਜਿਸ ਕਾਰਨ ਮੈਂ ਹੁਣ ਇਹ ਜ?ਿੰਦਗੀ ਜੀਣਾ ਨਹੀਂ ਚਾਹੁੰਦਾ। ਮੇਰੀ ਮੌਤ ਦਾ ਸਿਰਫ ਰਾਹੀ ਹੀ ਜਿੰਮੇਵਾਰ ਹੋਵੇਗਾ। ਮੇਰੀ ਬੇਨਤੀ ਹੈ ਕਿ ਰਾਹੀ ਨੂੰ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ। ਤਾਂ ਜੋ ਕਿਸੇ ਹੋਰ ਕੁੜੀ ਨਾਲ ਅਜਿਹਾ ਨਾ ਹੋਵੇ। ਕੁੜੀ ਨੇ ਸੁਸਾਈਡ ਨੋਟ ਦੇ ਹੇਠਾਂ ਆਪਣੇ ਦਸਤਖਤ ਵੀ ਕੀਤੇ ਹੋਏ ਸਨ।

## ਯੂਨੀਵਰਸਿਟੀ 'ਚ 19 ਸਾਲਾ ਵਿਦਿਆਰਥਣ ਦੀ ਸ਼ੱਕੀ ਹਾਲਾਤਾਂ 'ਚ ਮੌਤ

ਨੈਸ਼ਨਲ ਡੈਸਕ 3 ਸਤੰਬਰ। ਲਖਨਊ ਦੇ ਰਾਮ ਮਨੋਹਰ ਲੋਹੀਆ ਨੈਸਨਲ ਲਾਅ ਯੂਨੀਵਰਸਿਟੀ ਦੇ ਹੋਸਟਲ 'ਚੋਂ 19 ਸਾਲਾ ਵਿਦਿਆਰਥਣ ਅਨੀਕਾ ਰਸਤੋਗੀ ਦੀ ਲਾਸ ਬਰਾਮਦ ਹੋਈ ਹੈ। ਲੜਕੀ ਸੱਕੀ ਹਾਲਾਤਾਂ 'ਚ ਕਮਰੇ 'ਚ ਬੇਹੋਸੀ ਦੀ ਹਾਲਤ 'ਚ ਮਿਲੀ। ਉਹ ਐੱਲਐੱਲਬੀ ਤੀਜੇ ਸਾਲ ਦੀ ਵਿਦਿਆਰਥਣ ਸੀ। ਉਹ ਹੋਸਟਲ ਦੇ ਕਮਰੇ ਦੇ ਫਰਸ 'ਤੇ ਬੇਹੋਸੀ ਦੀ ਹਾਲਤ 'ਚ ਪਈ ਮਿਲੀ। ਅਨੀਕਾ ਆਈਪੀਐੱਸ ਸੰਤੋਸ ਰਸਤੋਗੀ ਦੀ ਧੀ ਸੀ, ਜੋ ਇਸ ਸਮੇਂ ਦਿੱਲੀ ਵਿੱਚ ਐੱਨਆਈਏ (ਰਾਸਟਰੀ ਜਾਂਚ ਏਜੰਸੀ) ਵਿੱਚ ਆਈਜੀ ਵਜੋਂ ਕੰਮ ਕਰ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਅਨੀਕਾ ਰਾਤ ਨੂੰ ਆਪਣੇ ਕਮਰੇ 'ਚ ਗਈ ਸੀ, ਜਿਸ ਤੋਂ ਬਾਅਦ ਉਸ ਨੇ



ਦਰਵਾਜਾ ਨਹੀਂ ਖੋਲ੍ਹਿਆ। ਜਦੋਂ ਉਸ ਦੇ ਦੋਸਤਾਂ ਨੇ ਉਸ ਨੂੰ ਨਾ ਦੇਖਿਆ ਤਾਂ ਉਨ੍ਹਾਂ ਨੇ ਦਰਵਾਜਾ ਤੋੜਿਆ ਅਤੇ ਅਨੀਕਾ ਨੂੰ ਬੇਹੋਸੀ ਦੀ ਹਾਲਤ ਵਿਚ ਪਾਇਆ। ਦੋਸਤਾਂ ਨੇ ਦੱਸਿਆ ਕਿ ਅਨੀਕਾ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਨੇ ਦੱਸਿਆ ਕਿ ਮੌਤ ਦਾ ਕਾਰਨ ਅਜੇ ਸਪੱਸਟ ਨਹੀਂ ਹੋਇਆ ਹੈ। ਆਸ?ਿਆਨਾ ਪੁਲਸ ਨੇ ਲਾਸ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਅਤੇ ਪੋਸਟਮਾਰਟਮ ਦੀ ਰਿਪੋਰਟ 'ਚ ਹੀ ਅਨਿਕਾ ਦੀ ਮੌਤ ਦੇ ਕਾਰਨਾਂ ਦਾ ਪਤਾ ਲੱਗ ਸਕੇਗਾ। ਇਸ ਸੱਕੀ ਮੌਤ ਨੂੰ ਲੈ ਕੇ ਯੂਨੀਵਰਸਿਟੀ ਅਤੇ ਪੁਲਸ ਪ੍ਰਸਾਸਨ ਵਿੱਚ ਚਿੰਤਾ ਪੈਦਾ ਹੋ ਗਈ ਹੈ। ਪੁਲਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ ਅਤੇ ਅਨੀਕਾ ਦੇ ਪਰਿਵਾਰਕ ਮੈਂਬਰਾਂ ਨੂੰ ਘਟਨਾ ਦੀ ਸੂਚਨਾ ਦੇ ਦਿੱਤੀ ਗਈ ਹੈ। ਇਸ ਘਟਨਾ ਨੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਸਟਾਫ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਅਨਿਕਾ ਦੀ ਮੌਤ ਦਾ ਅਸਲ ਕਾਰਨ ਜਾਣਨ ਲਈ ਹਰ ਕੋਈ ਪੋਸਟ ਮਾਰਟਮ ਰਿਪੋਰਟ ਦਾ ਇੰਤਜਾਰ ਕਰ ਰਿਹਾ ਹੈ। ਪੁਲਸ ਅਤੇ ਸਬੰਧਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੋ ਵੀ ਸੱਚਾਈ ਸਾਹਮਣੇ ਆਵੇਗੀ ਉਸ ਨੂੰ ਅੱਗੇ ਸਾਂਝਾ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ।